ਵਿਗਿਆਨ ਜੋਤ

ਸਾਲ 6, ਅੰਕ : 6

ਦਸੰਬਰ-ਜਨਵਰੀ, 2011

PUNPUN/2006/17457

ਮੁੱਖ ਸੰਪਾਦਕ : **ਮੇਘ ਰਾਜ ਮਿੱਤਰ**
ਸੰਪਾਦਕ : **ਅਜਮੇਰ ਸਿੱਧੂ**
ਸਹਿ ਸੰਪਾਦਕ : **ਰਣਜੀਤ ਝਨੇਰ**
ਮੁੱਖ ਪ੍ਰਬੰਧਕ : **ਅਮਿੱਤ ਮਿੱਤਰ**

ਸੰਪਾਦਕੀ ਬੋਰਡ

* ਮੇਘ ਰਾਜ ਰੱਲਾ
* ਰਾਜਾ ਰਾਮ ਹੰਢਿਆਇਆ
* ਹਰਪਿੰਦਰ ਬਰਾੜ (ਕੈਨੇਡਾ)
* ਡਾ. ਹਰੀਸ਼ ਮਲਹੋਤਰਾ ਬਰਮਿੰਘਮ
* ਸੁਖਵੀਰ ਰੈਣਾ
* ਡਾ. ਗੁਰਵਿੰਦਰ ਸਿੰਘ ਐਮ. ਡੀ.
* ਡਾ. ਵਿਸ਼ਾਲ ਭਾਰਤੀ ਐਮ. ਡੀ.
* ਡਾ. ਪਵਿੱਤਰ ਅਮਰਗੜ੍ਹ

ਦਰ ਚੰਦਾ

ਸਲਾਨਾ ਚੰਦਾ	80/-
ਦੋ ਸਾਲਾਂ ਦਾ ਚੰਦਾ	150/-
ਵਿਦੇਸ਼ਾਂ ਲਈ ਸਲਾਨਾ ਚੰਦਾ	500/-
ਲਾਈਫ਼ ਮੈਂਬਰਸ਼ਿਪ	1000/-
ਵਿਦੇਸ਼ਾਂ 'ਚ ਲਾਈਫ਼ ਮੈਂਬਰਸ਼ਿਪ	5000/-

ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :-
ਅਮਿੱਤ ਮਿੱਤਰ
ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ,
ਗਲੀ ਨੰਬਰ 8, ਬਰਨਾਲਾ - 148101
(ਪੰਜਾਬ) ਫੋਨ : 01679-241744
Email : tarksheel@yahoo.com
Web site : www.tarksheel.com

ਨੋਟ : ਸਿੱਖਿਆ ਵਿਭਾਗ ਵੱਲੋਂ 'ਵਿਗਿਆਨ ਜੋਤ' ਸਕੂਲਾਂ ਲਈ ਪ੍ਰਵਾਨਿਤ ਹੈ

ਮੈਗਜ਼ੀਨ 'ਵਿਗਿਆਨ ਜੋਤ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਹੁਕਮ ਨੰ: 4/2-2003 ਮਿਤੀ 2-5-2003 ਐਡੀਟਰ ਪੰਜਾਬੀ ਰਾਹੀਂ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨਿਤ ਹੈ।

ਵਿਸ਼ੇਸ਼ ਨੋਟ : ਕਿਸੇ ਵੀ ਤਰ੍ਹਾਂ ਦਾ ਵਾਦ ਵਿਵਾਦ ਸਿਰਫ਼ ਬਰਨਾਲਾ ਦੀ ਅਦਾਲਤ ਵਿੱਚ ਨਜਿੱਠਿਆ ਜਾਏਗਾ।

ਸੰਪਾਦਕੀ

ਤਰਾਸੀ ਵਰ੍ਹਿਆਂ ਦੀ ਉਮਰ ਵਿੱਚ ਮੇਰੀ ਚਾਚੀ ਪਿਛਲੇ ਮਹੀਨੇ ਸਾਨੂੰ ਸਦੀਵੀਂ ਵਿਛੋੜਾ ਦੇ ਗਈ। ਦੋ ਅਕਤੂਬਰ ਨੂੰ ਅਸੀਂ ਉਸਦੀਆਂ ਆਖਰੀ ਰਸਮਾਂ ਅਦਾ ਕੀਤੀਆਂ। ਇਸ ਮੌਕੇ 'ਤੇ ਆਏ ਰਿਸ਼ਤੇਦਾਰਾਂ ਤੇ ਦੋਸਤਾਂ ਮਿੱਤਰਾਂ ਦਾ ਧੰਨਵਾਦ ਕਰਦਿਆਂ ਮੇਰੇ ਬੋਲਣ ਦਾ ਮੁਖ ਵਿਸ਼ਾ ਲੋਕਾਂ ਦੇ ਵਿਸ਼ਵਾਸਾਂ ਦਾ ਸੀ। ਮੇਰੇ ਖਿਆਲ ਅਨੁਸਾਰ ਧਰਤੀ ਤੇ ਦੋ ਕਿਸਮ ਦੇ ਲੋਕ ਹੀ ਵਿਚਰਦੇ ਹਨ। ਪਹਿਲੀ ਕਿਸਮ ਦੇ ਤੇ ਵੱਧ ਗਿਣਤੀ ਲੋਕ ਉਹ ਹਨ ਜੋ ਕਿਸੇ ਕਾਲਪਨਿਕ ਸਵਰਗ ਵਿੱਚ ਵਿਸ਼ਵਾਸ ਰੱਖਦੇ ਹਨ ਅਤੇ ਆਪਣੀ ਸਾਰੀ ਜ਼ਿੰਦਗੀ ਉਸ ਸਵਰਗ ਦੀ ਪ੍ਰਾਪਤੀ ਦੀ ਝਾਕ ਵਿੱਚ ਗੁਜਾਰ ਦਿੰਦੇ ਹਨ। ਦੂਸਰੀ ਕਿਸਮ ਦੇ ਲੋਕ ਉਹ ਹਨ ਜਿਹੜੇ ਧਰਤੀ 'ਤੇ ਹੀ ਸਵਰਗ ਦੀ ਉਸਾਰੀ ਕਰਨਾ ਚਾਹੁੰਦੇ ਹਨ। ਇਨ੍ਹਾਂ ਅਨੁਸਾਰ ਸਵਰਗ ਵਿੱਚ ਜਾਣਾ ਨਹੀਂ ਹੁੰਦਾ ਸਗੋਂ ਸਵਰਗ ਤਾਂ ਉਸਾਰਨਾ ਹੁੰਦਾ ਹੈ। ਇਨ੍ਹਾਂ ਦੋਹਾਂ ਕਿਸਮਾਂ ਦੇ ਲੋਕਾਂ ਵਿੱਚ ਸੋਚ ਦਾ ਵੱਡਾ ਅੰਤਰ ਹੋਣ ਕਾਰਨ ਹੋਰ ਬਹੁਤ ਵੱਡੇ ਫਰਕ ਪੈ ਜਾਂਦੇ ਹਨ। ਹੇਠਾਂ ਮੈਂ ਇਨ੍ਹਾਂ ਦੋਹਾਂ ਕਿਸਮ ਦੇ ਲੋਕਾਂ ਵਿੱਚ ਪਏ ਫਰਕਾਂ ਦਾ ਮੁਕਾਬਲਾ ਕਰ ਰਿਹਾ ਹਾਂ-

ਸਵਰਗਾਂ ਵਿੱਚ ਜਾਣ ਦੇ ਇਛੁੱਕ	ਸਵਰਗਾਂ ਦੀ ਧਰਤੀ 'ਤੇ ਹੀ ਉਸਾਰੀ ਦੇ ਇਛੁੱਕ
1. ਸਵੇਰੇ ਹੀ ਉਠਣ ਸਾਰ ਆਪਣੇ ਦੇਵਤੇ ਨੂੰ ਧਾਰਮਿਕ ਸਥਾਨ ਤੇ ਜਾ ਕੇ ਪੂਜਦੇ ਹਨ।	1. ਸਵੇਰੇ ਹੀ ਉੱਠਣ ਸਾਰ ਆਪਣੇ ਕੰਮ ਕਾਜ ਕਰਕੇ, ਧਰਨੇ, ਮੁਜ਼ਹਾਰੇ ਤੇ ਕਾਨਫਰੰਸ ਤੇ ਜਾਣ ਦੀ ਤਿਆਰੀ ਕਰਦੇ ਹਨ।
2. ਨਾਮ ਜਪਣਾ ਜਾਂ ਪਾਠ ਪੂਜਾ ਉਨ੍ਹਾਂ ਨੇ ਆਪਣੇ ਨਿੱਜੀ ਸੁਆਰਥ ਲਈ ਕਰਨਾ ਹੁੰਦਾ ਹੈ।	2. ਇਨ੍ਹਾਂ ਵਿਚੋਂ ਕੁਝ ਨੇ ਸਭ ਕੁਝ ਆਪਣੇ ਸੁਆਰਥ ਲਈ ਕਰਨਾ ਹੁੰਦਾ ਹੈ ਪਰ ਬਹੁਤ ਸਾਰੇ ਆਪਣੇ ਸਮੂਹ ਦੇ ਸੁਆਰਥ ਲਈ ਇਹ ਸਾਰਾ ਕੁਝ ਕਰਦੇ ਹਨ।
3. ਧੁੜ ਬੱਤੀ ਕਰਨਾ ਜਾਂ ਉਚੀ ਉਚੀ ਪਾਠ ਕਰਨਾ ਪ੍ਰਦੂਸ਼ਣ ਪੈਦਾ ਕਰਦਾ ਹੈ।	3. ਇਨ੍ਹਾਂ ਦੇ ਕਾਰਨ ਵੀ ਕਈ ਵਾਰ ਪ੍ਰਦੂਸ਼ਣ ਦਾ ਕਾਰਨ ਬਣਦੇ ਹਨ।
4. ਸਵਰਗਾਂ ਵਿੱਚ ਜਾਣ ਦੇ ਕਿਸੇ ਵਿਅਕਤੀ ਦੇ ਕੋਈ ਸਬੂਤ ਨਹੀਂ ਹਨ।	4. ਇਨ੍ਹਾਂ ਦੇ ਹਜ਼ਾਰਾਂ ਯਤਨਾਂ ਨਾਲ ਕਦੇ ਕਦਾਈ ਚੰਗੇ ਨਿਜ਼ਾਮ ਆ ਜਾਂਦੇ ਹਨ ਤੇ ਲੋਕ ਲਈ ਸਵਰਗ ਦੀ ਉਸਾਰੀ ਹੋ ਜਾਂਦੀ ਹੈ।
5. ਭਗਤੀ ਜਾਂ ਸਮਾਧੀ ਵਿੱਚ ਜ਼ਿਆਦਾ ਲੀਨ ਹੋਣ ਨਾਲ ਦਿਨੋਂ ਦਿਨ ਸੋਚਣ ਸ਼ਕਤੀ ਘੱਟਦੀ ਜਾਂਦੀ ਹੈ।	5. ਧਰਨਿਆਂ ਮੁਜ਼ਾਹਰਿਆਂ ਕਾਨਫਰੰਸਾਂ ਵਿੱਚ ਸਮੂਲੀਅਤ ਸੋਚਣ ਅਤੇ ਅਧਿਐਪਨ ਕਿਰਿਆਵਾਂ ਨੂੰ ਤੇਜ਼ ਕਰਦੀ ਹੈ।
6. ਆਪਣੇ ਹੀ ਧਰਮ ਤੇ ਜਾਤ ਪਾਤ ਵਾਲੇ ਲੋਕ ਚੰਗੇ ਲੱਗਣ ਲੱਗਦੇ ਹਨ ਤੇ ਦੂਸਰਿਆਂ ਪ੍ਰਤੀ ਨਫ਼ਰਤ ਅਤੇ ਭੇਦ ਭਾਵ ਵੱਧਣ ਲੱਗਦਾ ਹੈ।	6. ਸਮੁੱਚੀ ਮਾਨਵਤਾ ਚੰਗੀ ਲੱਗਣ ਲੱਗਦੀ ਹੈ ਅਤੇ ਸੋਚ ਵਿਸ਼ਾਲ ਹੁੰਦੀ ਜਾਂਦੀ ਹੈ।
7. ਪੁਰਾਣੀਆਂ ਇਲਾਜ ਪ੍ਰਣਾਲੀਆਂ ਵੱਲ ਰੁਚੀ ਵੱਧ ਜਾਂਦੀ ਹੈ। ਸਾਧਾਂ ਸੰਤਾਂ ਪ੍ਰਤੀ ਸ਼ਰਧਾ ਪੈਦਾ ਹੋ ਜਾਂਦੀ ਹੈ। ਬਿਮਾਰੀ ਦੀ ਹਾਲਤ ਵਿੱਚ ਜ਼ਿਆਦਾ ਵਿਸ਼ਵਾਸ ਆਪਣੇ ਦੇਵਤੇ 'ਤੇ ਹੋ ਜਾਂਦਾ ਹੈ। ਇਸ ਲਈ ਔਸਤ ਉਮਰ ਘੱਟ ਜਾਂਦੀ ਹੈ।	7. ਆਧੁਨਿਕ ਇਲਾਜ ਪ੍ਰਣਾਲੀ ਵਿੱਚ ਵਿਸ਼ਵਾਸ ਹੁੰਦਾ ਹੈ। ਬਿਮਾਰੀ ਦੀ ਹਾਲਤ ਵਿੱਚ ਵਧੀਆ ਤੋਂ ਵਧੀਆ ਸੰਭਵ ਇਲਾਜ ਤੇ ਨਿਰਭਰਤਾ ਰੱਖਦਾ ਹੈ। ਔਸਤ ਉਮਰ ਵਧਦੀ ਹੈ।
8. ਪਰਿਵਾਰਕ ਸਮੱਸਿਆਵਾਂ ਤੇ ਜ਼ਿੰਮੇਵਾਰੀਆਂ ਵਿੱਚ ਭਾਗਦਾਰੀ ਘੱਟਦੀ ਜਾਂਦੀ ਹੈ।	8. ਪਰਿਵਾਰਕ ਸਮੱਸਿਆਵਾਂ ਤੇ ਜ਼ਿੰਮੇਵਾਰੀਆਂ ਵਿੱਚ ਭਾਗਦਾਰੀ ਕਾਇਮ ਰਹਿੰਦੀ ਹੈ।
9. ਜ਼ਿੰਦਗੀ ਦੀ ਟੇਕ ਦਾ ਜ਼ਿਆਦਾ ਭਰੋਸਾ ਆਪਣੇ ਦੇਵਤੇ 'ਤੇ ਹੁੰਦਾ ਹੈ। ਇਸ ਲਈ ਯੋਜਨਾਬੰਦੀ ਨਹੀਂ ਕਰਦਾ।	9. ਜ਼ਿੰਦਗੀ ਸਵੈ ਵਿਸ਼ਵਾਸ ਨਾਲ ਬਤੀਤ ਕਰਦਾ ਹੈ ਅਤੇ ਹਰ ਕੰਮ ਯੋਜਨਾਬੰਦੀ ਢੰਗ ਨਾਲ ਨੇਪਰੇ ਚੜ੍ਹਦਾ ਹੈ।

- ਮੇਘ ਰਾਜ ਮਿੱਤਰ

ਮਨੁੱਖੀ ਵਿਕਾਸ ਤੇ ਪਰਵਾਸ ਦੀ ਕਹਾਣੀ

ਹਰ ਕੋਈ ਕਦੇ ਨਾ ਕਦੇ ਇਹ ਸੋਚਦਾ ਹੈ ਕਿ ਪਹਿਲਾ ਮਨੁੱਖ ਕਦੋਂ ਤੇ ਕਿਵੇਂ ਪੈਦਾ ਹੋਇਆ ਹੋਵੇਗਾ। ਆਮ ਕਰਕੇ ਤਾਂ ਅਜਿਹੇ ਸਵਾਲ ਦਾ ਜਵਾਬ ਧਾਰਮਿਕ ਕਿਤਾਬਾਂ ਜਾਂ ਪਰੰਪਰਾਵਾਂ ਅਨੁਸਾਰ ਹੀ ਦਿੱਤਾ ਜਾਂਦਾ ਹੈ। ਜ਼ਿਆਦਾਤਰ ਲੋਕੀਂ ਅਜਿਹੀਆਂ ਕਲਪਿਤ ਜਾਂ ਧਾਰਮਿਕ ਤੌਰ ਤੇ ਪਰਵਾਨ ਕੀਤੀਆਂ ਗੱਲਾਂ ਨੂੰ ਸੱਚ ਮੰਨ ਲੈਂਦੇ ਹਨ ਤੇ ਸੰਤੁਸ਼ਟ ਹੋ ਜਾਂਦੇ ਹਨ। ਆਮ ਧਾਰਮਿਕ ਫਲਸਫਿਆਂ ਅਨੁਸਾਰ ਤਾਂ ਇੱਕ ਅਦਿੱਖ ਸ਼ਕਤੀ 'ਰੱਬ' ਨੂੰ ਇਹ ਸਭ ਕੁੱਝ ਪੈਦਾ ਕਰਨ ਵਾਲ਼ਾ ਤੇ ਜੱਗ ਚਲਾਉਣ ਵਾਲ਼ਾ ਦੱਸਿਆ ਜਾਂਦਾ ਹੈ। ਕੋਈ ਇਸ ਨੂੰ ਪਰਮਾਤਮਾ, ਕੋਈ ਅੱਲਾ, ਕੋਈ ਗੌਡ, ਕੋਈ ਵਾਹਿਗੁਰੂ ਕਹਿੰਦਾ ਹੈ। ਬਹੁਤੀਆਂ ਧਾਰਮਿਕ ਕਿਤਾਬਾਂ 'ਚ ਇਸ 'ਰੱਬ' ਦੀ ਪਰਿਭਾਸ਼ਾ ਵੀ ਦਿੱਤੀ ਹੁੰਦੀ ਹੈ। ਜਿਵੇਂ ਸਿੱਖਾਂ ਦੇ ਧਾਰਮਿਕ ਆਦਿ ਗ੍ਰੰਥ 'ਚ ਇਹ ਇੱਕ ਅਦਿੱਖ ਸ਼ਕਤੀ ਹੈ ਜੋ ਸੱਚ ਹੈ (ਸਦੀਵੀ ਹੋਂਦ ਵਾਲ਼ਾ), ਕਰਨ ਵਾਲ਼ਾ, ਨਿਡਰ, ਬਿਨਾਂ ਵੈਰ-ਵਿਰੋਧ, ਸਮੇਂ ਤੋਂ ਬਾਹਰ ਤੇ ਆਪਣੇ ਆਪ ਤੋਂ ਹੀ ਉਪਜਿਆ ਹੋਇਆ ਹੈ। ਹਿੰਦੂ ਧਰਮ (ਸਨਾਤਨ) ਵਿੱਚ ਵੀ ਕੁੱਝ ਇੱਦਾਂ ਦੀ ਹੀ ਪਰਿਭਾਸ਼ਾ ਹੈ ਤੇ ਅਦਵੈਤ ਫਲਸਫਾ ਤਾਂ ਇੰਨ-ਬਿੰਨ ਇਹੀ ਕੁੱਝ ਕਹਿੰਦਾ ਹੈ, ਸਿਰਫ ਕਰਤਾ ਪੁਰਖ ਵਾਲ਼ਾ ਨੁਕਤਾ ਹੀ ਵੱਖਰਾ ਹੈ। ਧਾਰਮਿਕ ਫਲਸਫਿਆਂ ਦੇ ਇਹ ਕੁੱਝ ਨਮੂਨੇ ਹਨ, ਜੋ ਲੋਕਾਂ ਨੂੰ ਗੁੰਮਰਾਹ ਕਰਨ ਤੋਂ ਬਿਨਾਂ ਹੋਰ ਕੁੱਝ ਨਹੀਂ ਕਰਦੇ। ਇਸ ਸ਼ਕਤੀ ਦਾ ਸਬੂਤ ਕਿਸੇ ਵੀ ਧਰਮ ਨੇ ਬਿਲਕੁਲ ਹੀ ਨਹੀਂ ਦਿੱਤਾ। ਬੱਸ ਲੋਕਾਂ ਨੂੰ ਡਰਾ ਕੇ ਜ਼ਰੂਰ ਰੱਖਿਆ ਹੋਇਆ ਹੈ ਕਿ ਇਹ ਅਦਿੱਖ ਸ਼ਕਤੀ ਤੁਹਾਨੂੰ ਨੁਕਸਾਨ ਕਰ ਸਕਦੀ ਹੈ। ਫਲ਼ ਸਰੂਪ, ਇਨ੍ਹਾਂ ਧਾਰਮਿਕ ਜਥੇਬੰਦੀਆਂ ਦਾ ਧਰਮ-ਵਪਾਰ ਦਾ ਧੰਦਾ ਜ਼ੋਰਾਂ ਨਾਲ਼ ਚੱਲੀ ਜਾਂਦਾ ਹੈ। ਖੈਰ, ਇਹ ਇੱਕ ਵੱਖਰਾ ਵਿਸ਼ਾ ਹੈ।

ਮਨੁੱਖੀ ਪਰਵਾਸ ਦੀ ਜਾਣਕਾਰੀ ਬਹੁਤ ਪੱਖਾਂ ਤੋਂ ਜ਼ਰੂਰੀ ਹੈ। ਸਭ ਤੋਂ ਪਹਿਲੀ ਗੱਲ ਤਾਂ ਇਹੀ ਹੈ ਕਿ ਇਸ ਵਿਸ਼ੇ ਬਾਰੇ ਜੋ ਇਸ ਸਮੇਂ ਵਿਗਿਆਨੀ ਸੋਚ ਰਹੇ ਹਨ, ਉਹ ਆਮ ਪੰਜਾਬੀ ਪੜ੍ਹਨ ਵਾਲ਼ਿਆਂ ਨੂੰ ਨਹੀਂ ਪਤਾ। ਸਮੇਂ ਦੀ ਸਾਇੰਸ ਤੋਂ ਜਾਣੂੰ ਹੋਣਾ ਸਮੇਂ ਦੇ ਹਾਣ ਦਾ ਹੋਣ ਬਰਾਬਰ ਆਉਂਦਾ ਹੈ। ਦੂਜਾ ਇਹ ਕਿ ਪੰਜਾਬੀ ਦੇ ਲਿਖਾਰੀਆਂ ਨੂੰ ਆਪਣੀਆਂ ਕਿਰਤਾਂ 'ਚ ਖਾਸ ਕਰਕੇ ਇਤਿਹਾਸਕ ਨਾਵਲਾਂ ਬਗੈਰਾ 'ਚ ਅਜਿਹੀ ਜਾਣਕਾਰੀ ਕਈ ਵਾਰ ਵਰਤਣੀ ਪੈਂਦੀ ਹੈ ਤੇ ਜੇ ਠੀਕ ਪਤਾ ਹੋਊ ਤਾਹੀਂ ਉਹ ਠੀਕ ਲਿਖ ਸਕਣਗੇ। ਪੰਜਾਬੀ ਦੇ ਭਾਸ਼ਾ ਵਿਗਿਆਨੀਆਂ ਲਈ ਇਹ ਅਤਿਅੰਤ ਜ਼ਰੂਰੀ ਹੈ ਕਿ ਉਨ੍ਹਾਂ ਨੂੰ ਮਨੁੱਖ ਦੇ ਮੁਢਲੇ ਸਫਰ ਦੀ ਸਹੀ ਜਾਣਕਾਰੀ ਹੋਵੇ ਤਾਂ ਕਿ ਉਹ ਭਾਸ਼ਾ ਦਰਖਤ ਦਾ ਸੰਕਲਪ ਸਮਝ ਸਕਣ ਅਤੇ ਜੇ ਲੋੜ ਹੋਵੇ ਤਾਂ ਉਸ ਨੂੰ ਨਵੇਂ ਸਿਰਿਓਂ ਸਿਰਜ ਵੀ ਸਕਣ। ਅੰਗਰੇਜ਼ੀ ਵਾਲ਼ੇ ਕਈ ਭਾਸ਼ਾ ਵਿਗਿਆਨੀ ਅਜਿਹੀ ਖੋਜ ਕਰ ਰਹੇ ਹਨ ਜੋ ਮਨੁੱਖ ਦੇ ਪਸਾਰ ਦੀ ਕਹਾਣੀ ਦੀ ਹਾਮੀ ਭਰਦੇ ਦਿਖਾਈ ਦੇ ਰਹੇ ਹਨ। ਭਾਵੇਂ ਪੰਜਾਬੀ ਭਾਸ਼ਾ ਦੇ ਵਿਗਿਆਨੀ ਦੂਜੀਆਂ ਭਾਸ਼ਾਵਾਂ ਦੇ ਖੋਜ ਪੱਤਰ ਪੜ੍ਹਨ ਦੇ ਵੀ ਕਾਬਲ ਹੋਣਗੇ, ਪਰ ਮਾਤ-ਭਾਸ਼ਾ 'ਚ ਮਿਲਦੀ ਜਾਣਕਾਰੀ ਜ਼ਿਆਦਾ ਮਹੱਤਵਪੂਰਣ ਹੁੰਦੀ ਹੈ ਜੋ ਸਮਝਣੀ ਵੀ ਸੌਖੀ ਹੁੰਦੀ ਹੈ। ਵੈਸੇ ਇਹ ਜਾਣਕਾਰੀ ਸਭ ਤੋਂ ਜ਼ਰੂਰੀ ਇਸ ਲਈ ਹੈ ਕਿ ਸਾਡੇ ਪੰਜਾਬੀ ਮਾਧਿਅਮ 'ਚ ਪੜ੍ਹਨ ਵਾਲ਼ੇ ਸਕੂਲ, ਕਾਲਜ ਜਾਂ ਯੂਨੀਵਰਸਿਟੀ ਦੇ ਵਿਦਿਆਰਥੀਆਂ ਲਈ ਅਜਿਹੇ ਗਿਆਨ ਦੀ ਬਹੁਤ ਜ਼ਰੂਰਤ ਹੈ ਕਿਉਂਕਿ ਉਨ੍ਹਾਂ ਨੇ ਛੇਤੀ ਹੀ ਤੇਜ਼-ਤਰਾਰ ਦੁਨੀਆ 'ਚ ਦਾਖਲ ਹੋ ਕੇ ਆਪਣੀ ਥਾਂ ਬਣਾਉਣੀ ਹੈ। ਆਮ ਲੋਕਾਂ ਨੂੰ ਇਸ ਵਿਸ਼ੇ ਬਾਰੇ ਸਿਰੇ ਦੀ ਖੋਜ ਦਾ ਜੇ ਪਤਾ ਹੋਵੇ ਤਾਂ ਆਪਣੇ ਭਾਈਚਾਰੇ ਦਾ ਅਕਸ ਵੀ ਚੰਗਾ ਬਣੂਗਾ ਤੇ ਰਹੂਗਾ।



ਇਨ੍ਹਾਂ ਸਭ ਚੀਜ਼ਾਂ ਨੂੰ ਮੱਖ ਰੱਖ ਕੇ ਮੈਂ ਇਹ ਪਰਚਾ ਲਿਖ ਰਿਹਾ ਹਾਂ ਤੇ ਉਮੀਦ ਕਰਦਾ ਹਾਂ ਕਿ ਇਸ ਨੂੰ ਇਸ ਪੱਖੋਂ ਮੇਰੀ ਮੁਢਲੀ ਕੋਸ਼ਿਸ਼ ਮੰਨ ਕੇ ਬਾਕੀ ਮਾਹਰ ਇਸ ਤੋਂ ਅੱਗੇ ਚੱਲਣਗੇ। ਜੇ ਇਸ ਵਿੱਚ ਕੋਈ ਖਾਮੀ ਰਹਿ ਗਈ ਹੋਵੇ ਤਾਂ ਵੀ ਇਸ ਵਿਸ਼ੇ ਦੇ ਮਾਹਰਾਂ ਦਾ ਇਹ ਫ਼ਰਜ਼ ਬਣਦਾ ਹੈ ਕਿ ਠੀਕ ਜਾਣਕਾਰੀ ਲੋਕਾਂ ਸਾਹਮਣੇ ਲਿਆਉਣ। ਮੈਂ ਆਪਣੇ ਵਿੱਤ ਮੁਤਾਬਿਕ ਪਾਠਕਾਂ ਦੇ ਜਵਾਬ ਦਿੰਦਾ ਰਹਾਂਗਾ। ਮਨੁੱਖ ਦਾ ਵਿਕਾਸ ਕਦੋਂ ਤੇ ਕਿੱਥੇ ਹੋਇਆ ਬਾਰੇ ਵੀ ਜਾਣਕਾਰੀ ਦੀ ਜ਼ਰੂਰਤ ਹੈ। ਆਦਿ ਮਨੁੱਖ ਦੇ ਅਫਰੀਕਾ 'ਚ ਪੈਦਾ ਹੋਣ ਦੀ ਗੱਲ ਬਾਰੇ ਤਕਰੀਬਨ ਸਭ ਸਾਇੰਸਦਾਨਾਂ ਦੀ ਸਹਿਮਤੀ ਹੈ, ਪਰ ਕਦੋਂ ਬਾਰੇ ਅਜੇ ਕੁੱਝ ਵੱਖਰੇ ਵੱਖਰੇ ਵਿਚਾਰ ਚੱਲ ਰਹੇ ਹਨ। ਇਨ੍ਹਾਂ ਵਖਰੇਵਿਆਂ ਦੇ ਕਾਰਨ ਵੀ ਹਨ, ਪਰ ਸਾਇੰਸਦਾਨ ਲਗਾਤਾਰ ਇਨ੍ਹਾਂ ਮੁੱਦਿਆਂ ਤੇ ਕੰਮ ਕਰ ਰਹੇ ਹਨ ਤੇ ਛੇਤੀ ਹੀ ਅਜਿਹੇ ਮਸਲੇ ਵੀ ਨਜਿੱਠ ਲਏ ਜਾਣਗੇ।

ਮਨੁੱਖ ਦੇ ਵਣਮਾਹਣੂੰਆਂ ਦੇ ਰਿਸ਼ਤੇਦਾਰ ਹੋਣ ਦੀ ਗੱਲ ਪਹਿਲਾਂ ਕਰਮ-ਵਿਕਾਸ ਵਿਧੀ ਦੇ 'ਕੁਦਰਤੀ ਚੋਣ' ਦਾ ਸਿਧਾਂਤ ਦੇਣ ਵਾਲ਼ੇ ਚਾਰਲਜ਼ ਡਾਰਵਿਨ ਨੇ 1871 'ਚ ਕੀਤੀ ਸੀ। ਓਦੋਂ ਅਜੇ ਫੌਸਿਲਾਂ ਤੇ ਜੀਨਾਂ ਵਾਲ਼ੇ ਸਬੂਤਾਂ ਦੀ ਕੋਈ ਉੱਘ-ਸੁੱਘ ਵੀ ਨਹੀਂ ਸੀ। ਪਰ ਡਾਰਵਿਨ ਦੀ ਨਜ਼ਰ ਦੀ ਦਾਦ ਦੇਣੀ ਬਣਦੀ ਹੈ ਕਿ ਉਸ ਨੇ ਮਨੁੱਖੀ ਐਂਬਰੀਓ (ਭਰੂਣ) ਦੀ ਬਣਤਰ ਦੀ ਕੁੱਤੇ ਤੇ ਹੋਰ ਜਾਨਵਰਾਂ ਦੀ ਭਰੂਣ-ਬਣਤਰ ਨਾਲ਼ ਮਿਲਣ, ਖੋਪਰੀ ਦੀ ਬਣਤਰ, ਲੱਤਾਂ-ਬਾਹਾਂ ਤੇ ਸਾਰੇ ਢਾਂਚੇ ਦੀ ਬਣਤਰ ਦੇ ਬਾਕੀ ਜਾਨਵਰਾਂ ਨਾਲ਼ ਮਿਲਣ ਆਦਿ ਦੇ ਸਬੂਤਾਂ ਦੇ ਅਧਾਰ ਤੇ ਹੀ ਇਹ ਗੱਲ ਸਾਬਤ ਕਰ ਦਿੱਤੀ ਸੀ ਕਿ ਮਨੁੱਖ ਤੇ ਬਾਕੀ ਥਣਧਾਰੀ ਜਾਨਵਰ (ਬਾਂਦਰ, ਚਿੰਪੈਂਜ਼ੀਆਂ ਸਣੇ) ਰਿਸ਼ਤੇਦਾਰ ਹਨ। ਜਾਣੀ ਕਿ ਸਾਡਾ ਸਾਰਿਆਂ ਦਾ ਸਾਂਝਾ ਪਿਛੋਕੜ ਹੈ ਜਾਂ ਕਹਿ ਲਓ ਕਿ ਸਾਡੇ ਪੁਰਖੇ ਇੱਕੋ ਹੀ ਸਨ। ਡਾਰਵਿਨ ਦੀ ਇਸ ਕਿਤਾਬ ਦਾ ਨਾਂ ਸੀ, ਮਨੁੱਖ ਦੀ ਉਤਪਤੀ ਦੀ ਪੈਦਾਇਸ਼ (ਡਿਸੈਂਟ ਆਫ਼ ਮੈਨ)। ਡਾਰਵਿਨ (1871, ਜਨਰਲ ਸਮਰੀ ਐਂਡ ਕਨਕਲੂਜ਼ਨ) ਮੁਤਾਬਿਕ "ਜੋ ਵੀ ਆਪਣੇ ਆਪ ਨੂੰ ਜਾਂਗਲ਼ੀ ਨਹੀਂ ਸਮਝਦਾ ਉਹ ਇਹ ਨਹੀਂ ਸੋਚ ਸਕਦਾ ਕਿ ਸਾਡੀ ਪੈਦਾਇਸ਼ ਬਾਕੀ ਜਾਨਵਰਾਂ ਨਾਲ਼ੋਂ ਵੱਖਰੀ ਹੋਈ ਹੋਵੇਗੀ।" ਉਸ ਮੁਤਾਬਿਕ ਇੰਨਾ ਕੁ ਕੁੱਝ ਸਾਬਤ ਕਰਨ ਲਈ ਓਦੋਂ ਪੇਸ਼ ਕੀਤੇ ਸਬੂਤ ਕਾਫ਼ੀ ਸਨ। ਅੱਜ-ਕੱਲ੍ਹ ਤਾਂ ਸਾਡੇ ਕੋਲ਼ ਹਜ਼ਾਰਾਂ ਹੋਰ ਸਬੂਤ ਵੀ ਹਨ।

ਮਨੁੱਖ ਦਾ ਵਿਕਾਸ

ਮਨੁੱਖ ਦੇ ਵਿਕਾਸ ਦੀ ਪੂਰੀ ਕਹਾਣੀ ਤਾਂ ਆਪਣੀ ਧਰਤੀ ਤੇ ਸਾਰੇ ਜੀਵਾਂ ਦੇ ਵਿਕਾਸ ਦੀ ਕਹਾਣੀ ਦਾ ਇੱਕ ਹਿੱਸਾ ਹੀ ਹੈ ਜੋ ਸਾਢੇ ਤਿੰਨ ਅਰਬ ਸਾਲ ਪੁਰਾਣੀ ਹੈ। ਸਾਡੀ ਧਰਤੀ ਕੁੱਲ ਸਾਢੇ ਚਾਰ ਅਰਬ ਸਾਲ ਪੁਰਾਣੀ ਹੈ। ਇੱਕ

ਜਸਵਿੰਦਰ ਸੰਧੂ
ਬਰੈਂਪਟਨ (ਕਨੇਡਾ)
jaswindersandhu
@rogers.com

ਅਰਬ ਸਾਲ 'ਚ ਇਹ ਇੰਨੀ ਕੁ ਠੰਢੀ ਹੋਈ ਸੀ ਕਿ ਇਸ ਤੇ ਜ਼ਿੰਦਗੀ ਹੋਂਦ 'ਚ ਆ ਸਕੇ। ਮਨੁੱਖੀ ਜੀਨਸ (ਹੋਮੋ) ਦਾ ਪੂਰਵਜ ਅਸਟਰੈਲੋਪਿਥੈੱਕਸ ਨਾਲੋਂ ਵਖਰੇਵਾਂ 23-24 ਲੱਖ (2.3 -2.4 ਮਿਲੀਅਨ) ਸਾਲ ਪਹਿਲਾਂ ਅਫਰੀਕਾ ਵਿੱਚ ਹੋਇਆ ਸੀ। ਚਿੰਪੈਂਜ਼ੀ-ਵਣਮਾਹਣੂੰਆਂ ਨਾਲ਼ੋਂ ਇਨ੍ਹਾਂ ਦੇ ਵਡਾਰੂ 50-70 ਲੱਖ ਸਾਲ ਪਹਿਲਾਂ ਵੱਖ ਹੋਏ ਸਨ। ਹੋਮੋ ਜੀਨਸ ਦੀਆ ਕਈ ਜਾਤੀਆਂ ਜਿਵੇਂ ਕਿ ਹੋਮੋ ਇਰੈੱਕਟਸ, ਹੋ. ਨਿਐਂਡਰਥਲੈਂਸਿਸ, ਹੋ. ਹੈਬਿਲਿਸ, ... ਖਤਮ ਹੋ ਚੁੱਕੀਆਂ ਹਨ। ਇਸ ਜੀਨਸ ਦੀ ਸਿਰਫ ਸਾਡੀ ਸਪੀਸੀ ਹੋਮੋ ਸੇਪੀਅਨਜ਼ ਹੀ ਇਸ ਵਕਤ ਜ਼ਿੰਦਾ ਹੈ। ਇਹ ਮਨੁੱਖ ਦਾ ਸਾਇੰਸ ਵਾਲ਼ਾ ਨਾਂ ਹੈ ਜੋ ਸਾਰੀ ਦੁਨੀਆ ਦੇ ਸਾਇੰਸਦਾਨ ਸਮਝਦੇ ਹਨ। ਹੋਮੋ ਦਾ ਮਤਲਬ ਇਨਸਾਨ ਬਣਦਾ ਹੈ। ਇਹ ਸ਼ਬਦ ਲਾਤੀਨੀ ਭਾਸ਼ਾ ਦੇ ਅਧਾਰ ਤੋਂ ਆਇਆ ਹੈ ਤੇ ਸੇਪੀਅਨਜ਼ ਤੋਂ ਭਾਵ ਬਣਦਾ ਹੈ ਸਿਆਣਾ ਜਾਣੀ ਕਿ ਉਹ ਮਨੁੱਖ ਜੋ ਸਿਆਣਾ ਹੈ। ਇਸੇ ਤਰਾਂ ਹੋਮੋ ਇਰੈੱਕਟਸ ਦਾ ਮਤਲਬ ਸਿੱਧਾ-ਮਨੁੱਖ ਬਣਦਾ ਹੈ ਕਿਉਂਕਿ ਇਹ ਮਨੁੱਖੀ ਜਾਤੀ ਪਹਿਲੀ ਸੀ ਜੋ ਸਿੱਧੀ ਜਾਣੀ ਕਿ ਦੋ ਪੈਰਾਂ ਤੇ ਤੁਰਨ ਲੱਗੀ ਸੀ।

ਡਾਇਨੋਸਾਰਾਂ ਦੇ ਖਤਮ ਹੋਣ ਵੇਲ਼ੇ ਜਾਂ ਕਹਿ ਲਓ ਕਿ 14.5 ਕਰੋੜ ਤੋਂ 6.5 ਕਰੋੜ (145 - 65 ਮਿਲੀਅਨ) ਸਾਲ ਪਹਿਲਾਂ ਥਣਧਾਰੀ ਜਾਨਵਰਾਂ (ਮੈਮਲਜ਼) ਦਾ ਜਨਮ ਹੋਇਆ (ਵਿਬਲ ਤੇ ਸਾਥੀ, 2007)। ਡਾਇਨੋਸਾਰਾਂ ਦੇ ਖਾਤਮੇ ਲਈ ਸਭ ਤੋਂ ਤਕੜਾ ਸਬੂਤ ਤਾਂ ਇੱਕ ਵੱਡੇ ਉਲਕਾਪਾਤੀ ਪੱਥਰ ਦਾ ਧਰਤੀ ਨਾਲ ਟਕਰਾਉਣਾ (ਮੈਕਸੀਕੋ ਖਾੜੀ ਖੇਤਰ 'ਚ) ਅਤੇ ਧਰਤੀ ਦਾ ਕਈ ਸਾਲਾਂ ਤੱਕ ਧੂੜ ਨਾਲ਼ ਢਕੇ ਰਹਿਣਾ ਦੱਸਿਆ ਜਾਂਦਾ ਹੈ ਜਿਸ ਨੇ ਦਿਓ ਕੱਦੇ ਡਾਇਨੋਸਾਰਾਂ ਦੀ ਖੁਰਾਕ ਮੁਕਾ ਦਿੱਤੀ ਅਤੇ ਵਿਚਾਰੇ ਡਾਇਨੋਸਾਰ ਸਦਾ ਲਈ ਅਲੋਪ ਹੋ ਗਏ। ਇੱਕ ਵਿਚਾਰ ਇਹ ਵੀ ਹੈ ਕਿ ਕੁੱਝ ਥਣਧਾਰੀ ਜਾਨਵਰ ਡਾਇਨੋਸਾਰਾਂ ਦੇ ਆਂਡੇ ਖਾਣ ਵਾਲ਼ੇ ਪੈਦਾ ਹੋ ਗਏ। ਉਨ੍ਹਾਂ ਨੇ ਵੀ ਡਾਇਨੋਸਾਰਾਂ ਦੇ ਧਰਤੀ ਤੋਂ ਖਾਤਮੇ 'ਚ ਵੱਡਾ ਹਿੱਸਾ ਪਾਇਆ ਹੋ ਸਕਦਾ ਹੈ। ਇਸ ਤਰਾਂ 30 ਮਿਲੀਅਨ (3 ਕਰੋੜ) ਸਾਲ ਪਹਿਲਾਂ ਇਨ੍ਹਾਂ ਥਣਧਾਰੀਆਂ ਵਿੱਚੋਂ ਹੀ ਪਰਾਈਮੇਟਾਂ (ਮਨੁੱਖ, ਬਾਂਦਰਾਂ, ਚਿੰਪੈਂਜ਼ੀ ਤੇ ਬੈਬੂਨਾਂ ਵਾਲ਼ਾ ਗਰੁੱਪ) ਦਾ ਜਨਮ ਹੋਇਆ।

ਕੋਈ 3.3 ਕਰੋੜ (33 ਮਿਲੀਅਨ) ਸਾਲ ਪਹਿਲਾਂ ਬਾਂਦਰਾਂ ਦੀ ਪੈਦਾਇਸ਼ ਹੋਈ। ਕੁੱਝ ਸਮਾਂ ਬਾਅਦ 2.3 ਕਰੋੜ ਸਾਲ ਪਹਿਲਾਂ ਫਿਰ ਪੂਛ ਰਹਿਤ ਬਾਂਦਰ ਜਾਂ ਕਹਿ ਲਓ ਕਿ ਏਪ ਪੈਦਾ ਹੋਏ ਜੋ ਕਦੇ ਕਦੇ ਆਪਣੀ ਪਿਛਲੀਆਂ ਲੱਤਾਂ ਦੇ ਸਹਾਰੇ ਖੜੇ ਹੋ ਜਾਂਦੇ ਸਨ ਤੇ ਆਪਣੇ ਮੂਹਰਲੇ ਅੰਗਾਂ ਜਾਂ ਬਾਹਾਂ-ਹੱਥਾਂ ਨਾਲ਼ ਆਪਣੀ ਖੁਰਾਕ ਆਦਿ ਕੱਠੀ ਕਰ ਸਕਦੇ ਤੇ ਖਾ ਸਕਦੇ ਸਨ। ਫਿਰ ਇਸ ਤਰਾਂ ਮਨੁੱਖੀ ਸ਼ਕਲ ਦੇ ਨੇੜੇ ਤੇੜੇ ਵਾਲ਼ੇ ਜੀਵ ਪੈਦਾ ਹੋਏ ਜੋ ਸਾਡੇ ਪੁਰਖਿਆਂ ਦੇ ਪੁਰਖੇ ਬਣੇ। ਛੋਟੀਆਂ ਮੋਟੀਆਂ ਕਈ ਗੱਲਾਂ ਨੂੰ ਛੱਡ ਕੇ ਜ਼ਿਆਦਾਤਰ ਵਿਗਿਆਨੀ ਮਨੁੱਖ ਦੇ ਅਫਰੀਕਾ 'ਚ ਪੈਦਾ ਹੋ ਕੇ ਬਾਕੀ ਦੁਨੀਆਂ 'ਚ ਪਸਾਰੇ ਨੂੰ ਠੀਕ ਸਮਝਦੇ ਹਨ। ਇਨ੍ਹਾਂ ਚੀਜ਼ਾਂ ਦੇ ਵਿਸਥਾਰ ਲਈ ਤੁਸੀਂ ਇਸ ਲੇਖ ਦੇ ਅਖੀਰ 'ਚ ਦਿੱਤੇ ਹਵਾਲਿਆਂ ਵਾਲ਼ੇ ਲੇਖ ਪੜ੍ਹ ਲੈਣਾ।

ਦਿਸਦੇ ਵਖਰੇਵੇਂ

ਅਫਰੀਕਣ ਕਾਲ਼ੇ ਲੋਕ, ਯੂਰਪੀਅਨ ਗੋਰੇ, ਚੀਨੀ ਜਾਂ ਮੌਂਗੋਲ ਕਿਸਮ, ਭਾਰਤੀ ਉੱਪਮਹਾਂਦੀਪ ਵਾਲ਼ੇ ਮਧਰੰਗੇ ਲੋਕ, ਅਤੇ ਅਮਰੀਕਣ ਜਾਂ ਅਸਟਰੇਲੀਅਨ ਆਦਿਵਾਸੀ ਦੇਖਿਆਂ ਪਛਾਣ 'ਚ ਆ ਸਕਦੇ ਹਨ। ਕਿਉਂਕਿ ਇਹ ਆਪਸ ਵਿੱਚ ਮਿਲਦੇ, ਵਿਆਹ ਰਚਾਉਂਦੇ ਤੇ ਬੱਚੇ ਵੀ ਪੈਦਾ ਕਰ ਸਕਦੇ/ਕਰਦੇ ਹਨ ਇਸ ਲਈ ਇਨ੍ਹਾਂ ਦੀਆਂ ਮਿਲੀਆਂ ਜੁਲੀਆਂ ਕਿਸਮਾਂ ਵੀ ਹੋਂਦ 'ਚ ਆਈਆਂ ਹੋਈਆਂ ਹਨ। ਜੇ ਸਾਢੇ ਛੇ ਅਰਬ ਲੋਕਾਂ ਨੂੰ ਰੰਗ ਤੇ ਪਛਾਣ ਚਿੰਨਾਂ ਮੁਤਾਬਿਕ ਇੱਕ ਲਾਈਨ 'ਚ ਖੜ੍ਹਾ ਕੀਤਾ ਜਾਵੇ ਤਾਂ ਇੱਕ ਲਾਗਤਾਰਤਾ ਦਾ ਅਹਿਸਾਸ ਹੋਵੇਗਾ। ਦੂਜੇ ਸ਼ਬਦਾਂ 'ਚ ਥੋੜ੍ਹੇ ਫਰਕਾਂ ਵਾਲ਼ੇ ਲੋਕ ਵੀ ਹਨ ਤੇ ਬਹੁਤਿਆਂ ਵਾਲ਼ੇ ਵੀ, ਪਰ ਸਪੀਸੀ ਜਾਂ ਜਾਤੀ ਸਭ ਦੀ ਇੱਕੋ ਹੈ, ਉਹ ਹੈ: ਹੋਮੋ ਸੇਪੀਅਨਜ਼ ਸੇਪੀਅਨਜ਼।

ਆਪਣੇ ਇੱਕ ਜੀਨ A326G (rs642742) 'ਚ ਆਏ ਬਦਲਾਅ ਕਾਰਨ ਸਾਡੀ ਚਮੜੀ ਦਾ ਰੰਗ ਵੱਖਰਾ ਵੱਖਰਾ ਹੈ। ਵੈਸੇ ਚਮੜੀ ਦਾ ਰੰਗ ਕਈ ਜੀਨਾਂ ਤੇ ਅਧਾਰਿਤ ਹੁੰਦਾ ਹੈ, ਪਰ ਇਹ ਕੱਲਾ ਹੀ ਜੀਨ 15-20% ਰੰਗ ਦੇ ਫਰਕ ਨਾਲ਼ ਸਬੰਧਤ ਹੈ। ਇਹ ਜੀਨ 80% ਯੂਰਪੀਅਨ ਤੇ ਏਸ਼ੀਅਨ ਜਨਤਾ 'ਚ ਹੈ ਜਦੋਂ ਕਿ ਅਫਰੀਕਾ ਵਿੱਚ ਇਹ ਸਿਰਫ਼ 10% ਲੋਕਾਂ 'ਚ ਹੀ ਹੈ। ਇਸ ਦਾ ਮਤਲਬ ਸਾਫ਼ ਹੈ ਕਿ ਇਸ ਜੀਨ ਵਾਲ਼ੇ ਮਨੁੱਖ ਅਫਰੀਕਾ ਮਹਾਂਦੀਪ ਦੀਆਂ ਹਾਲਤਾਂ 'ਚ ਨਹੀਂ ਜੀ ਸਕੇ। ਇਹ ਹਲਕੇ ਰੰਗ ਦੀ ਚਮੜੀ ਧੁੱਪ 'ਚ ਵਿਟਾਮਿਨ ਡੀ ਤਾਂ ਝੱਟ ਬਣਾ ਲੈਂਦੀ ਹੈ, ਪਰ ਜ਼ਿਆਦਾ ਧੁੱਪ 'ਚ ਫੋਲਿਕ ਐਸਿਡ (ਵਿਟਾਮਿਨ ਬੀ ਦੀ ਇੱਕ ਕਿਸਮ) ਇਸ ਕਾਰਨ ਖਤਮ ਹੋ ਜਾਂਦੀ ਹੈ। ਗੋਰਿਆਂ ਨੂੰ ਧੁੱਪ ਕਾਰਨ ਚਮੜੀ ਸੜਨ ਦਾ ਸੰਤਾਪ ਵੀ ਹੰਢਾਉਣਾ ਪੈਂਦਾ ਹੈ ਜੋ ਓਦੋਂ ਸ਼ਾਇਦ ਚਮੜੀ-ਕੈਂਸਰ ਆਦਿ ਦਾ ਕਾਰਨ ਬਣਦਾ ਹੋਊ ਤੇ ਅਫਰੀਕਣ ਗੋਰੇ ਲੋਕੀਂ ਇਸ ਬਿਮਾਰੀ ਦਾ ਸ਼ਿਕਾਰ ਵੀ ਹੋ ਜਾਂਦੇ ਰਹੇ ਹੋਣਗੇ। ਅੱਜ ਤਾਂ ਅਸੀਂ ਇਨ੍ਹਾਂ ਮੁਸ਼ਕਲਾਂ ਦਾ ਹੱਲ ਲੱਭ ਲਿਆ ਹੋਇਆ ਹੈ, ਪਰ ਉਦੋਂ ਇਨ੍ਹਾਂ ਹਾਲਤਾਂ 'ਚ ਲੋਕ ਮਰ-ਮੁੱਕ ਜਾਂਦੇ ਸਨ ਅਤੇ ਜੋ ਉਨ੍ਹਾਂ ਹਾਲਤਾਂ 'ਚ ਫਿੱਟ ਸਨ ਉਹੀ ਬਚਦੇ ਸਨ।

ਗੂੜ੍ਹੇ ਰੰਗ ਦੀ ਚਮੜੀ ਦਾ ਅਫਰੀਕਾ ਦੀਆਂ ਹਾਲਤਾਂ 'ਚ ਕਾਮਯਾਬ ਹੋਣ ਦਾ ਇੱਕ ਹੋਰ ਸਬੱਬ ਵੀ ਬਣਿਆ ਹੋਊ, ਉਹ ਹੈ ਕਿ ਸੰਘਣੇ ਜੰਗਲ਼ਾਂ ਵਿੱਚ ਕਾਲ਼ੀ ਚਮੜੀ ਵਾਲ਼ੇ ਲੋਕ ਸ਼ਿਕਾਰ 'ਚ ਜ਼ਿਆਦਾ ਕਾਮਯਾਬ ਹੋਣਗੇ ਤੇ ਗੋਰੇ ਘੱਟ ਕਿਉਂਕਿ ਗੋਰਿਆਂ ਨੂੰ ਸ਼ਿਕਾਰ ਜਲਦੀ ਭਾਂਪ ਸਕਦਾ ਹੋਵੇਗਾ। ਸੋ ਜੇ ਤੁਸੀਂ ਆਪਣੇ ਪਰਿਵਾਰ ਲਈ ਰੋਟੀ ਨਹੀਂ ਜੋੜ ਸਕੋਂਗੇ ਤਾਂ ਤੁਹਾਡਾ ਘਰੋਂ ਨਿੱਕਲ਼ਣਾ ਤਹਿ ਹੀ ਹੈ। ਬੱਸ ਕੁੱਝ ਇੰਦਾਂ ਹੀ ਗੋਰੇ ਅਫਰੀਕਾ 'ਚ ਖਤਮ ਹੋਏ ਹੋਣਗੇ। ਪਰ ਜਦੋਂ ਇਨ੍ਹਾਂ 'ਚੋਂ ਕੁੱਝ ਲੋਕ ਟੋਲੀਆਂ 'ਚ ਉੱਤਰ ਵੱਲ ਗਏ ਤਾਂ ਉੱਥੇ ਇਹ ਹਾਲਤਾਂ ਉਲਟ ਹੋ ਗਈਆਂ। ਅਫਰੀਕਾ ਵਾਲ਼ੀ ਧੁੱਪ ਦੀ ਬਹੁਤਾਤ ਖਤਮ ਹੋ ਗਈ, ਠੰਢ ਦਾ ਮੌਸਮ ਵੀ ਆਉਣ ਲੱਗ ਪਿਆ। ਲੋਕ ਠੰਢ ਤੋਂ ਬਚਣ ਲਈ ਗੁਫਾਵਾਂ 'ਚ ਵੀ ਰਹਿਣ ਲੱਗ ਪਏ। ਇਸ ਸਭ ਕਾਸੇ ਨੇ ਕਾਲ਼ਿਆਂ ਲਈ ਵਿਟਾਮਿਨ ਡੀ ਦੀ ਘਾਟ ਪੈਦਾ ਕੀਤੀ, ਪਰ ਗੋਰਿਆਂ ਦੀ ਚਮੜੀ ਥੋੜ੍ਹੀ ਦੇਰ 'ਚ ਹੀ ਇਹ ਘਾਟ ਪੂਰੀ ਕਰਨ ਦੀ ਸਮਰੱਥਾ ਰੱਖਦੀ ਸੀ। ਦੂਜੀ ਗੱਲ ਇਹ ਕਿ ਉੱਤਰੀ ਹਾਲਤਾਂ ਖਾਸ ਕਰਕੇ ਬਰਫਾਂ ਵਾਲ਼ੇ ਦਿਨਾਂ 'ਚ ਗੋਰਿਆਂ ਸ਼ਿਕਾਰੀਆਂ ਨੂੰ ਜ਼ਿਆਦਾ ਢੁਕਦੀਆਂ ਸਨ ਕਿਉਂਕਿ ਬਰਫ਼ ਨਾਲ਼ ਢਕੇ ਵਿਰਲੇ ਜੰਗਲ਼ਾਂ 'ਚ ਗੋਰੇ ਰੰਗ ਵਾਲ਼ੇ ਲੋਕ ਕਾਲ਼ਿਆਂ ਨਾਲ਼ੋਂ ਦਿਸਣੇ ਔਖੇ ਹੋਣਗੇ। ਇਸ ਤਰਾਂ ਸ਼ਿਕਾਰ (ਹਿਰਨ ਤੇ ਮੈਮਥ ਬਗੈਰਾ) ਨੂੰ ਕਾਲ਼ੇ ਸ਼ਿਕਾਰੀ ਤਾਂ ਚਿੱਟੀ ਬਰਫ਼ ਦੇ ਪਿਛੋਕੜ 'ਚ ਸਾਫ਼ ਦਿਸ ਜਾਂਦੇ ਹੋਣਗੇ, ਪਰ ਗੋਰੇ ਨਹੀਂ। ਕਾਲ਼ੇ ਸ਼ਿਕਾਰੀ ਇੱਕ ਤਾਂ ਵਿਟਾਮਿਨ ਡੀ ਦੀ ਘਾਟ ਦੇ ਮਾਰੇ ਹੋਏ (ਕਮਜ਼ੋਰੀ ਦੀ ਹਾਲਤ 'ਚ) ਤੇ ਦੂਜੇ ਸ਼ਿਕਾਰ ਨੂੰ ਝੱਟ ਦਿਸ ਜਾਣ ਕਾਰਨ ਸ਼ਿਕਾਰ ਕਰਨ 'ਚ ਅਸਫਲ ਹੋ ਜਾਂਦੇ ਸਨ। ਨਤੀਜਾ ਇਹ ਹੋਇਆ ਕਿ ਅਫਰੀਕਾ ਕਾਲ਼ਿਆਂ ਨਾਲ਼ ਤੇ ਯੂਰੇਸ਼ੀਆ ਗੋਰਿਆਂ ਨਾਲ਼ ਭਰ ਗਿਆ।

ਮਨੁੱਖੀ ਚਮੜੀ ਦੇ ਰੰਗ ਦਾ ਗੂੜ੍ਹਾਪਣ/ਗੋਰਾਪਣ ਮਿਣਨ ਦਾ ਯੰਤਰ ਤਿਆਰ ਕਰ ਲਿਆ ਗਿਆ ਹੈ। ਇਸ ਨਾਲ਼ ਮਿਣ ਕੇ ਦੇਖਿਆ ਗਿਆ ਹੈ ਕਿ ਯੂਰਪੀਅਨਾਂ ਗੋਰਿਆਂ ਦੀ ਚਮੜੀ ਦਾ ਚਮਕਣ-ਅੰਕ 62-69 ਹੈ ਅਤੇ ਮੌਂਗੋਲ ਜਾਂ ਪੂਰਬੀ ਏਸ਼ੀਅਨਾਂ ਦੀ ਚਮੜੀ ਦਾ ਚਮਕਣ-ਅੰਕ 50-59 ਹੈ। ਅਫਰੀਕਣ ਲੋਕ ਸਭ ਤੋਂ ਘੱਟ ਚਮਕਣ ਵਾਲ਼ੇ ਹਨ, ਇਨ੍ਹਾਂ ਦਾ ਚਮਕਣ-ਅੰਕ 19 ਤੋਂ46 ਤੱਕ ਮਿਣਿਆ ਗਿਆ ਹੈ। ਪਰ ਜਦੋਂ ਇਨ੍ਹਾਂ ਗੋਰਿਆਂ 'ਚੋਂ ਕੁੱਝ ਅਫਰੀਕਾ ਛੱਡ ਕੇ ਉੱਤਰ ਵੱਲ ਯੂਰਪ ਜਾਂ ਏਸ਼ੀਆ ਵਾਲ਼ੇ ਪਾਸੇ ਨੂੰ ਗਏ ਤਾਂ ਹਾਲਤਾਂ ਵੱਖਰੀਆਂ ਹੋਣ ਕਾਰਨ ਇਹ ਜਿਉਂਦੇ ਰਹੇ। ਉੱਤਰੀ ਤੇ ਪੱਛਮੀ ਏਸ਼ੀਆ ਅਤੇ ਯੂਰਪੀ ਖੇਤਰਾਂ 'ਚ ਇਸ ਜੀਨ ਵਾਲ਼ੇ (ਗੋਰੇ) ਲੋਕਾਂ ਨੂੰ ਅਜਿਹੀ ਕੋਈ ਮੁਸ਼ਕਿਲ ਦਾ ਸਾਹਮਣਾ ਨਹੀਂ ਕਰਨਾ ਪਿਆ। ਸਗੋਂ ਕਾਲ਼ੀ ਚਮੜੀ ਵਾਲ਼ੇ ਲੋਕਾਂ ਨੂੰ ਇਨ੍ਹਾਂ ਇਲਾਕਿਆਂ 'ਚ ਹੋਰ ਮੁਸ਼ਕਿਲਾਂ ਆਈਆਂ ਜੋ ਆਪਾਂ ਪਹਿਲਾਂ ਪੜ੍ਹ ਚੁੱਕੇ ਹਾਂ। ਜਿਹੜੇ ਟੋਲੇ ਭਾਰਤੀ ਉੱਪ-ਮਹਾਂਦੀਪ ਪਹੁੰਚੇ ਉਹ ਦੋਨੋਂ ਤਰਾਂ ਦੇ ਜਿਉਂਦੇ ਰਹੇ। ਦਰਾਵਿੜ ਲੋਕ ਅੱਜ ਵੀ ਉਨ੍ਹਾਂ ਪੂਰਵਜਾਂ ਦੀ ਪਛਾਣ ਹਨ। ਮਹਾਤਮਾ ਬੁੱਧ ਦੀ ਸ਼ਕਲ (ਉਸ ਦੇ ਬੁੱਤਾਂ 'ਚ) ਅਸੀਂ ਬੇਸ਼ੱਕ ਬਦਲ ਲਈ ਹੈ, ਪਰ ਵਾਲ਼ ਅਜੇ ਵੀ ਉਹੋ ਅਫਰੀਕਣਾਂ ਵਾਲ਼ੇ ਹੀ ਹਨ। ਮੈਨੂੰ ਲਗਦਾ ਹੈ ਕਿ ਮਹਾਤਮਾ ਬੁੱਧ ਵੀ ਕਾਲ਼ਾ ਹੀ ਹੋਵੇਗਾ। ਸਾਡੇ ਦੇਸ਼ 'ਚ ਹਾਲਤਾਂ ਅਫਰੀਕਾ ਤੇ ਯੂਰਪ ਦੋਹਾਂ ਦੇ ਵਿਚਕਾਰ ਜਿਹੀਆਂ ਸਨ, ਇਸ ਲਈ ਦੋਨੋਂ ਤਰਾਂ ਦੇ ਲੋਕ ਕਾਮਯਾਬ ਰਹੇ ਹੋਣਗੇ। ਇੰਡੋਨੇਸ਼ੀਅਨ, ਗਿਨੀਅਨ, ਅਸਟਰੇਲੀਅਨ ਤੇ ਨਿਊਜ਼ੀਲੈਂਡ ਦੇ ਆਦਿਵਾਸੀ ਮੇਰੀ ਇਸ ਰਾਇ ਦੀ ਹਾਮੀ ਭਰਦੇ ਹਨ। ਇਹ ਸਭ ਭਾਰਤੀ ਉੱਪ-ਮਹਾਂਦੀਪ ਰਾਹੀਂ ਹੀ ਇਨ੍ਹਾਂ ਸਾਰੀਆਂ ਥਾਵਾਂ ਤੇ ਪਹੁੰਚੇ ਸਨ। ਮੈਂ ਡਾਰਵਿਨ (1871) ਦੀ ਕਾਮੁਕ (ਸੈਕਸੁਅਲ) ਚੋਣ ਦੇ ਖਿਆਲ ਨਾਲ਼ ਸਹਿਮਤ ਨਹੀਂ ਹਾਂ ਜਿਸ ਮੁਤਾਬਿਕ ਉਸਦਾ ਵਿਚਾਰ ਸੀ ਕਿ ਇਨਸਾਨੀ ਕਿਸਮਾਂ ਸਿਰਫ ਔਰਤਾਂ ਦੇ ਬੰਦੇ ਦਾ ਰੰਗ ਪਸੰਦ ਕਰਨ ਕਾਰਨ ਵੱਖਰੀ ਵੱਖਰੀ ਤਰਾਂ ਦੇ ਲੋਕ ਅਫਰੀਕਾ ਤੇ ਯੂਰਪ 'ਚ ਪੈਦਾ ਹੋਏ ਸਨ। ਜੇ ਇਉਂ ਹੋਇਆ ਹੁੰਦਾ ਤਾਂ ਗੋਰੇ ਤੇ ਕਾਲ਼ੇ ਦੋਨੋਂ ਤਰਾਂ ਦੇ ਆਦਿਵਾਸੀ ਸਭ ਥਾਵਾਂ ਤੇ

ਮਿਲਣੇ ਚਾਹੀਦੇ ਸਨ। ਪਰ ਸਚਾਈ ਇਹ ਨਹੀਂ ਹੈ, ਇਸ ਲਈ ਡਾਰਵਿਨ ਦਾ ਇਹ ਵਿਚਾਰ ਸਹੀ ਨਹੀਂ ਕਿਹਾ ਜਾ ਸਕਦਾ।

ਅਫਰੀਕਾ ਦੀ ਪੈਦਾਇਸ਼ ਬਾਰੇ ਸਬੂਤ

ਭਾਵੇਂ ਮਨੁੱਖੀ ਵਿਕਾਸ ਦੇ ਕੁੱਝ ਸਾਇੰਸਦਾਨ ਇਸ ਗੱਲ ਨਾਲ਼ ਪੂਰੀ ਸਹਿਮਤੀ ਨਹੀਂ ਦਿਖਾਉਂਦੇ ਕਿ ਅਜੋਕਾ ਮਨੁੱਖ ਅਫਰੀਕਾ ਤੋਂ ਪੈਦਾ ਹੋ ਕੇ ਬਾਹਰ ਆਇਆ ਹੈ, ਪਰ ਜ਼ਿਆਦਾਤਰ ਇਸ ਵਿਚਾਰ ਨਾਲ਼ ਸਹਿਮਤ ਹਨ। ਜਿਹੜੇ ਵੱਖਰੇ ਵਿਚਾਰ ਵਾਲ਼ੇ ਵੀ ਹਨ, ਉਨ੍ਹਾਂ ਦਾ ਖਿਆਲ ਇਹ ਹੈ ਕਿ ਅਜੋਕਾ ਮਨੁੱਖ (ਹੋਮੋ ਸੇਪੀਅਨਜ਼ ਸੇਪੀਅਨਜ਼) ਅਫਰੀਕਾ ਤੋਂ ਪਹਿਲਾਂ ਹੀ ਬਾਹਰ ਆਏ ਹੋਏ ਸਿੱਧੇ-ਇਨਸਾਨ (ਹੋਮੋ ਇਰੈੱਕਟਸ) ਤੇ ਨਿਐਂਡਰਥਲੀ ਇਨਸਾਨ (ਹੋਮੋ ਨਿਐਂਡਰਥਲੈਂਸਿਸ) ਦੀਆਂ ਆਪਸੀ ਮਿਲਣੀਆਂ ਦੀ ਸਾਂਝੀ ਉਪਜ ਹੈ। ਪਰ ਇਸ ਵਿਚਾਰ ਨੂੰ ਸਹਾਰਾ ਦੇਣ ਵਾਲ਼ਿਆਂ ਸਬੂਤਾਂ ਦੀ ਘਾਟ ਇਸ ਨੂੰ ਅਜੇ ਨਕਾਰਦੀ ਹੀ ਹੈ।

ਅਸੀਂ ਸਾਰੇ ਇਨਸਾਨ ਆਪਣੇ ਜੀਨਾਂ ਮੁਤਾਬਿਕ 99.9% ਇੱਕ-ਦੂਜੇ ਨਾਲ਼ ਮਿਲਦੇ ਹਾਂ, ਸਿਰਫ਼ 0.01% ਦਾ ਫਰਕ ਹੈ ਜੋ ਸਾਡੇ ਦਿਸਦੇ ਫਰਕਾਂ ਲਈ ਜ਼ਿੰਮੇਵਾਰ ਹੈ। ਆਪਣੇ ਚਮੜੀ ਦੇ ਰੰਗ, ਅੱਖਾਂ ਦੇ ਰੰਗ, ਬਿਮਾਰੀ ਲੱਗਣ ਦੇ ਸੰਭਾਵੀ ਖਤਰੇ ਆਦਿ ਸਭ ਇਸ ਛੋਟੇ ਜਿਹੇ ਫਰਕ ਕਾਰਨ ਹੀ ਹਨ। ਵੈਸੇ ਸਾਡੇ ਰਹਿਣ ਦਾ ਵਾਤਾਵਰਣ ਵੀ ਆਪਣਾ ਅਸਰ ਪਾਉਂਦਾ ਹੈ, ਪਰ ਮੈਂ ਇਸ ਸਮੇਂ ਸਿਰਫ ਜੀਨਾਂ ਦੇ ਅਸਰ ਦੀ ਗੱਲ ਕਰ ਰਿਹਾ ਹਾਂ। ਕਦੇ ਕਦੇ ਸਾਡੇ ਜੀਨਾਂ 'ਚ ਬਦਲਾਅ ਵੀ ਆਉਂਦੇ ਹਨ। ਜੇ ਇਹ ਬਦਲਾਅ ਘਾਤਕ ਹੋਣ ਤਾਂ ਉਹ ਇਨਸਾਨ ਜਿਉਂਦਾ ਨਹੀਂ ਰਹਿ ਸਕਦਾ ਤੇ ਉਸ ਇਨਸਾਨ ਦੀ ਮੌਤ ਦੇ ਨਾਲ਼ ਹੀ ਇਸ ਬਦਲਾਅ ਦੀ ਮੌਤ ਵੀ ਹੋ ਜਾਂਦੀ ਹੇ। ਪਰ ਜੇ ਬਦਲਾਅ ਘਾਤਕ ਨਾ ਹੋਵੇ ਤਾਂ ਉਸ ਇਨਸਾਨ ਦੇ ਨਾਲ਼ ਇਹ ਬਦਲਾਅ ਵੀ ਜ਼ਿੰਦਾ ਰਹਿ ਸਕਦਾ ਹੈ। ਚਮੜੀ ਦੇ ਰੰਗ ਵਾਲ਼ੇ ਜੀਨ A326G ਦਾ ਬਦਲਾਅ ਵੀ ਇਸੇ ਤਰਾਂ ਦਾ ਬਦਲਾਅ ਸੀ ਜੋ ਵੱਖਰੀਆਂ ਵੱਖਰੀਆਂ ਹਾਲਤਾਂ 'ਚ ਵੱਖ ਵੱਖ ਸੰਭਾਵਨਾਵਾਂ ਪੈਦਾ ਕਰਦਾ ਸੀ। ਇਸੇ ਨੂੰ M168 ਨਿਸ਼ਾਨੀ ਵੀ ਕਿਹਾ ਜਾਂਦਾ ਹੈ। ਯੂਰੇਸ਼ੀਅਨਾਂ 'ਚ ਇੱਕ ਹੋਰ ਨਿਸ਼ਾਨੀ ਵਾਲ਼ਾ ਜੀਨ ਜੋ ਮੱਧ-ਪੂਰਬ ਜਾਂ ਕੇਂਦਰੀ ਏਸ਼ੀਆ 'ਚ ਉੱਭਰਿਆ, ਉਹ ਹੈ M9 ਤੇ ਫਿਰ ਅਮਰੀਕਣ ਆਦਿਵਾਸੀਆਂ 'ਚ ਮਿਲਦਾ ਇੱਕ ਹੋਰ ਬਦਲਾਅ ਵੀ ਹੈ ਜੋ M3 ਦੇ ਨਾਂ ਨਾਲ਼ ਜਾਣਿਆ ਜਾਂਦਾ ਹੈ। M9 ਵਾਲ਼ੀ ਨਿਸ਼ਾਨੀ M3 ਵਾਲ਼ੇ ਲੋਕਾਂ ਕੋਲ਼ ਵੀ ਹੈ, ਪਰ M168 ਵਾਲ਼ਿਆਂ ਕੋਲ਼ ਇਹ ਦੋਨੋਂ ਨਹੀਂ ਹਨ। ਇਸੇ ਤਰਾਂ M3 ਵਾਲ਼ਿਆਂ ਕੋਲ਼ ਇਹ ਸਾਰੀਆਂ ਨਿਸ਼ਾਨੀਆਂ ਹਨ, ਪਰ ਬਾਕੀ ਕਿਸੇ ਕੋਲ਼ ਨਹੀਂ। ਇਸ ਤੋਂ ਇਹੀ ਸਿੱਧ ਹੁੰਦਾ ਹੈ ਕਿ M168 ਵਾਲ਼ੀ ਮੁਢਲੀ ਪੀੜ੍ਹੀ ਹੈ ਅਤੇ ਯੂਰੇਸ਼ੀਅਨ M9 ਵਾਲ਼ੀ ਉਸ ਤੋਂ ਬਾਅਦ ਪੈਦਾ ਹੋਈ ਤੇ ਅਮਰੀਕਣ ਆਦਿਵਾਸੀਆਂ ਵਾਲ਼ੀ M3 ਸਭ ਤੋਂ ਬਾਅਦ ਵਿੱਚ। ਵੱਖ-ਵੱਖ ਥਾਵਾਂ ਤੋਂ ਮਿਲੇ ਪਥਰਾਟਾਂ ਜਾਂ ਫੋਸਿਲਾਂ ਦਾ ਬਿਓਰਾ ਵੀ ਇਹੀ ਕੁੱਝ ਬਿਆਨ ਕਰਦਾ ਹੈ।

ਜਿਵੇਂ ਪਹਿਲਾਂ ਗੱਲ ਕਰ ਚੁੱਕੇ ਹਾਂ ਕਿ ਅਫਰੀਕਾ 'ਚ ਇਹ ਬਦਲਾਅ ਜਾਂ ਮਿਊਟੇਸ਼ਨ ਘਾਤਕ ਸੀ, ਪਰ ਯੂਰਪ ਤੇ ਉੱਤਰੀ ਏਸ਼ੀਆ 'ਚ ਸਗੋਂ ਫਾਇਦੇਮੰਦ ਸੀ। ਉਸ ਮੌਸਮ ਲਈ ਉਲਟਾ ਅਫਰੀਕਾ ਵਾਲ਼ਾ ਜੀਨ ਘਾਤਕ ਸੀ। ਇੱਕ ਹੋਰ ਵੀ ਅਜਿਹੀ ਉਦਾਹਰਣ ਹੈ ਜੋ ਅਫਰੀਕਾ ਦੇ ਮਲੇਰੀਆ ਭਰਪੂਰ ਇਲਾਕੇ 'ਚ ਲੋਕਾਂ ਦੀ ਹੋਂਦ ਦਾ ਕਾਰਨ ਬਣਿਆ, ਉਹ ਹੈ ਦਾਤੀ-ਨੁੰਮਾ ਲਹੂ-ਕਮੀ (ਸਿੱਕਲ ਸੈੱਲ ਅਨੀਮੀਆ)। ਇਸ ਕਾਰਨ ਖੂਨ ਵਿਚਲੇ ਲਾਲ ਸੈੱਲ ਗੋਲ਼ ਹੋਣ ਦੀ ਥਾਂ ਦਾਤੀ-ਨੁੰਮਾ ਹੋ ਜਾਂਦੇ ਹਨ। ਵੈਸੇ ਤਾਂ ਇਹ ਚੰਗੀ ਸਿਹਤ ਲਈ ਠੀਕ ਹਾਲਤ ਨਹੀਂ ਹੈ, ਪਰ ਅਜਿਹੇ ਸੈੱਲਾਂ ਵਿੱਚ ਮਲੇਰੀਏ ਦੇ ਪਰਜੀਵੀ ਕਿਟਾਣੂੰ ਜਿਉਂਦੇ ਨਹੀਂ ਰਹਿ ਸਕਦੇ। ਇਸ ਤਰਾਂ ਇਹ ਹਾਲਤ ਮਲੇਰੀਏ ਤੋਂ ਮੁਕਤੀ ਦਵਾ ਦਿੰਦੀ ਹੈ। ਮਲੇਰੀਏ ਤੋਂ ਬਚੇ ਇਹ ਮਰਦ 42 ਤੇ ਔਰਤਾਂ 48 ਕੁ ਸਾਲ ਤੱਕ ਹੀ ਜੀ ਸਕਦੇ ਹਨ, ਕਿਉਂਕਿ ਬਾਅਦ 'ਚ ਲਹੂ ਦੀ ਕਮਜ਼ੋਰੀ ਕਾਰਨ ਹੀ ਮਰ ਜਾਂਦੇ ਹਨ।

ਅਜਿਹੇ ਜੀਨ ਬਦਲਾਵਾਂ ਦੀ ਰਫਤਾਰ ਇੱਕੋ ਹੀ ਰਹਿੰਦੀ ਹੈ, ਜਾਣੀ ਕਿ ਜੀਨਾਂ 'ਚ ਬਦਲਾਅ ਜਾਂ ਮਿਊਟੇਸ਼ਨਾਂ ਉਸੇ ਹੀ ਚਾਲ ਨਾਲ਼ ਆਉਂਦੀਆਂ ਰਹਿੰਦੀਆਂ ਹਨ। ਇਨ੍ਹਾਂ ਮਿਊਟੇਸ਼ਨਾਂ ਤੋਂ ਸਾਇੰਸਦਾਨ ਨਿਸ਼ਾਨੀਆਂ ਦਾ ਕੰਮ ਵੀ ਲੈ ਰਹੇ ਹਨ। ਮਨੁੱਖੀ ਜੀਨ ਲੜੀ ਦੀ ਖੋਜ ਨੇ ਇਨ੍ਹਾਂ ਮਿਊਟੇਸ਼ਨਾਂ ਜਾਂ ਬਦਲਾਵਾਂ ਬਾਰੇ ਹੋਰ ਵੀ ਬਹੁਤ ਚਾਨਣ ਪਾਇਆ ਹੈ। ਵੱਖੋ-ਵੱਖਰੀਆਂ ਮਨੁੱਖੀ ਅਬਾਦੀਆਂ ਵਿੱਚ ਉਹੀ ਨਿਸ਼ਾਨੀ ਹੋਣ ਦਾ ਮਤਲਬ ਹੈ ਕਿ ਉਹ ਅਬਾਦੀਆਂ ਇੱਕੋ ਪੁਰਖਿਆਂ ਤੋਂ ਆਈਆਂ ਹਨ, ਜਾਂ ਕਹਿ ਲਓ ਕਿ ਉਹ ਅਬਾਦੀਆਂ ਦੂਜੀਆਂ ਨਾਲ਼ੋਂ ਆਪਸ 'ਚ ਜ਼ਿਆਦਾ ਨਜ਼ਦੀਕ ਹਨ। ਵੈਸੇ ਜ਼ਿਆਦਾਤਰ ਅਜਿਹੇ ਬਦਲਾਅ ਆਮ ਕਰਕੇ ਸ਼ੁਕਰਾਣੂੰ (ਸਪਰਮ) ਤੇ ਆਂਡਾ ਬਣਨ ਵੇਲ਼ੇ ਤੇ ਫਿਰ ਬੱਚਾ ਬਣਨ ਵੇਲ਼ੇ ਕਰੋਮੋਸੋਮਾਂ ਦੀ ਮੁੜ-ਸਿਰਜਣਾ 'ਚ ਲੁਕ ਜਾਂਦੇ ਹਨ। ਪਰ ਸਾਡੇ ਸੈੱਲਾਂ 'ਚ ਦੋ ਥਾਵਾਂ ਅਜਿਹੀਆਂ ਵੀ ਹਨ ਜਿੱਥੇ ਇਹ ਲੁਕਣ-ਮੀਟੀ ਨਹੀਂ ਹੁੰਦੀ। ਉਹ ਦੋ ਥਾਵਾਂ ਹਨ: ਵਾਈ (Y) ਕਰੋਮੋਸੋਮ ਜੋ ਨਿਊਕਲੀਅਸ ਦੇ ਅੰਦਰ ਤੇ ਮਾਈਟੋਕੌਂਡਰੀਅਲ ਡੀ.ਐੱਨ.ਏ.(mtDNA) ਜੋ ਨਿਊਕਲੀਅਸ ਤੋਂ ਬਾਹਰ ਪਰੋਟੋਪਲਾਜ਼ਮ ਵਿੱਚ ਹੁੰਦਾ ਹੈ। ਪਰੋਟੋਪਲਾਜ਼ਮ ਬੱਚੇ ਦੀ ਨੀਂਹ 'ਚ ਸਿਰਫ ਮਾਂ ਵੱਲੋਂ ਹੀ ਆਉਂਦਾ ਹੈ, ਪਿਓ ਵੱਲੋਂ ਤਾਂ ਨਾਂ-ਮਾਤਰ ਪਰੋਟੋਪਲਾਜ਼ਮ ਹੀ ਆਉਂਦਾ ਹੈ ਕਿਉਂਕਿ ਸ਼ੁਕਰਾਣੂੰ ਦਾ ਸਿਰ ਜੋ ਸਿਰਫ ਨਿਊਲੀਅਸ ਹੀ ਹੁੰਦਾ ਹੈ ਆਂਡੇ 'ਚ ਬੜਦਾ ਹੈ। ਮਾਂ ਵੱਲੋਂ ਆਏ ਪਰੋਟੋਪਲਾਜ਼ਮ ਵਿੱਚ ਮਾਈਟੋਕੌਂਡਰੀਆ ਵੀ ਹੁੰਦੇ ਹਨ ਜਿਨ੍ਹਾਂ ਕੋਲ਼ ਆਪਣਾ ਅਲਹਿਦਾ ਡੀ.ਐੱਨ.ਏ.(DNA) ਹੁੰਦਾ ਹੈ। ਸ਼ੁਕਰਾਣੂੰ ਦੀ ਪੂੰਛ ਵਾਲ਼ਾ ਹਿੱਸਾ ਜਿਸ ਵਿੱਚ ਕੁੱਝ ਪਰੋਟੋਪਲਾਜ਼ਮ ਹੁੰਦਾ ਹੈ ਬਾਹਰ ਹੀ ਰਹਿੰਦਾ ਹੈ। ਇਸ ਤਰਾਂ ਮਾਂ ਦਾ ਬੱਚੇ ਲਈ ਕੁੱਲ ਜੀਨਾਂ (ਸਣੇ ਮਾਈਟੋਕੌਂਡਰੀਅਲ ਜੀਨਾਂ ਦੇ) 'ਚ ਅੱਧ ਤੋਂ ਜ਼ਿਆਦਾ ਹਿੱਸਾ ਹੁੰਦਾ ਹੈ। ਇਹ ਹਿੱਸਾ ਮੁੰਡੇ 'ਚ ਹੋਰ ਵੀ ਜ਼ਿਆਦਾ ਹੁੰਦਾ ਹੈ ਜਿੱਥੇ ਐਕਸ (X) ਕਰੋਮੋਸੋਮ ਮਾਂ ਵੱਲੋਂ ਆਉਂਦਾ ਹੈ ਤੇ ਵਾਈ (Y) ਕਰੋਮੋਸੋਮ ਪਿਓ ਵੱਲੋਂ। ਵਾਈ (Y) ਕਰੋਮੋਸੋਮ ਛੋਟਾ ਹੁੰਦਾ ਹੈ ਉਸਤੇ ਜੀਨ ਵੀ ਘੱਟ ਹੁੰਦੇ ਹਨ। ਪਰ ਵਾਈ (Y) ਕਰੋਮੋਸੋਮ ਤੇ ਮਾਈਟੋਕੌਂਡਰੀਅਲ ਜੀਨ ਬਿਨਾਂ ਕਿਸੇ ਰਲ਼ਾਅ ਤੋਂ ਚਲੇ ਆਉਂਦੇ ਹਨ। ਇਨ੍ਹਾਂ ਦੋਹਾਂ ਥਾਵਾਂ ਵਾਲ਼ੇ ਜੀਨਾਂ 'ਚ ਮਿਊਟੇਸ਼ਨਾਂ ਸਾਡੇ ਪੁਰਖਿਆਂ ਦੇ ਨਿਸ਼ਾਨ ਹਨ।

ਖੋਜ ਤੋਂ ਪਤਾ ਲੱਗਿਆ ਹੈ ਕਿ ਅਫਰੀਕਣ ਔਰਤਾਂ ਦੇ ਮਾਈਟੋਕੌਂਡਰੀਅਲ ਜੀਨਾਂ ਦੀ ਵਿਲੱਖਣਤਾ ਬਾਕੀ ਦੁਨੀਆ ਦੀਆਂ ਔਰਤਾਂ ਦੇ ਜੀਨਾਂ ਦੀ ਵਿਲੱਖਣਤਾ ਨਾਲ਼ੋਂ ਦੁੱਗਣੀ ਹੈ (ਸ਼ਰੀਵ, 2006)। ਇਹ ਗੱਲ ਇਹ ਸਿੱਧ ਕਰਦੀ ਹੈ ਅਫਰੀਕਾ 'ਚ ਲੋਕ ਬਾਕੀ ਦੁਨੀਆ ਨਾਲ਼ੋਂ ਦੁੱਗਣੀ ਦੇਰ ਦੇ ਰਹਿ ਰਹੇ ਹਨ। ਅਫਰੀਕਾ 'ਚੋਂ ਮੁਢਲੇ ਇਨਸਾਨਾਂ ਦੇ ਫੋਸਿਲਾਂ ਦਾ ਮਿਲਣਾ ਵੀ ਇਨਸਾਨ ਦੀ ਅਫਰੀਕਾ ਦੀ ਪੈਦਾਇਸ਼ ਦੀ ਹਾਮੀ ਭਰਦਾ ਹੈ ਤੇ ਇਹ ਜੀਨਾਂ ਵਾਲ਼ੀ ਖੋਜ ਉਸ ਦੀ ਪਰੋੜ੍ਹਤਾ ਕਰਦੀ ਹੈ। ਅਜਿਹੇ ਹੋਰ ਰਿਸ਼ਤੇ ਵੀ ਖੋਜੇ ਜਾਣਗੇ ਜੋ ਇਨ੍ਹਾਂ ਸਬੂਤਾਂ ਨੂੰ ਹੋਰ ਪੱਕਾ ਕਰ ਦੇਣਗੇ। ਉਨ੍ਹਾਂ 'ਚੋਂ ਇੱਕ ਭਾਸ਼ਾ ਸਬੰਧਾਂ ਦਾ ਹੈ, ਪਰ ਇਹ ਖੋਜ ਅਜੇ ਵੀ ਮੁਢਲੇ ਪੜਾਵਾਂ ਤੇ ਹੈ। ਇਹ ਕੰਮ ਐਂਥਰੋਪੌਲੋਜੀ ਵਾਲ਼ਿਆਂ ਤੇ ਭਾਸ਼ਾ ਵਿਗਿਆਨੀਆਂ ਲਈ

ਮਨੁੱਖੀ ਆਂਡਾ ਤੇ ਸ਼ੁਕਰਾਣੂੰ ਮਿਲਾਪ



ਇਸ ਚਿੱਤਰ ਵਿਚ ਆਂਡਾ ਤੇ ਸ਼ੁਕਰਾਣੂੰ ਹਨ। ਆਂਡੇ ਅੰਦਰ ਸਿਰਫ ਇੱਕ ਸ਼ੁਕਰਾਣੂੰ ਦਾ ਸਿਰ (ਨਿਊਕਲੀਅਸ) ਹੀ ਜਾ ਸਕਦਾ ਹੈ। ਮਾਂ ਵੱਲੋਂ ਆਏ ਆਂਡੇ ਦੇ ਪਰੋਟੋਪਲਾਜ਼ਮ ਤੋ ਜ਼ਿਆਦਾ ਜੀਨਾਂ ਸਕਦਾ ਬੱਚੇ 'ਚ ਮਾਂ ਦਾ ਹਿੱਸਾ ਜ਼ਿਆਦਾ ਹੁੰਦਾ ਹੈ। ਇਸ ਪਰੋਟੋਪਲਾਜ਼ਮ 'ਚ ਮਾਈਟੋਕੌਂਡਰੀਆ ਆਪਣੇ ਜੀਨਾਂ ਸਮੇਤ ਹੁੰਦੇ ਹਨ, ਜੋ ਨਿਸ਼ਾਨੀ ਵੰਜੋਂ ਕੰਮ ਕਰ ਸਕਦੇ ਹਨ।

ਚੁਣੌਤੀ ਬਣ ਕੇ ਖੜ੍ਹਾ ਹੈ।

ਅਫਰੀਕਾ ਤੋਂ ਬਾਹਰ ਪਸਾਰਾ

ਦੱਖਣੀ ਅਫਰੀਕਾ ਦੇ ਸੈਨ ਕਬੀਲੇ, ਕੇਂਦਰੀ ਅਫਰੀਕਾ ਦੇ ਬੌਨੇ ਅਤੇ ਕੁੱਝ ਪੂਰਬੀ ਅਫਰੀਕਾ ਦੇ ਕਬੀਲੇ ਸਾਰੀ ਦੁਨੀਆ ਦੇ ਲੋਕਾਂ ਦੇ ਪਿਛੋਕੜ ਨੂੰ ਸਾਂਭੀ ਬੈਠੇ ਹਨ। ਸੈਨ ਤੇ ਪੂਰਬੀ ਕਬੀਲੇ ਚਟਕਾਰਿਆਂ ਵਾਲ਼ੀਆਂ ਜ਼ੁਬਾਨਾਂ ਵੀ ਬੋਲਦੇ ਹਨ। ਇਹ ਨਿਸ਼ਾਨੀਆਂ ਵੀ ਅਫਰੀਕਾ ਅੰਦਰ ਮਨੁੱਖ ਦੇ ਫੈਲਣ ਬਾਰੇ ਦੱਸਦੀਆਂ ਹਨ। ਲੱਖ ਕੁ ਸਾਲ ਪਹਿਲਾਂ (135000-80000) ਕੁੱਝ ਟੋਲੇ ਪੱਛਮੀ ਏਸ਼ੀਆ (ਲਵਾਂਟ) ਦੇ ਕਿਨਾਰੇ ਪਹੁੰਚੇ। ਅਫਰੀਕਾ ਤੋਂ ਬਾਹਰ ਰਹਿਣ ਵਾਲ਼ੇ ਸਭ ਲੋਕਾਂ ਕੋਲ਼ ਉਹ ਨਿਸ਼ਾਨ (ਬਦਲੇ ਜੀਨ) ਹਨ ਜੋ ਉਹ ਅਫਰੀਕਾ ਤੋਂ ਬਾਹਰ ਨਿਕਲ਼ਣ ਲੱਗੇ ਲੈ ਕੇ ਆਏ ਸਨ। ਇਹ ਵੀ ਵਿਚਾਰ ਹੈ ਕਿ ਭਾਸ਼ਾ ਦੀ ਉਤਪਤੀ ਤੇ ਵਿਕਾਸ ਵੀ ਓਦੋਂ ਹੀ ਸ਼ੁਰੂ ਹੋਇਆ। ਸ਼ਾਇਦ ਇਸੇ ਕਾਰਨ ਜ਼ਿਆਦਾ ਵਧੀਆ ਹਥਿਆਰ ਤੇ ਕਲਾ ਵੀ ਹੋਂਦ 'ਚ ਆਈ। ਗੁਫਾਵਾਂ ਦੀ ਕਲਾ ਜੋ ਅੱਜ ਅਸੀਂ ਕਈ ਥਾਵਾਂ ਤੇ ਦੇਖਦੇ ਹਾਂ ਉਹ ਵੀ ਉਸ ਦੌਰ ਦੀਆਂ ਗੱਲਾਂ ਹਨ। ਮੇਰੇ ਖਿਆਲ 'ਚ ਗੁਫਾਵਾਂ 'ਚ ਮਨੁੱਖ ਰਹਿਣ ਹੀ ਠੰਢ ਕਾਰਨ ਲੱਗਿਆ ਹੋਊ ਅਤੇ ਉੱਥੇ ਰਹਿੰਦਾ ਰਹਿੰਦਾ ਵਿਹਲੇ ਸਮੇਂ 'ਚ ਆਪਣੀਆਂ ਗਤੀਆਂ ਵਿਧੀਆਂ ਨੂੰ ਗੁਫਾਵਾਂ ਦੀਆਂ ਕੰਧਾਂ ਤੇ ਉਕਰਨ ਲੱਗ ਪਿਆ ਹੋਊ। ਕਈ ਸਾਇੰਸਦਾਨਾਂ ਦਾ ਵਿਚਾਰ ਹੈ ਕਿ ਇਹ ਕਲਾ ਐਵੇਂ ਵਖਤ ਟਪਾਊ ਕੰਮ ਨਹੀਂ ਸੀ, ਸਗੋਂ ਇੱਕ ਸੋਚੀ ਸਮਝੀ ਤਰਕੀਬ ਸੀ ਆਪਣੇ ਸਾਥੀਆਂ ਨੂੰ ਕੰਮ ਸਮਝਾਉਣ ਦੀ। ਸ਼ਿਕਾਰ ਕਰਨ ਦਾ ਢੰਗ ਸਿਖਾਉਣ ਦੀ ਵਿਧੀ ਜਾਂ ਕਹਿ ਲਓ ਕਿ ਦੁਨੀਆ ਦਾ ਪਹਿਲਾ ਦਾ ਸਕੂਲ ਇਸ ਤਰਾਂ ਸ਼ੁਰੂ ਹੋਇਆ ਸੀ। ਇਸ ਤਰਾਂ ਲਗਦਾ ਹੈ ਕਿ ਪਹਿਲੀ ਭਾਸ਼ਾ ਇਸ਼ਾਰਿਆਂ ਤੋਂ ਸ਼ੁਰੂ ਹੋ ਕੇ ਤਸਵੀਰਾਂ 'ਚ ਪਹੁੰਚ ਗਈ। ਖੈਰ ਇਹ ਇੱਕ ਹੋਰ ਵਿਸ਼ਾ ਹੈ ਜੋ ਭਰਪੂਰ ਵਿਸਥਾਰ ਦਾ ਹੱਕਦਾਰ ਹੈ।

ਦੁਨੀਆ 'ਚ ਮਨੁੱਖੀ ਪਸਾਰ ਦੀ ਤਰਤੀਬ ਅੱਗੇ ਨਕਸ਼ੇ ਵਿੱਚ ਦਰਸਾਈ ਹੋਈ ਹੈ ਜੋ ਮਨੁੱਖੀ ਵਿਗਿਆਨ ਨਾਲ਼ ਸਬੰਧਤ ਵਿਗਿਆਨੀਆਂ ਦੀਆਂ ਔਸਤਾਂ ਕਹੀਆਂ ਜਾ ਸਕਦੀਆਂ ਹਨ। ਉਸ ਵੇਲ਼ੇ ਦੇ ਠੰਢੇ-ਯੁੱਗ ਨੇ ਲਾਲ-ਸਾਗਰ ਨੂੰ ਛੋਟਾ ਕਰ ਦਿੱਤਾ ਸੀ ਤੇ ਇਸ ਲਈ ਕੁੱਝ ਟੋਲੇ ਮੁਢਲੇ ਪੱਧਰ ਦੀਆਂ ਕਿਸ਼ਤੀਆਂ ਬਗੈਰਾ ਨਾਲ਼ ਲਾਲ-ਸਾਗਰ ਪਾਰ ਕਰ ਕੇ ਅਰਬ ਦੁਨੀਆ ਦੇ ਯਮਨ ਵਾਲ਼ੇ ਕੰਢੇ ਵੀ ਪਹੁੰਚ ਗਏ ਜੋ ਅਫਰੀਕਾ ਦੇ ਸਿੰਗ ਦੇ ਕੋਲ਼ ਪੈਂਦਾ ਹੈ। ਜੀਨਾਂ ਦਾ ਵਿਸ਼ਲੇਸ਼ਣ ਦੱਸਦਾ ਹੈ ਕਿ ਇਸ ਪਾਰ ਆ ਕੇ ਇਹ ਲੋਕ ਘੱਟੋ-ਘੱਟ ਦੋ ਟੋਲਿਆਂ ਵਿੱਚ ਵੰਡੇ ਗਏ। ਇੱਕ ਟੋਲਾ ਤਾਂ ਕੁੱਝ ਸਮੇਂ ਲਈ ਮੱਧ-ਪੂਰਬ 'ਚ ਹੀ ਰਿਹਾ ਤੇ ਦੂਜਾ ਤੱਟ ਦੇ ਨਾਲ਼ ਨਾਲ਼ ਪੂਰਬ ਵੱਲ ਨੂੰ ਲਗਾਤਾਰ ਖਿਸਕਦਾ ਰਿਹਾ, ਭਾਵੇਂ ਇਹ ਖਿਸਕਾਅ ਹੌਲ਼ੀ ਹੌਲ਼ੀ ਹੀ ਅੱਗੇ ਵਧਿਆ ਹੋਊ। ਇਸ ਤਰਾਂ 45000 ਸਾਲ ਪਹਿਲਾਂ ਤੱਕ ਮਨੁੱਖ ਇੰਡੋਨੇਸ਼ੀਆ ਹੁੰਦੇ ਹੋਏ ਅਸਟਰੇਲੀਆ 'ਚ ਵੀ ਪਹੁੰਚ ਗਿਆ ਸੀ, ਜਿੱਥੇ ਮੁੰਗੋ ਝੀਲ ਕਿਨਾਰੇ ਤੋਂ ਓਦੋਂ ਦਾ ਦੱਬਿਆ ਇੱਕ ਪਿੰਜਰ ਮਿਲਿਆ ਹੈ। ਉਸ ਪਿੰਜਰ ਤੋਂ ਥੱਲੇ ਮਿੱਟੀ 'ਚੋਂ ਕੁੱਝ ਅਜਿਹੀਆਂ ਚੀਜ਼ਾਂ ਮਿਲੀਆਂ ਹਨ ਜੋ 50000 ਸਾਲ ਪੁਰਾਣੀਆਂ ਹੋ ਸਕਦੀਆਂ ਹਨ, ਜਾਣੀ ਕਿ ਆਦਮੀ ਦੇ 50000 ਸਾਲ ਪਹਿਲਾਂ ਅਸਟਰੇਲੀਆ ਦੇ ਦੱਖਣ ਤੱਕ ਪਹੁੰਚਣ ਦੇ ਸੰਕੇਤ ਵੀ ਮਿਲਦੇ ਹਨ। ਅਫਰੀਕਾ ਤੋਂ ਅਸਟਰੇਲੀਆ ਤੱਕ ਦੇ 13000 ਕਿ.ਮੀ. ਦੇ ਰਾਹ ਵਿੱਚ ਅਜੇ ਕੋਈ ਖਾਸ ਭੌਤਿਕ ਸਬੂਤ ਹੱਥ ਨਹੀਂ ਆਏ, ਪਰ ਇਹ ਕਹਾਣੀ ਜੀਨਾਂ ਦੇ ਸਦਕਾ ਬਾਖੂਬੀ ਪੜ੍ਹੀ ਜਾ ਸਕਦੀ ਹੈ। ਅੰਡੇਮਾਨ ਨਿਕੋਬਾਰ, ਮਿਆਂਮਾਰ (ਬਰਮਾ),ਇੰਡੋਨੇਸ਼ੀਆ, ਗਿਨੀ-ਪੈਪੂਆ ਟਾਪੂਆਂ ਅਤੇ ਅਸਟਰੇਲੀਆ ਦੇ ਆਦਿਵਾਸੀਆਂ ਦੇ ਗਰੁੱਪਾਂ ਦੇ ਮਾਈਟੋਕੌਂਡਰੀਅਲ DNA (mtDNA) ਵਿੱਚ ਇਸ ਯਾਤਰਾ ਦੀਆਂ ਨਿਸ਼ਾਨੀਆਂ ਮੌਜੂਦ ਹਨ।

ਏਸ਼ੀਆ ਤੇ ਯੂਰਪ ਦੇ ਲੋਕਾਂ ਕੋਲ਼ ਵੀ ਓਨੀਆਂ ਹੀ ਪੁਰਾਣੀਆਂ mtDNA ਤੇ Y-ਕਰੋਮੋਸੋਮ ਵਾਲ਼ੀਆਂ ਲੜੀਆਂ ਹਨ ਜੋ ਉਨ੍ਹਾਂ ਦੀਆਂ (ਆਪਣੇ ਸਣੇ) ਅਫਰੀਕਾ ਦੇ ਮੁਢਲੇ ਵਾਸ਼ਿੰਦਿਆਂ ਨਾਲ਼ ਜੜਾਂ ਜੋੜਦੀਆਂ ਹਨ। ਪਹਿਲਾਂ ਠੰਢੇ ਯੁੱਗ ਨੇ ਕੁੱਝ ਦੇਰ ਹੋਰ ਪਰਵਾਸ ਰੋਕੀ ਰੱਖਿਆ। ਵੈਸੇ ਯੂਰਪ 'ਚ ਅਫਰੀਕਾ ਤੋਂ ਪਹਿਲਾਂ ਆਏ ਨਿਐਂਡਰਥਲੀ ਮਨੁੱਖ ਨੇ ਕਬਜ਼ਾ ਕੀਤਾ ਹੋਇਆ ਸੀ। ਚਾਲ਼ੀ ਕੁ ਹਜ਼ਾਰ ਸਾਲ ਪਹਿਲਾਂ ਅਜੋਕੇ ਮਨੁੱਖ ਨੇ ਨਿਐਂਡਰਥਲੀਆਂ ਦੇ ਖੇਤਰ 'ਚ ਪਰਵੇਸ਼ ਕਰਨਾ ਸ਼ੁਰੂ ਕਰ ਦਿੱਤਾ। ਫਰਾਂਸ 'ਚੋਂ ਮਿਲੇ ਕੁੱਝ ਔਜਾਰ ਇਹ ਦੱਸਦੇ ਹਨ ਕਿ ਦੋਨੋਂ ਮਿਲੇ ਸਨ, ਪਰ ਇਨ੍ਹਾਂ ਦਾ ਰਿਸ਼ਤਾ ਭਾਈਚਾਰੇ ਵਾਲ਼ਾ ਸੀ ਜਾਂ ਨਹੀਂ ਇਸ ਬਾਰੇ ਅਜੇ ਕੋਈ ਖਾਸ ਸਮਝ ਨਹੀਂ ਹੈ। ਬੱਸ ਇਹ ਕਿਹਾ ਜਾ ਸਕਦਾ ਹੈ ਕਿ ਵਧੀਆ ਹਥਿਆਰ ਬਣਾਉਣ ਵਾਲ਼ਾ ਅਜੋਕਾ ਮਨੁੱਖ ਸਾਰੇ ਯੂਰਪ 'ਚ ਫੈਲ ਗਿਆ ਤੇ ਨਿਐਂਡਰਥਲੀ ਟੋਲਿਆਂ 'ਚ ਵੰਡੇ ਕੁੱਝ ਇਲਾਕਿਆਂ 'ਚ ਹੀ ਬਚੇ ਸਨ। ਇਨ੍ਹਾਂ ਦੀ ਸਾਂਝੀ ਔਲਾਦ ਦੀ ਭਿਣਕ ਨਾ ਨਿਐਂਡਰਥਲੀਆਂ ਦੇ mtDNA ਤੋਂ ਅਤੇ ਨਾ ਹੀ ਅਜੋਕੇ ਮਨੁੱਖ ਦੇ mtDNA ਤੋਂ ਮਿਲਦੀ ਹੈ।

ਉਸੇ ਸਮੇਂ ਕੁੱਝ ਕੁ ਟੋਲੇ ਮੱਧ-ਏਸ਼ੀਆ ਤੋਂ ਕੇਂਦਰੀ ਏਸ਼ੀਆ (ਚੀਨ, ਮੌਂਗੋਲੀਆ, ਰੂਸ ਵਾਲ਼ੇ ਖੇਤਰ) 'ਚ ਚਲੇ ਗਏ। ਆਪਣੇ ਸ਼ਿਕਾਰ ਦੇ ਪਿੱਛੇ ਪਿੱਛੇ ਪਹਾੜਾਂ ਦੀ ਧਾਰਾਂ ਦੇ ਦੁਆਲ਼ਿਓਂ ਹੁੰਦੇ ਹੋਏ ਉਹ 40,000 ਸਾਲ ਪਹਿਲਾਂ ਦੱਖਣੀ ਸਾਈਬੇਰੀਆ ਤੱਕ ਜਾ ਪਹੁੰਚੇ। ਇੱਥੋਂ ਕੁੱਝ ਟੋਲੇ ਅੱਡ ਅੱਡ ਹੋ ਗਏ ਤੇ ਇੱਕ ਦੇ ਜੀਨ 'ਚ ਬਦਲਾਅ ਵੀ ਆਇਆ। ਇਹ ਬਦਲਾਅ ਵਾਲ਼ੀ ਅਬਾਦੀ 'ਚੋਂ ਕਈ ਟੋਲਿਆਂ ਨੇ ਸ਼ਿਕਾਰ ਦੇ ਪਿੱਛੇ ਪਿੱਛੇ ਉੱਤਰ-ਪੂਰਬੀ ਰੂਸ ਦੇ ਨੁਨਿਆਮੋ ਵਾਲ਼ੇ ਪਾਸਿਓਂ ਡਾਇਆਮੀਦ ਟਾਪੂ ਰਾਹੀਂ ਅਲਾਸਕਾ ਦੇ ਵੇਲਜ਼ ਜਾਂ ਟਿਨ-ਸਿਟੀ ਜਾਂ ਲੂਪ-ਲੈਗੂਨ ਵਾਲ਼ੇ ਇਲਾਕੇ 'ਚ ਪਰਵੇਸ਼ ਕੀਤਾ। ਇਹ ਪਰਵਾਸ ਆਖਰੀ ਠੰਢੇ ਯੁੱਗ ਦੌਰਾਨ (ਜੋ 20,000-14,000 ਸਾਲ ਪਹਿਲਾਂ ਬਣਦਾ ਹੈ) ਜਾਂ ਉਸ ਤੋਂ ਪਹਿਲਾਂ ਹੋਇਆ ਹੋ ਸਕਦਾ ਹੈ। ਇਸਦਾ ਇੱਕ ਸਬੂਤ ਇਹ ਵੀ ਬਣਦਾ ਹੈ ਕਿ ਤਿੰਨ ਹਿਰਨਾਂ ਦੀਆਂ ਸਪੀਸੀਆਂ ਅਲਾਸਕਾ, ਕਨੇਡਾ ਤੇ ਉੱਤਰੀ ਯੂਰੇਸ਼ੀਆ 'ਚ ਉਹੀ ਹਨ, ਉਹ ਅਜੇ ਸਿਰਫ ਸਬ-ਸਪੀਸੀ ਤੱਕ ਹੀ ਵੱਖ ਹੋਈਆਂ ਹਨ। ਜਿਸ ਦਾ ਮਤਲਬ ਇਹ ਬਣਦਾ ਹੈ ਕਿ ਇਹ ਗਰੁੱਪ ਅਜੇ ਥੋੜ੍ਹੀ ਦੇਰ ਪਹਿਲਾਂ ਹੀ ਵੱਖ ਹੋਏ ਹਨ। ਇਹ ਸਪੀਸੀਆਂ ਹਨ ਰੇਂਡੀਅਰ ਜਾਂ ਕੈਰਿਬੂ (ਰੈਂਜੀਫਰ ਟਾਰੈਂਡਸ), ਮੂਸ (ਐਲਸਸ ਐਲਸਸ) ਅਤੇ ਵਾਪਿਤੀ ਜਾਂ ਐੱਲਕ (ਸਰਵਸ ਕੈਨਾਡੈੱਨਸਿਸ)। ਸ਼ਾਇਦ ਇਨ੍ਹਾਂ ਸਪੀਸੀਆਂ ਦੇ DNA markers (ਨਿਸ਼ਾਨੀਆਂ) ਦੀ ਖੋਜ ਇਹ ਵਿਚਾਰ ਸਿੱਧ ਕਰ ਦੇਵੇਗੀ। ਸ਼ਾਇਦ ਕੁੱਝ ਹੋਰ ਸਪੀਸੀਆਂ ਵੀ ਇਸ ਤਰਾਂ ਯੂਰੇਸ਼ੀਆ ਤੋਂ ਅਮਰੀਕਾ 'ਚ ਜਾਂ ਅਮਰੀਕਾ ਤੋਂ ਯੂਰੇਸ਼ੀਆ ਪਹੁੰਚੀਆਂ ਹੋਣ। ਉਨ੍ਹਾਂ 'ਚ ਬਾਈਸਨ ਜਾਂ ਅਮਰੀਕਣ ਯਾਕ{(ਬਾਈਸਨ ਬਾਈਸਨ) ਦਮਿੱਤਰੀਯੇਵ, 1984 ਸਫ਼ਾ 174}, ਰਿੱਛ (ਉਰਸਸ ਆਰਕਟੋਸ), ਬਘਿਆੜ (ਕੈਨਿਸ ਲੂਪਸ) ਆਦਿ ਹੋ ਸਕਦੇ ਹਨ ਕਿਉਂਕਿ ਇਹ ਜਾਨਵਰ ਸਿਰਫ ਸਬ-ਸਪੀਸੀ ਪੱਧਰ ਤੇ ਹੀ ਵੱਖਰੇ ਹਨ। ਇਸ ਦਾ ਕਾਰਨ ਇਹੀ ਸੋਚਿਆ ਜਾ ਸਕਦਾ ਹੈ ਕਿ ਅਜੇ ਥੋੜ੍ਹੀ ਦੇਰ ਪਹਿਲਾਂ ਹੀ ਇਨ੍ਹਾਂ ਜਾਨਵਰਾਂ ਦੀਆਂ ਅਬਾਦੀਆਂ ਵੱਖਰੀਆਂ ਹੋਈਆਂ ਹੋਣਗੀਆਂ। ਜ਼ਿਆਦਾ ਦੇਰ ਨਾਲ਼ ਜ਼ਿਆਦਾ ਫਰਕ ਆਉਣ ਦੀ ਸੰਭਾਵਨਾ ਹੁੰਦੀ ਹੈ। ਵੈਸੇ ਪੰਛੀਆਂ ਦੀਆਂ ਵੀ ਕੁੱਝ ਸਪੀਸੀਆਂ ਉਹੀ ਹਨ, ਪਰ ਪੰਛੀਆਂ ਦੀ ਉਡਣ ਸਮਰੱਥਾ ਨੂੰ ਧਿਆਨ 'ਚ ਰੱਖਦੇ ਹੋਏ ਅਜਿਹੀ ਸੰਭਾਵਨਾ ਹੋ ਹੀ ਸਕਦੀ ਹੈ ਤੇ ਪੰਛੀਆਂ 'ਚ ਅਜਿਹੀ ਪਰਵਾਸੀ ਕਾਰਵਾਈ ਕਦੇ ਵੀ ਹੋਈ ਹੋ ਸਕਦੀ ਹੈ। ਇਸ ਪੱਖ ਤੋਂ ਅਜੇ ਕਿਸੇ ਵਿਗਿਆਨੀ ਨੇ ਕੁੱਝ ਖੋਜ ਨਹੀਂ ਕੀਤੀ ਲਗਦੀ।

ਬੈਰਿੰਗ ਸਮੁੰਦਰੀ ਪਾੜੇ ਨੂੰ ਪਾਰ ਕਰਨਾ ਮੇਰੇ ਆਪਣੇ ਵਿਚਾਰ ਮੁਤਾਬਿਕ ਸੰਭਵ ਸੀ ਕਿਉਂਕਿ ਸਰਦੀਆਂ ਦੇ ਦਿਨਾਂ 'ਚ ਅੱਜ-ਕੱਲ੍ਹ ਵੀ 3 ਮਹੀਨੇ ਦੇ ਕਰੀਬ ਬੈਰਿੰਗ ਪਾੜੇ ਵਾਲ਼ਾ ਚਕਚੀ ਸਮੁੰਦਰ ਜਮਿਆ ਰਹਿੰਦਾ ਹੈ। ਇਸ ਤੋਂ ਅਜੇ ਵੀ ਅਸੀਂ ਪੈਦਲ ਇੱਧਰ-ਉੱਧਰ ਜਾ ਸਕਦੇ ਹਾਂ। ਉਨ੍ਹਾਂ ਟੋਲਿਆਂ 'ਚੋਂ ਤੇ ਸ਼ਿਕਾਰ ਦੇ ਇੱਜੜਾਂ 'ਚੋਂ ਵੀ ਪਤਲੀ ਬਰਫ ਦੀ ਤਹਿ 'ਚੋਂ ਖੁੱਭ ਕੇ ਬਹੁਤ ਸਾਰੇ ਸਮੁੰਦਰ ਦੀ ਭੇਟ ਚੜ੍ਹੇ ਹੋਣਗੇ। ਸ਼ਾਇਦ ਉਸ ਠੰਢੇ ਸਮੁੰਦਰ ਦੇ ਤਲ ਤੋਂ ਕਦੇ ਇਹ ਤੱਥ ਲੱਭ ਵੀ ਜਾਣ। ਪੈਨਸਿਲਵੈਨੀਆ (ਸੰਯੁਕਤ ਰਾਜ ਅਮਰੀਕਾ) ਦੇ ਮੈਡੋਕਰਾਫਟ-ਬਸੇਰਾ (ਸ਼ੈੱਲਟਰ) ਤੋਂ 16,000 ਸਾਲ, ਦੱਖਣੀ ਚਿੱਲੀ ਦੇ ਮੌਂਤ-ਵਰਦ ਤੋਂ 14,000 ਸਾਲ ਅਤੇ ਸਵਾਨਾ ਦਰਿਆ ਨੇੜੇ ਐਲਨਡੇਲ ਕਾਉਂਟੀ ਤੋਂ 50,000 ਸਾਲ ਪੁਰਾਣੇ ਔਜਾਰ ਤੇ ਦੂਜੀਆਂ ਚੀਜ਼ਾਂ ਮਿਲਣਾ ਇਸ ਕਹਾਣੀ ਨੂੰ ਕਾਫੀ ਪੁਰਾਣੀ ਬਣਾ ਦਿੰਦੇ ਹਨ। ਪਰ ਇੱਕ ਗੱਲ ਤਾਂ ਸਾਬਤ ਹੋ ਚੁੱਕੀ ਹੈ ਕਿ ਅਮੈਰੀਇੰਡੀਅਨ ਕਹੇ ਜਾਣ ਵਾਲ਼ੇ ਅਮਰੀਕੀ ਆਦਿਵਾਸੀ ਅਫਰੀਕਾ ਤੋਂ ਅਲਾਸਕਾ ਰਾਹੀਂ ਆਏ ਹਨ। ਕੁੱਝ ਰੌਲ਼ਾ ਅਮੈਰੀਇੰਡੀਅਨਾਂ ਦੇ ਯੂਰਪ ਤੋਂ ਆਉਣ ਦਾ ਵੀ ਹੈ ਜੋ ਸਭ ਰਹਿੰਦੇ ਆਦਿਵਾਸੀਆਂ ਦੇ ਕਬੀਲਿਆਂ ਦੇ DNA markers ਜਾਂ ਨਿਸ਼ਾਨੀਆਂ ਦਾ ਪਤਾ ਕਰਕੇ ਸਾਫ ਕੀਤਾ ਜਾ ਸਕਦਾ ਹੈ। ਅਮਰੀਕਾ ਵਿੱਚ ਆ ਕੇ ਇੱਥੇ ਉਨ੍ਹਾਂ ਨੂੰ ਬਾਈਸਨ ਤੇ ਮੈਮਥ ਵਰਗੇ ਸੌਖੇ ਸ਼ਿਕਾਰ ਨਾਲ਼ ਭਰਪੂਰ ਮੈਦਾਨ ਮਿਲੇ। ਹੌਲ਼ੀ ਹੌਲ਼ੀ ਸਾਰਾ ਅਮਰੀਕਾ ਉਨ੍ਹਾਂ ਦਾ ਹੋ ਗਿਆ। ਇਹ ਉਹੀ ਅਮਰੀਕਾ ਸੀ ਜੋ ਕੋਲੰਬਸ ਵੱਲੋਂ ਢੂੰਡਿਆ ਹੋਇਆ ਦੱਸਿਆ ਗਿਆ, ਜਿਸ ਦਾ ਨਾਂ ਕੋਲੰਬਸ ਤੋਂ ਪਿੱਛੋਂ ਆਏ ਇਟਾਲੀਅਨ ਵੈੱਸਪੂਚੀ ਅਮੈਰੀਗੋ ਦੇ ਨਾਂ ਤੇ ਪਿਆ। ਕਿਸੇ ਯੂਰਪੀਅਨ ਫਿਲਾਸਫਰ ਨੇ ਵੀ ਅਮਰੀਕਣ ਆਦਿਵਾਸੀਆਂ ਦੇ ਨਾਵਾਂ ਦੀ ਪਰਵਾਹ ਨਹੀਂ ਕੀਤੀ ਤੇ ਅਮੈਰੀਗੋ ਲੈਂਡ

ਤੋਂ ਹੌਲ਼ੀ ਹੌਲ਼ੀ ਅਮਰੀਕਾ ਹੀ ਬਣ ਗਿਆ।

ਧੰਨਵਾਦ

ਮੈਂ ਪੰਜਾਬੀ ਕਲਮਾਂ ਦੇ ਕਾਫਲੇ ਦੇ ਮੈਂਬਰਾਂ ਦਾ ਅਤਿ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਲੇਖ ਦੀ ਗੱਲ-ਬਾਤ ਨੂੰ ਸਮਾਂ ਦਿੱਤਾ ਜਿਸ ਨਾਲ਼ ਮੈਂ ਆਪਣਾ ਲੇਖ ਹੋਰ ਸਾਰਥਿਕ ਬਣਾ ਸਕਿਆ ਹਾਂ। ਅਜੇ ਵੀ ਜੇ ਕਿਸੇ ਦਾ ਕੋਈ ਸਵਾਲ ਹੋਵੇ ਤਾਂ ਉਹ ਹਵਾਲਿਆਂ 'ਚ ਦਿੱਤੇ ਹੋਏ ਇੰਟਰਨੈੱਟ ਸਾਈਟਾਂ ਤੇ ਜਾ ਕੇ ਦੇਖ ਸਕਦਾ ਹੈ। ਮੈਂ ਆਪਣੇ ਈ-ਮੇਲ ਐਡਰੈੱਸ ਵੀ ਦਿੱਤੇ ਹੋਏ ਹਨ, ਮੇਰੇ ਨਾਲ਼ ਵੀ ਤੁਸੀਂ ਆਪਣੇ ਸਵਾਲ ਜਾਂ ਟਿੱਪਣੀਆਂ ਸਾਂਝੀਆਂ ਕਰ ਸਕਦੇ ਹੋ। ਮੈਂ ਇਸ ਲੇਖ ਲਈ ਵਿਕੀਪੀਡੀਆ ਵੀ ਸਰੋਤ ਵੱਜੋਂ ਵਰਤਿਆ ਹੈ ਇਸ ਲਈ ਉਨ੍ਹਾਂ ਦਾ ਧੰਨਵਾਦੀ ਹਾਂ।





ਹਵਾਲੇ

- Atlas of human journey. https://genographic.nationalgeographic.com/genographic/atlas.html
- Bear. http://en.wikipedia.org/wiki/Bear
- Dmitriyev, Y. (1984) Man and Animals. Raduga Publishers, Moscow.
- Gray Wolf. http://en.wikipedia.org/wiki/Wolf
- Hominid fossils sites. http:/www.handprint.com/LS/ANC/disp.html/
- Journey of mankind: The peopling of the world. http://www.bradshawfoundation.com/journey/
- New Evidence Puts Man In North America 50,000 Years Ago. http://www.sciencedaily.com/releases/2004/11/041118104010.htm
- Ovum. http://en.wikipedia.org/wiki/Ovum
- ਸ਼ਰੀਵ (2006) Human migration. png http://en.wikipedia.org/wiki/File:Human_migration.png
- The greatest journey. http://ngm.nationalgeographic.com/2006/03/human-journey/shreeve-text.html
- TheInitial movement out of African: Migrations of Homo erectus http://www.mesacc.edu/dept/d10/asb/origins/hominid_journey/asianerectus.html
- Transitional human fossils: Six million years of human ancestry. http://darwiniana.org/hominid.htm
- What genes and fossils tell us? http:///ngm.nationalgeographic.com/ngm/0603/feature2/map.html
- Wible et al. (2007) Cretaceous eutherians and Laurasian origin for placental mammals near the K/T boundary. http://www.nature.com/nature/journal/v447/n7147/abs/nature05854.html

ਮੌਤ ਦੇ ਬਾਅਦ ਅਖੌਤੀ ਰਸਤੇ ਬਾਰੇ

ਹਰ ਧਰਮ ਵਿੱਚ ਮਰਨ ਉਪਰੰਤ ਇੱਕ ਗੱਲ ਤਾਂ ਸਾਂਝੀ ਹੈ ਕਿ ਇਨਸਾਨ ਦੇ ਇਸ ਜਨਮ ਵਿੱਚ ਕੀਤੇ ਕਰਮਾਂ ਦਾ ਲੇਖਾ ਜੋਖਾ ਜ਼ਰੂਰ ਹੁੰਦਾ ਹੈ ਪ੍ਰੰਤੂ ਲੇਖਾ ਕਰਨ ਦੇ ਢੰਗ ਤਰੀਕਿਆਂ ਤੇ ਮਰਨ ਉਪਰੰਤ ਰੱਬ ਦੀ ਕਚਹਿਰੀ ਤੱਕ ਪਹੁੰਚਣ ਬਾਰੇ ਜ਼ਰੂਰ ਵੱਖ-ਵੱਖ ਰਾਇਆਂ ਹਨ। ਇਸਲਾਮ ਅਨੁਸਾਰ ਪਰਲੋਂ ਦੇ ਦਿਨ ਜਾਂ ਫਿਰ ਕਿਆਮਤ ਦੇ ਦਿਨ ਸਾਰੇ ਮੁਰਦੇ ਕਬਰਾਂ 'ਚੋਂ ਉੱਠ ਖੜੋਨਗੇ ਤੇ ਉਨ੍ਹਾਂ ਦੇ ਕਰਮਾਂ ਦਾ ਲੇਖਾ ਜੋਖਾ ਕਰਕੇ ਉਨ੍ਹਾਂ ਦੀ ਕਿਸਮਤ ਦਾ ਫੈਸਲਾ ਕੀਤਾ ਜਾਵੇਗਾ, ਉਸ ਅਨੁਸਾਰ ਹੀ ਉਨ੍ਹਾਂ ਨੂੰ ਸਵਰਗ ਜਾਂ ਫਿਰ ਦੋਜਖ਼ ਵਿਚ ਭੇਜਿਆ ਜਾਵੇਗਾ, ਇਸੇ ਤਰ੍ਹਾਂ ਹੀ ਹਿੰਦੂ ਧਰਮ ਵਿੱਚ ਲਿਖਿਆ ਗਿਆ ਹੈ ਕਿ ਮਰਨ ਉਪਰੰਤ ਰੂਹ ਨੂੰ ਧਰਮਰਾਜ ਤੱਕ ਪਹੁੰਚਣ ਲਈ ਲੰਮਾ ਸਫ਼ਰ ਤਹਿ ਕਰਨਾ ਪੈਂਦਾ ਹੈ। ਰਾਹ ਵਿੱਚ ਭਾਰੀ ਰੁਕਾਵਟਾਂ ਆਉਂਦੀਆਂ ਹਨ ਤੇ ਇਨ੍ਹਾਂ ਰੁਕਾਵਟਾਂ ਨੂੰ ਪਾਰ ਕਰਨ ਲਈ ਜਿਉਂਦੇ ਜੀ ਕਈ ਯਤਨ ਕਰਨੇ ਪੈਂਦੇ ਹਨ, ਜੇਕਰ ਕੋਈ ਇਹ ਯਤਨ ਕਰ ਲੈਂਦਾ ਹੈ ਤਾਂ ਉਸਦਾ ਇਨ੍ਹਾਂ ਰੁਕਾਵਟਾਂ ਨੂੰ ਪਾਰ ਕਰਨਾ ਆਸਾਨ ਤੇ ਨਿਸ਼ਚਿਤ ਹੋ ਜਾਂਦਾ ਹੈ, ਅਜਿਹੇ ਯਤਨਾਂ ਵਿੱਚ ਅਸਫਲ ਰਹਿਣ ਵਾਲਿਆਂ ਨੂੰ ਅਥਾਹ ਮੁਸ਼ਕਲਾਂ ਆਉਂਦੀਆਂ ਹਨ ਤੇ ਉਹ ਜਦੋਂ ਇਸ ਰਾਹ ਤੇ ਅੱਗੇ ਨਹੀਂ ਵਧ ਸਕਦੇ ਤਾਂ ਉਨ੍ਹਾਂ ਨੂੰ ਪ੍ਰੇਤ ਬਣਕੇ ਇਸ ਧਰਤੀ ਤੇ ਭੁੱਖੇ ਨੰਗੇ ਘੁੰਮਣਾ ਪੈਂਦਾ ਹੈ। ਉਹ ਦੁਖੀ ਹੁੰਦੇ ਹਨ, ਚੀਕਾਂ ਮਾਰਦੇ ਹਨ ਪ੍ਰੰਤੂ ਉਨ੍ਹਾਂ ਦੀ ਆਵਾਜ਼ ਕਿਸੇ ਨੂੰ ਸੁਣਾਈ ਨਹੀਂ ਦਿੰਦੀ ਆਖਰ ਤੰਗ ਆ ਕੇ ਉਹ ਆਪਣੀ ਹੀ ਔਲਾਦ ਨੂੰ ਪਰੇਸ਼ਾਨ ਕਰਨ ਲੱਗਦੇ ਹਨ, ਉਨ੍ਹਾਂ ਦਾ ਕੋਈ ਨੁਕਸਾਨ ਕਰ ਦਿੰਦੇ ਹਨ, ਉਨ੍ਹਾਂ ਦਾ ਕੋਈ ਕੰਮ ਸਿਰੇ ਨਹੀਂ ਚੜ੍ਹਨ ਦਿੰਦੇ, ਉਨ੍ਹਾਂ ਦੇ ਕਿਸੇ ਮੈਂਬਰ ਵਿੱਚ ਵੜਕੇ ਬੋਲਦੇ ਹਨ ਤੇ ਆਖਦੇ ਹਨ ਕਿ ਉਨ੍ਹਾਂ ਦੀ ਗਤੀ ਕਰਾਈ ਜਾਵੇ ਤਾਂ ਕਿ ਉਹ ਇਸ ਸੰਸਾਰ ਨੂੰ ਤਿਆਗ ਕੇ ਪ੍ਰਲੋਕ ਵਿੱਚ ਵਾਸਾ ਕਰਨ ਦੇ ਯੋਗ ਹੋ ਜਾਣ। ਹੁਣ ਸਿਆਣੇ ਤੰਤਰੀ ਉਨ੍ਹਾਂ ਦੀ ਭਾਸ਼ਾ ਸਮਝਕੇ ਉਨ੍ਹਾਂ ਦੀ ਗਤੀ ਕਰਾਉਣ ਦਾ ਸੁਝਾਅ ਦਿੰਦੇ ਹਨ। ਇਹ ਸਾਰੀਆਂ ਗੱਲਾਂ ਵਹਿਮ ਭਰਮ ਤੇ ਪਖੰਡ ਨਾਲ ਜੁੜੀਆਂ ਹੋਈਆਂ ਹਨ। ਇਨ੍ਹਾਂ ਦਾ ਸਮਾਜ ਨੂੰ ਲਾਭ ਘੱਟ ਤੇ ਨੁਕਸਾਨ ਵਧੇਰੇ ਹੁੰਦਾ ਹੈ। ਸੰਸਾਰ ਅਗਿਆਨ ਦਾ ਰਸਤਾ ਅਪਣਾ ਕੇ ਹਨ੍ਹੇਰੇ ਵਿੱਚ ਠੋਕਰਾਂ ਖਾਣ ਲੱਗਦਾ ਹੈ ਤੇ ਪਖੰਡੀਆਂ ਨੂੰ ਆਪਣੇ ਪਖੰਡ ਦਾ ਚੰਗਾ ਫ਼ਲ ਮਿਲਦਾ ਹੈ। ਉਹ ਇਸ ਤਰ੍ਹਾਂ ਦੇ ਪਖੰਡ ਕਰ ਕੇ ਸਾਧਾਰਣ ਲੋਕਾਂ ਦੇ ਮਨਾਂ ਨੂੰ ਦਹਿਸ਼ਤਜਦਾ ਕਰ ਦਿੰਦੇ ਹਨ ਤੇ ਆਪਦੀਆਂ ਰੋਟੀਆਂ ਸੇਕਦੇ ਰਹਿੰਦੇ ਹਨ। ਇਸ ਪ੍ਰਕਾਰ ਸਾਧਾਰਣ ਲੋਕੀਂ ਮਾਨਸਿਕ ਰੋਗਾਂ ਨੂੰ ਭੂਤਾਂ ਪ੍ਰੇਤਾਂ ਦਾ ਸਾਇਆ ਸਮਝਕੇ ਔਝੜ ਰਸਤੇ ਪੈ ਜਾਂਦੇ ਹਨ ਜਿਸ ਦੇ ਦੋ ਕਿਸਮ ਦੇ ਪ੍ਰਭਾਵ ਪੈਂਦੇ ਹਨ। ਪਹਿਲੀ ਗੱਲ ਤਾਂ ਮਾਨਸਿਕ ਰੋਗੀ ਸਹੀ ਇਲਾਜ ਤੋਂ ਵਾਝਿਆ ਰਹਿ ਜਾਂਦਾ ਹੈ ਤੇ ਕਈ ਵਾਰੀ ਤਾਂ ਇਨ੍ਹਾਂ ਤੰਤਰੀਆਂ ਦੀਆਂ ਮਾਰਾਂ ਖਾ ਕੇ ਉਸਦੀ ਜਾਨ ਵੀ ਚਲੀ ਜਾਂਦੀ ਹੈ ਜਿਸ ਦਾ ਦੋਸ਼ ਪ੍ਰੇਤ ਆਤਮਾਵਾਂ ਦੇ ਸਿਰ ਮੜ੍ਹਕੇ ਤੰਤਰੀ ਸਾਫ਼ ਬਰੀ ਹੋ ਜਾਂਦੇ ਹਨ। ਦੂਸਰੀ ਗੱਲ ਇਨ੍ਹਾਂ ਤੰਤਰੀਆਂ ਦੇ ਪੌ ਬਾਰਾਂ ਹੋ ਜਾਂਦੇ ਹਨ। ਉਹ ਅਜਿਹਾ ਇਲਾਜ ਕਰਦਿਆਂ ਮੋਟੀਆਂ ਰਕਮਾਂ ਵਸੂਲ ਕਰਦੇ ਹਨ ਅਤੇ ਆਪਣਾ ਮੌਜ ਮੇਲਾ ਕਰਦੇ ਰਹਿੰਦੇ ਹਨ। ਇਥੇ ਇਹ ਵੀ ਵਰਨਣਯੋਗ ਹੈ ਕਿ ਜਿਹੜੇ ਸਾਧਾਰਣ ਪੁਰਸ਼ ਇਹੋ ਜਿਹੀਆਂ ਗੱਲਾਂ ਵਿੱਚ ਵਿਸ਼ਵਾਸ ਲਿਆ ਕੇ ਇਨ੍ਹਾਂ ਤੰਤਰੀਆਂ ਦੇ ਢਹੇ ਚੜ੍ਹ ਜਾਂਦੇ ਹਨ ਉਨ੍ਹਾਂ ਦਾ ਕੁੱਝ ਵੀ ਨਹੀਂ ਬਚਦਾ, ਬਰਬਾਦ ਹੋ ਜਾਂਦੇ ਹਨ।

ਇਸੇ ਪ੍ਰਕਾਰ ਹੀ ਮਰਨ ਉਪਰੰਤ ਕਿਆਸੀ (ਕਲਪਿਤ, ਅਨੁਮਾਨਿਤ) ਰਸਤੇ ਬਾਰੇ ਪ੍ਰਚਾਰ ਇਸ ਲਈ ਕੀਤਾ ਜਾਂਦਾ ਹੈ ਕਿ ਆਪਣੇ ਜੀਵਨ ਕਾਲ ਵਿੱਚ ਮਰਨ ਉਪਰੰਤ ਅਜੋਕੇ ਰਸਤੇ ਤੋਂ ਡਰਿਆ ਮਨੁੱਖ ਪੁੰਨ ਦਾਨ ਦੇ ਰਸਤੇ ਪੈ ਜਾਵੇ ਤੇ ਉਸਦੇ ਮਰਨ ਉਪਰੰਤ ਉਸਦੇ ਵਾਰਸ ਉਸ ਨਾਲ ਭਾਵਨਾਤਮਕ ਤੰਦਾਂ ਨੂੰ ਜੋੜਦਿਆਂ ਉਸਦਾ ਰਾਹ ਸੁਖਾਲਾ ਕਰਨ ਲਈ ਪੁੰਨ ਦਾਨ ਦਾ ਰਸਤਾ ਅਪਨਾ ਲੈਣ। ਇਸ ਰਸਤੇ ਬਾਰੇ ਬੜੀਆਂ ਹੀ ਭਿਆਨਕ ਗੱਲਾਂ ਪ੍ਰਸਾਰੀਆਂ ਜਾਂਦੀਆਂ ਹਨ। ਆਖਿਆ ਜਾਂਦਾ ਹੈ ਕਿ ਰੂਹ ਨੂੰ ਕੰਡਿਆਲੇ ਰਸਤੇ ਤੋਂ ਗੁਜ਼ਰਨਾ ਪੈਂਦਾ ਹੈ, ਉਸ ਦੇ ਪੈਰ ਨੰਗੇ ਹੁੰਦੇ ਹਨ, ਉਸ ਦੇ ਪੈਰਾਂ ਵਿੱਚ ਕੰਡੇ ਚੁਭ ਜਾਂਦੇ ਹਨ ਤੇ ਉਹ ਤੁਰ ਨਹੀਂ ਸਕਦਾ ਤੇ ਵਾਪਸ ਪਰਤ ਕੇ ਪ੍ਰੇਤ ਬਣ ਜਾਂਦਾ ਹੈ। ਭਲਾਂ ਜੇ ਕੋਈ ਪੁੱਛੇ ਬਈ ਇੱਕ ਪਾਸੇ ਤਾਂ ਤੁਸੀਂ ਆਖਦੇ ਹੋ ਕਿ ਰੂਹ ਜਾਂ ਫਿਰ ਆਤਮਾ ਬਿਨਾ ਸਰੀਰ ਤੋਂ ਹਵਾ ਵਿੱਚ ਘੁੰਮਦੀ ਰਹਿੰਦੀ ਹੈ, ਦੂਸਰੇ ਪਾਸੇ ਤੁਸੀਂ ਉਸਦੇ ਪੈਰਾਂ ਵਿੱਚ ਕੰਡੇ ਚੁਭਦੇ ਦੱਸਦੇ ਹੋ, ਇਹ ਕਿੱਥੋਂ ਦੀ ਸੱਚਾਈ ਤੇ ਮੰਨਣਯੋਗ ਗੱਲ ਹੈ ਭਲਾਂ? ਇਹ ਸਾਰਾ ਢੋਂਗ ਕੇਵਲ ਜੁੱਤੀ ਦਾਨ ਕਰਾਉਣ ਲਈ ਰਚਿਆ ਗਿਆ ਹੈ ਕਿ ਵਾਰਿਸ ਕਿਸੇ ਬ੍ਰਾਹਮਣ ਜਾਂ ਫਿਰ ਕਿਸੇ ਹੋਰ ਧਾਰਮਿਕ ਪੁਜਾਰੀ ਨੂੰ ਮਰਨ ਵਾਲੇ ਦੇ ਨਮਿੱਤ ਜੁੱਤੀ ਲੈ ਕੇ ਦੇਣ ਜਿਹੜੀ ਉਹ ਮੁਫ਼ਤ ਵਿੱਚ ਹੀ ਪਾ ਕੇ ਹੰਢਾ ਲਵੇ। ਇਸੇ ਤਰ੍ਹਾਂ ਹੀ ਆਖਿਆ ਜਾਂਦਾ ਹੈ ਕਿ ਮਰਨ ਵਾਲੇ ਦੇ ਆਰਾਮ ਕਰਨ ਲਈ ਉਥੇ ਕੋਈ ਬਿਸਤਰ ਨਹੀਂ ਉਸ ਲਈ ਬਿਸਤਰ ਤੇ ਮੰਜੇ ਦਾ ਪ੍ਰਬੰਧ ਕਰੇ ਨਹੀਂ ਤਾਂ ਉਹ ਠੰਢ ਨਾਲ ਮਰ ਜਾਵੇਗਾ। ਇਕ ਬਿਸਤਰ ਉਸਦੇ ਗਰਮੀਆਂ ਵਿੱਚ ਹੇਠਾਂ ਉਪਰ ਵਿਛਾਉਣ ਲਈ ਵੀ ਚਾਹੀਦਾ ਹੈ ਤੇ ਸਿਆਲ ਤੇ ਹਾੜ੍ਹ ਵਿੱਚ ਪਾਉਣ ਵਾਲੇ ਕੱਪੜੇ ਜਿਹੜੇ ਉਸਦੇ ਪਹਿਨਣਯੋਗ ਹੋਣ, ਨਹੀਂ ਤਾਂ ਵਿਛੜੀ ਰੂਹ ਨੂੰ ਭਾਰੀ ਕਸ਼ਟ ਉਠਾਉਣਾ ਪਵੇਗਾ। ਧਰਮਚਾਰੀਆਂ ਦੀਆਂ ਗੱਲਾਂ ਤੇ ਧਿਆਨ ਧਰਦਿਆਂ ਵਾਰਸ ਸੱਭ ਕੁਝ ਕਰਦੇ ਹਨ ਨਹੀਂ ਤਾਂ ਉਨ੍ਹਾਂ ਦੇ ਮਨ ਵਿੱਚ ਡਰ ਰਹਿੰਦਾ ਹੈ ਕਿ ਕਿਧਰੇ ਉਨ੍ਹਾਂ ਦਾ ਮਾਪਾ ਪ੍ਰੇਤ ਜੂਨੀ ਵਿੱਚ ਨਾ ਪੈ ਜਾਵੇ।

ਮੂਲ - ਰਾਮ ਨਾਥ ਸ਼ੁਕਲਾ
ਪੇਸ਼ਕਸ਼ - ਪਵਨ ਕੁਮਾਰ ਰੱਤੋਂ

ਕਈ ਵਾਰੀ ਅਜਿਹਾ ਵੀ ਹੁੰਦਾ ਹੈ ਕਿ ਕਿਸੇ ਮਨ ਦੇ ਕਮਜ਼ੋਰ ਮਨੁੱਖ ਜਿਸ ਦਾ ਤੰਤੂ ਪ੍ਰਬੰਧ ਕਮਜ਼ੋਰ ਹੁੰਦਾ ਹੈ ਨੂੰ ਅਜਿਹਾ ਸੁਪਨਾ ਵੀ ਆ ਜਾਂਦਾ ਹੈ ਜਿਸ ਤਰ੍ਹਾਂ ਉਸਨੇ ਆਪਣੇ ਉਸ ਬਜ਼ੁਰਗ ਨੂੰ ਵੇਖਿਆ ਹੋਵੇ ਤੇ ਉਹ ਨੰਗੇ ਧੜ ਤੇ ਨੰਗੇ ਪੈਰ ਘੁੰਮ ਰਿਹਾ ਹੋਵੇ। ਇਸ ਸੁਪਨੇ ਨੂੰ ਲੈ ਕੇ ਉਹ ਕਿਸੇ ਨਜ਼ੂਮੀ (ਜੋਤਸ਼ੀ), ਧਾਰਮਿਕ ਪੁਜਾਰੀ ਜਾਂ ਫਿਰ ਪਾਧੇ ਪੰਡਤ ਪਾਸ ਜਾਂਦੇ ਹਨ ਤਾਂ ਉਹ ਇਸ ਦੇ ਬਾਰੇ ਆਖਦਾ ਹੈ ਕਿ ਤੁਹਾਡਾ ਪਿੱਤਰ ਪ੍ਰੇਤ ਬਣ ਗਿਆ ਹੈ, ਉਸਦੀ ਗਤ ਕਰਾਓ ਤਾਂ ਹੀ ਘਰ ਵਿੱਚ ਸ਼ਾਂਤੀ ਰਹਿ ਸਕਦੀ ਹੈ। ਘਰ ਦੇ ਮੈਂਬਰ ਮੁਸੀਬਤ ਵਿੱਚ ਪੈ ਜਾਂਦੇ ਹਨ ਤੇ ਉਹ ਹਰ ਯਤਨ ਕਰਨ ਲਈ ਤਿਆਰ ਹੋ ਜਾਂਦੇ ਹਨ ਜਿਹੜਾ ਧਰਮ ਗੁਰੂ ਨੇ ਆਖਿਆ ਹੁੰਦਾ ਹੈ। ਉਹ ਅਜਿਹਾ ਕੁੱਝ ਆਪਣੀ ਸ਼ਾਂਤੀ ਲਈ ਕਰਦੇ ਹਨ, ਅਜਿਹਾ ਨਾ ਕਰਨ ਨਾਲ ਉਨ੍ਹਾਂ ਦੇ ਆਪਣੇ ਘਰ ਦੀ ਸ਼ਾਂਤੀ ਭੰਗ ਹੁੰਦੀ ਹੈ, ਉਹ ਧਰਮਚਾਰੀਆਂ ਦੇ ਦੱਸੇ ਅਨੁਸਾਰ ਯੱਗ, ਹੋਮ ਤੇ ਪਾਠ ਵੀ ਕਰਾਉਂਦੇ ਹਨ, ਪੁੰਨ ਦਾਨ ਵੀ ਕਰਦੇ ਹਨ, ਤੀਰਥ ਯਾਤਰਾ ਵੀ ਕਰਦੇ ਹਨ ਤੇ ਤੀਰਥਾਂ ਤੇ ਬੈਠੇ ਪ੍ਰੋਹਿਤਾਂ ਦੀ ਵੀ ਸੇਵਾ ਕਰਦੇ ਹਨ।

ਇਸੇ ਪ੍ਰਕਾਰ ਇਹ ਧਰਮਾਚਾਰੀ ਮਨੁੱਖ ਦੀ ਹੈਸੀਅਤ ਵੇਖ ਕੇ ਦੱਸ ਦਿੰਦੇ ਹਨ ਕਿ ਤੁਹਾਡਾ ਪਿੱਤਰ ਤਾਂ ਪਿਆਸਾ ਹੈ, ਪਾਣੀ ਦਾ ਪ੍ਰਬੰਧ ਕਰੋ, ਚਾਂਦੀ ਜਾਂ ਫਿਰ ਸੋਨੇ ਜਾਂ ਪਿੱਤਲ ਦੀ ਗਾਗਰ ਲੈ ਕੇ ਪੁੰਨ ਕਰੋ ਤਾਂ ਹੀ ਜਾ ਕੇ ਤੁਹਾਡੇ ਪਿੱਤਰ ਦੇ ਪੀਣ ਲਈ ਪਾਣੀ ਦਾ ਪ੍ਰਬੰਧ ਹੋਵੇਗਾ। ਸਾਧਾਰਣ ਮਨੁੱਖ ਏਨਾ ਸੂਝਵਾਨ ਨਹੀਂ ਹੁੰਦਾ, ਉਹ ਇਹ ਨਹੀਂ ਸੋਚਦਾ ਕਿ ਜਿਸ ਆਤਮਾ ਦਾ ਸਰੀਰ ਹੀ ਨਹੀਂ ਉਹ ਪਾਣੀ ਕਿਵੇਂ ਪੀਵੇਗੀ। ਜੇਕਰ ਭੋਲੀ ਜਨਤਾ ਐਨੀ ਤਰਕ ਜਾਣਦੀ ਹੋਵੇ ਤਾਂ ਇਸ ਦੇਸ਼ ਤੇ ਕੌਮ ਦਾ ਕਲਿਆਣ/ਭਲਾ ਨਾ ਹੋ ਜਾਵੇ। ਇਹ ਧਾਰਮਿਕ ਪੁਜਾਰੀ ਐਨੇ ਸ਼ਾਤਰ ਹਨ ਕਿ ਇਨ੍ਹਾਂ ਨੇ ਆਪਣੇ ਆਪ ਨੂੰ ਰੱਬੀ ਗਿਆਨ ਦੇ ਕਰਤਾ ਧਰਤਾ ਬਣਾ ਕੇ ਸੱਭੋ ਕੁੱਝ ਆਪਣੇ ਤੱਕ ਹੀ ਸੀਮਤ ਕਰ ਲਿਆ ਹੈ ਤੇ ਧਾਰਮਿਕ ਗ੍ਰੰਥਾਂ ਨੂੰ ਪਵਿੱਤਰ ਗ੍ਰੰਥ ਸਮਝਕੇ ਇਨ੍ਹਾਂ ਦੀ ਸਾਂਭ ਸੰਭਾਲ ਕਰਨਾ, ਇਨ੍ਹਾਂ ਦਾ ਵਾਚਣਾ ਆਪਣੇ ਤੱਕ ਹੀ ਮਹਿਦੂਦ ਕਰ ਲਿਆ ਹੈ, ਸਾਧਾਰਣ ਲੋਕਾਂ ਲਈ ਇਨ੍ਹਾਂ ਵਿਚਲੇ ਗਿਆਨ ਨੂੰ ਪ੍ਰਾਪਤ ਕਰਨਾ ਕੇਵਲ ਪੁਜਾਰੀਆਂ ਦੁਆਰਾ ਹੀ ਕੀਤਾ ਜਾ ਸਕਦਾ ਹੈ, ਉਨ੍ਹਾਂ ਨੂੰ ਇਹ ਧਾਰਮਿਕ ਗ੍ਰੰਥ ਰੱਖਣ ਦੀ ਆਗਿਆ ਨਹੀਂ ਹੈ। ਇਹ ਧਾਰਮਿਕ ਪੁਜਾਰੀਆਂ ਦਾ ਕਿੰਨਾ ਵੱਡਾ ਸੁਆਰਥ ਹੈ, ਉਹ ਸਾਧਾਰਣ ਲੋਕਾਂ ਨੂੰ ਵਹਿਮਾਂ-ਭਰਮਾਂ ਵਿੱਚ ਰੱਖ ਕੇ ਹਮੇਸ਼ਾ ਆਪਣਾ ਉੱਲੂ ਸਿੱਧਾ ਕਰਦੇ ਆਏ ਹਨ ਤੇ ਨਾਲ ਹੀ ਕਹਿੰਦੇ ਆਏ ਹਨ ਕਿ ਗੁਰੂ ਬਿਨਾਂ ਉਨ੍ਹਾਂ ਦਾ ਕਲਿਆਣ ਨਹੀਂ ਹੋ ਸਕਦਾ ਤੇ ਗੁਰੂ ਵੀ ਉਹ ਆਪ ਹੀ ਹਨ। ਜੇਕਰ ਕੋਈ ਕਿੰਤੂ ਪ੍ਰੰਤੂ ਕਰਦਾ ਹੈ ਤਾਂ ਆਖਦੇ ਹਨ, "ਗੁਰੂ ਤੇ ਪੂਰੀ ਸ਼ਰਧਾ ਲਿਆਓ ਨਹੀਂ ਤਾਂ ਸਾਰੇ ਕਰਮ ਨਿਸ਼ਫਲ ਜਾਣਗੇ।" ਸਾਧਾਰਣ ਮਨੁੱਖ ਰੱਬ ਤੋਂ ਵੀ ਡਰਦਾ ਹੈ। ਇਨ੍ਹਾਂ ਗੁਰੂਆਂ ਤੋਂ ਰੱਬ ਨਾਲੋਂ ਵੀ ਵਧੇਰੇ ਡਰਨ ਲੱਗ ਜਾਂਦਾ ਹੈ, ਇਨ੍ਹਾਂ ਨੂੰ ਕਿਸੇ ਕੀਮਤ 'ਤੇ ਵੀ ਨਾਰਾਜ਼ ਨਹੀਂ ਕਰਨਾ ਚਾਹੁੰਦਾ, ਸੋ ਉਹ ਚੁੱਪ ਚਾਪ ਇਨ੍ਹਾਂ ਦੀਆਂ ਗੱਲਾਂ ਸੁਣਕੇ ਉਨ੍ਹਾਂ ਤੇ ਅਮਲ ਕਰਨ ਲੱਗਦਾ ਹੈ ਤੇ ਇਨ੍ਹਾਂ ਵੱਲੋਂ ਆਖੀ ਹਰ ਗੱਲ ਨੂੰ ਸੱਤ ਹੀ ਸੱਤ ਕਹਿੰਦਾ ਜਾਂਦਾ ਹੈ। ਕਈ ਵਾਰੀ ਤਾਂ ਇਹ ਸ਼ਰਧਾਲੂ ਦੇ ਮਨ ਵਿੱਚ ਏਥੋਂ ਤੱਕ ਵੀ ਵਸਾਉਣ ਦੀ ਕੋਸ਼ਿਸ਼ ਕਰਦਾ ਹੈ ਕਿ ਰੱਬ ਨਾਲੋਂ ਵੀ ਗੁਰੂ ਵੱਡਾ ਹੈ ਜਿਹੜਾ ਉਸਦਾ ਮੇਲ ਰੱਬ ਨਾਲ ਕਰਾਉਂਦਾ ਹੈ। ਇਸ ਤਰ੍ਹਾਂ ਦੀਆਂ ਗੱਲਾਂ ਸੁਣਕੇ ਸਾਧਾਰਣ ਮਨੁੱਖ ਫੈਸਲਾ ਨਹੀਂ ਕਰ ਪਾਉਂਦਾ ਕਿ ਹੁਣ ਉਹ ਕੀ ਕਰੇ। ਆਖਰ ਉਹ ਇਹੋ ਫੈਸਲਾ ਕਰ ਲੈਂਦਾ ਹੈ ਕਿ ਜਿਸ ਤਰ੍ਹਾਂ ਹੋਰ ਲੋਕੀਂ ਕਰ ਰਹੇ ਹਨ ਉਹ ਵੀ ਕਰਦਾ ਜਾਵੇ, ਉਹ ਘਸੇ ਹੋਏ (ਪਹਿਲਾਂ ਤੋਂ ਬਣੇ) ਰਸਤੇ ਤੇ ਚੱਲਣ ਵਿੱਚ ਵੀ ਆਪਣਾ ਕਲਿਆਣ ਸਮਝਦਾ ਹੈ।

ਇਸ ਪ੍ਰਕਾਰ ਸਾਧਾਰਣ ਮਨੁੱਖ ਨੂੰ ਰੱਬ ਦੇ ਨਾਂ ਤੇ ਗੁੰਮਰਾਹ ਕਰਨ ਦੀਆਂ ਤੇ ਗੁੰਮਰਾਹ ਕਰ ਕੇ ਲੁੱਟਣ ਦੀਆਂ ਧਾਰਮਿਕ ਪੁਜਾਰੀਆਂ ਦੁਆਰਾ ਅਨੇਕਾਂ ਯੋਜਨਾਵਾਂ ਬਣਾ ਲਈਆਂ ਜਾਂਦੀਆਂ ਹਨ ਤੇ ਇਨ੍ਹਾਂ ਯੋਜਨਾਵਾਂ ਤੇ ਅਮਲ ਕਰਦਿਆਂ ਸਾਧਾਰਣ ਮਨੁੱਖ ਅਗਿਆਨਤਾ ਦੇ ਚੱਕਰ ਵਿੱਚ ਫਸਿਆ ਹਮੇਸ਼ਾ ਅਗਿਆਨੀ ਤੇ ਗਰੀਬ ਰਹਿੰਦਾ ਹੈ ਤੇ ਇਸ ਸੰਸਾਰ ਨੂੰ ਦੁੱਖਾਂ ਦਾ ਘਰ ਸਮਝਣ ਲੱਗਦਾ ਹੈ ਤੇ ਮਾਇਆ ਨਾਲੋਂ ਮੋਹ ਤਿਆਗ ਕੇ ਇਸ ਨੂੰ ਜਾਂ ਤਾਂ ਆਪਣੇ ਗੁਰੂਆਂ ਨੂੰ ਅਰਪਣ ਕਰ ਦਿੰਦਾ ਹੈ ਜਾਂ ਫਿਰ ਇਸਨੂੰ ਨਾਗਣੀ ਸਮਝ ਕੇ ਨਫ਼ਰਤ ਕਰਨ ਲੱਗਦਾ ਹੈ। ਜਦੋਂ ਥੋੜ੍ਹਾ ਬਹੁਤ ਪਖੰਡ ਟੁੱਟਣ ਲੱਗਦਾ ਹੈ, ਲੋਕੀਂ ਥੋੜ੍ਹੇ ਬਹੁਤ ਗਿਆਨਵਾਨ ਹੋਣ ਲੱਗਦੇ ਹਨ, ਤਰਕਸ਼ੀਲਤਾ ਪੈਰ ਜੰਮਾਉਣ ਲੱਗਦੀ ਹੈ ਤਾਂ ਇਹ ਧਰਮਾਚਾਰੀ ਰੌਲਾ ਪਾਉਣ ਲੱਗਦੇ ਹਨ, "ਘੋਰ ਕਲਯੁੱਗ ਆ ਗਿਆ ਹੈ, ਸੰਸਾਰ ਨਾਸ਼ ਹੋਣ ਵਾਲਾ ਹੈ, ਧਰਮ ਨੂੰ ਖ਼ਤਰਾ ਹੈ।" ਇਸ ਪ੍ਰਕਾਰ ਦਾ ਪ੍ਰਚਾਰ ਕਰਕੇ ਲੋਕਾਂ ਨੂੰ ਉਕਸਾਉਣ ਲੱਗਦੇ ਹਨ ਤੇ ਧਰਮਾਂ ਦੇ ਨਾਂ 'ਤੇ ਲੋਕਾਂ ਵਿੱਚ ਫਸਾਦ ਕਰਵਾ ਦਿੰਦੇ ਹਨ ਜਿਨ੍ਹਾਂ ਦਾ ਲਾਭ ਫਿਰ ਇਨ੍ਹਾਂ ਨੂੰ ਹੀ ਹੁੰਦਾ ਹੈ ਤੇ ਇਹ ਲੋਕਾਂ ਦੇ ਧਾਰਮਿਕ ਨੇਤਾ ਬਣ ਬਹਿੰਦੇ ਹਨ।

ਸੋ ਧਰਮ ਗੁਰੂ ਮਰਨ ਉਪਰੰਤ ਰਾਹ ਵਿੱਚ ਆਉਣ ਵਾਲੀਆਂ ਰੁਕਾਵਟਾਂ ਦਾ ਡਰ ਦੇ ਕੇ ਬਹੁਤ ਸਾਰੀਆਂ ਆਰਥਿਕ ਵਸਤਾਂ ਮਰਨ ਵਾਲੇ ਦੇ ਪਰਿਵਾਰ ਪਾਸੋਂ ਠੱਗ ਲੈਂਦੇ ਹਨ ਜਾਂ ਫਿਰ ਉਸਦੇ ਜਿਉਂਦੇ ਜੀ ਵੀ ਅਜਿਹਾ ਕਰ ਲੈਂਦੇ ਹਨ। ਸਵਰਗਾਂ ਦੇ ਰਾਹ ਵਿੱਚ ਪੈਣ ਵਾਲੀ ਇੱਕ ਨਦੀ ਦਾ ਜ਼ਿਕਰ ਆਮ ਹੀ ਕੀਤਾ ਜਾਂਦਾ ਹੈ। ਜਿਸਨੂੰ 'ਬੈਤਰਨੀ' ਆਖਿਆ ਜਾਂਦਾ ਹੈ, ਇਸ ਨਦੀ ਵਿੱਚ ਲਹੂ ਤੇ ਰਾਧ ਵਗਦੀ ਆਖੀ ਜਾਂਦੀ ਹੈ ਤੇ ਇਸ ਨੂੰ ਪਾਰ ਕਰਨਾ ਅਤਿ ਔਖੇਰਾ ਹੈ। ਇਸਨੂੰ ਉਹੋ ਮਨੁੱਖ ਪਾਰ ਕਰ ਸਕਦਾ ਹੈ ਜਿਸਨੇ ਆਪਣੇ ਜੀਵਨ ਵਿੱਚ ਗਊ ਦਾਨ ਕੀਤੀ ਹੋਵੇ ਜਾਂ ਫਿਰ ਉਸਦੇ ਵਾਰਸ ਅਜਿਹਾ ਕਰਨ, ਨਹੀਂ ਤਾਂ ਉਹ ਨਦੀ ਦੇ ਕਿਨਾਰੇ ਪ੍ਰੇਤ ਬਣਿਆ ਵਿਚਰਦਾ ਰਹਿੰਦਾ ਹੈ। ਭਲਾਂ ਕੋਈ ਪੁੱਛੇ ਕਿ ਸਵਰਗਾਂ ਤੱਕ ਪਹੁੰਚ ਕੇ ਉਸ ਦੀ ਸਹਾਇਤਾ ਕਿਵੇਂ ਕਰੇਗੀ, ਹੈ ਨਾ ਅਨਹੋਣੀ ਗੱਲ। ਇਹ ਸਾਰਾ ਕੁੱਝ ਸਾਧਾਰਣ ਲੋਕਾਂ ਦੀ ਜੇਬ 'ਚੋਂ ਪੈਸਾ ਕਢਵਾਉਣ ਨਾਲ ਜੁੜਿਆ ਹੋਇਆ ਹੈ, ਕੁੱਝ ਵਿਹਲੜ ਲੋਕ ਪਖੰਡ ਦੇ ਬਲਬੂਤੇ ਮੌਜ ਕਰ ਰਹੇ ਹਨ ਤੇ ਸਾਧਾਰਣ ਮਨੁੱਖਾਂ ਨੂੰ ਗੁੰਮਰਾਹ ਕਰਕੇ ਅਨੰਦ ਮਾਣਦੇ ਹਨ। ਸੋ ਸੰਸਾਰ ਨੂੰ ਸਿੱਧੇ ਰਸਤੇ ਪਾਉਣ ਲਈ ਤਰਕਸ਼ੀਲਤਾ ਨੂੰ ਹੱਲਾਸ਼ੇਰੀ ਦੇਣ ਦੀ ਲੋੜ ਹੈ। ਜਦੋਂ ਮਨੁੱਖ ਤਰਕਸ਼ੀਲ ਹੋ ਜਾਵੇਗਾ ਹਰ ਗੱਲ ਤੇ ਡੂੰਘੀ ਤਰ੍ਹਾਂ ਵਿਚਾਰ ਕਰਕੇ ਹੀ ਅਮਲ ਕਰਨ ਲੱਗੇਗਾ। ਉਦੋਂ ਹੀ ਸੰਸਾਰ ਦਾ ਭਲਾ ਹੋਣਾ ਸੰਭਵ ਹੋਵੇਗਾ। ਸੋ ਮਰਨ ਕਿਨਾਰੇ ਪਹੁੰਚੇ ਮਨੁੱਖ ਦਾ ਤੰਤੂ ਪ੍ਰਬੰਧ ਕਮਜ਼ੋਰ ਹੋ ਗਿਆ ਹੁੰਦਾ ਹੈ ਤੇ ਉਹ ਆਪਣੀ ਹੋਣੀ ਤੋਂ ਡਰਦਾ ਹਰ ਉਹ ਕਰਮ ਕਰਨ ਲਈ ਤਿਆਰ ਹੋ ਜਾਂਦਾ ਹੈ ਜਿਸਦੇ ਬਾਰੇ ਵਿੱਚ ਪਹਿਲਾਂ ਤੋਂ ਹੀ ਉਸਦੇ ਸ਼ੰਕੇ ਬਣੇ ਹੁੰਦੇ ਹਨ। ਜਿਉਂ ਜਿਉਂ ਮਰਨ ਕਾਲ ਨਜ਼ਦੀਕ ਆਉਂਦਾ ਹੈ ਇਹ ਸ਼ੰਕੇ ਹੋਰ ਵਧਦੇ ਜਾਂਦੇ ਹਨ ਅਤੇ ਬੇਮਨਾ ਜਿਹਾ ਮਨੁੱਖ ਉਹ ਸਭ ਕੁੱਝ ਕਰਨ ਲਈ ਤਿਆਰ ਹੋ ਜਾਂਦਾ ਹੈ, ਜਿਹੜਾ ਕੁੱਝ ਸਮਾਜ ਵਿੱਚ ਵਾਪਰ ਰਿਹਾ ਹੁੰਦਾ ਹੈ ਭਾਵੇਂ ਉਸਨੂੰ ਅਜਿਹੇ ਕਰਮ ਤੇ ਪੂਰਾ ਭਰੋਸਾ ਨਹੀਂ ਹੁੰਦਾ ਫਿਰ ਵੀ ਪੁੰਨ ਧਰਮ ਕਰਨ ਵਿੱਚ ਉਸ ਨੂੰ ਕੋਈ ਦੋਸ਼ ਨਹੀਂ ਲੱਗਦਾ ਤੇ ਉਸਦੀ ਸੋਚ ਉਸ ਰਸਤੇ 'ਤੇ ਟਿਕ ਜਾਂਦੀ ਹੈ ਜਿਸ ਦਾ ਜ਼ਿਕਰ ਉਸਦੇ ਧਰਮ ਗੁਰੂਆਂ ਨੇ ਕੀਤਾ ਹੁੰਦਾ ਹੈ।

ਧੰਨਵਾਦ ਸਹਿਤ ਪੁਸਤਕ

'ਮਰਨ ਕਿਨਾਰੇ ਆਦਮੀ ਦੀ ਆਤਮ ਕਥਾ' ਵਿੱਚੋਂ।

ਭੂਤਾਂ-ਚੜੇਲਾਂ ਦੇ ਕਹਿਰ ਨਾਲ ਕੱਪੜੇ ਕੱਟ ਹੋਣੇ ਤੇ ਲੜਕੀ ਨੂੰ ਕਸਰ ਹੋਣੀ



ਜਿੰਦੀ ਪੇਂਟਰ

ਸਰਦੀਆਂ ਵਿਚ ਫਰਵਰੀ 2007 ਨੂੰ ਜਦੋਂ ਮੈਂ ਪੇਂਟਿੰਗ ਦਾ ਕੰਮ ਕਰ ਰਿਹਾ ਸੀ ਤਾਂ ਮੇਰੇ ਮੋਬਾਇਲ ਦੀ ਰਿੰਗ ਵਜੀ। ਅੱਗਿਓਂ ਆਵਾਜ਼ ਮੇਰੇ ਮਾਮੇ ਦੀ ਕੁੜੀ ਬਿਮਲਾ ਦੀ ਸੀ ਜੋ ਰਿਸ਼ਤੇ ਵਿੱਚ ਮੇਰੀ ਭੈਣ ਲੱਗਦੀ ਹੈ। ਉਹ ਜ਼ਿਲ੍ਹਾ ਨਵਾਂ ਸ਼ਹਿਰ ਵਿੱਚ ਔੜ ਦੇ ਲਾਗੇ ਪਿੰਡ ਬੇਗੋਵਾਲ ਵਿਖੇ ਵਿਆਹੀ ਹੋਈ ਹੈ। ਉਸਨੇ ਮੈਨੂੰ ਹੈਰਾਨ ਹੋ ਕੇ ਦੱਸਿਆ ਕੇ ਲੁਧਿਆਣੇ ਵਿੱਚ ਸਲੇਮ ਟਾਬਰੀ, ਮੁਹੱਲਾ ਪੀਰੂ ਬੰਦਾ ਵਿਖੇ, ਉਸਦੇ ਭਰਾ ਸੁਖਰਾਮ ਦੇ ਘਰ, ਦੋ ਸਾਲਾਂ ਤੋਂ ਲਗਾਤਾਰ ਭੂਤਾਂ-ਚੜੇਲਾਂ ਦਾ ਕਹਿਰ ਵਰਸ ਰਿਹਾ ਹੈ। ਇਹ ਘਰ ਮੇਰੇ ਆਪਣੇ ਹੀ ਮਰ ਚੁੱਕੇ ਵੱਡੇ ਮਾਮੇ ਦਾ ਸੀ। ਸੁਖਰਾਮ ਮੇਰੇ ਇਸੇ ਮਾਮੇ ਦਾ ਵੱਡਾ ਲੜਕਾ ਹੈ, ਜਿਸਦੀਆਂ ਦੋ ਲੜਕੀਆ ਹਨ। ਵੱਡੀ ਲੜਕੀ ਰਮਨ ਜੋ 15 ਸਾਲ ਦੀ ਹੈ ਤੇ ਛੋਟੀ ਸੁਮਨ ਜੋ 8 ਸਾਲਾਂ ਦੀ ਹੈ। ਇਹਨਾਂ ਲੜਕੀਆਂ ਦੀ ਮੰਮੀ ਦਾ ਨਾਮ ਸ਼ੀਲਾ ਹੈ ਤੇ ਰਿਸ਼ਤੇ ਵਿਚ ਮੇਰੀ ਭਾਬੀ ਤੇ ਸੁਖਰਾਮ ਮੇਰਾ ਭਾਜੀ ਲੱਗਦਾ ਹੈ। ਇਹ ਦੋਵੇਂ ਜਣੇ ਅਨਪੜ੍ਹ ਹਨ।

ਬਿਮਲਾ ਭੈਣ ਨੇ ਮੈਨੂੰ ਮੋਬਾਈਲ 'ਤੇ ਦੱਸਿਆ ਕੇ ਘਰ ਵਿੱਚ ਆਪਣੇ-ਆਪ ਹੀ ਭੂਤਾਂ-ਚੜੇਲਾਂ ਦੇ ਕਹਿਰ ਨਾਲ ਕੱਪੜੇ ਕੱਟ ਹੋ ਜਾਂਦੇ ਹਨ ਅਤੇ ਕਦੇ ਤਾਂ ਭੂਤ-ਚੁੜੇਲਾਂ ਉਨ੍ਹਾਂ ਦੀ ਵੱਡੀ ਲੜਕੀ ਰਮਨ ਦੇ ਸਰੀਰ ਵਿੱਚ ਵੜ ਕੇ ਖਤਰਨਾਕ ਘਟਨਾਵਾਂ ਕਰਨ ਲੱਗ ਜਾਂਦੇ ਹਨ, ਉਹ ਓਪਰੀ ਕਸਰ ਦਾ ਸ਼ਿਕਾਰ ਹੋ ਜਾਂਦੀ ਹੈ। ਉਸਨੂੰ ਦੰਦਲਾਂ-ਦੌਰੇ ਪੈਣ ਲਗਦੇ ਹਨ। ਕਸਰ ਦੌਰਾਨ ਉਹ ਘਰੋਂ ਬਾਹਰ ਭੱਜਦੀ ਹੈ। ਘਰ ਦੇ ਬਹੁਤ ਦੁਖੀ ਤੇ ਪ੍ਰੇਸ਼ਾਨ ਹਨ। ਭੈਣ ਬਿਮਲਾ ਨੇ ਬੇਲਤੀ ਕੀਤੀ ਕਿ ਮੈਂ ਇਹ ਸਮੱਸਿਆ ਤਰਕਸ਼ੀਲ ਤੇ ਵਿਗਿਆਨਕ ਨਜ਼ਰੀਏ ਨਾਲ ਜਲਦੀ ਤੋਂ ਜਲਦੀ ਹੱਲ ਕਰ ਦੇਵਾਂ। ਉਸਨੇ ਆਖਿਆ ਆਪਾਂ ਦੋਵਾਂ ਨੂੰ ਕੱਲ੍ਹ ਹੀ ਉਸ ਘਰ ਜਾਣਾ ਪਵੇਗਾ।

ਭੂਤਾਂ-ਚੜੇਲਾਂ ਵਾਲੇ ਘਰ ਪਹੁੰਚੇ:- ਅਗਲੇ ਦਿਨ ਮੈਂ ਫਗਵਾੜੇ ਦੇ ਨੇੜੇ ਆਪਣੇ ਪਿੰਡ ਬਿਰਕਾਂ ਤੋਂ ਮੋਟਰਸਾਈਕਲ ਰਾਹੀਂ ਭੈਣ ਬਿਮਲਾ ਦੇ ਘਰ ਪਹੁੰਚ ਗਿਆ। ਉਥੋਂ ਹੀ ਮੈਂ ਤੇ ਭੈਣ ਬਿਮਲਾ ਲੁਧਿਆਣੇ ਸ਼ਾਮ ਨੂੰ 4 ਵਜੇ ਘਟਨਾਵਾਂ ਵਾਲੇ ਘਰ ਪਹੁੰਚ ਗਏ। ਘਰ ਦੇ ਪਹਿਲਾਂ ਤੋਂ ਹੀ ਜਾਣਦੇ ਸਨ ਕੇ ਅੱਜ ਮੈਂ ਘਟਨਾਵਾਂ ਨੂੰ ਹੱਲ ਕਰਨ ਲਈ ਆਉਂਣਾ ਹੈ। ਘਰ ਦਾ ਸਾਰਾ ਮਾਹੌਲ ਸ਼ਾਂਤ ਸੀ, ਸਾਰੇ ਮੈਂਬਰ ਡਰੇ ਹੋਏ ਸਨ। ਮੈਨੂੰ ਵੇਖ ਕੇ ਉਨ੍ਹਾਂ ਨੂੰ ਕੁਝ ਹੌਂਸਲਾ ਜਿਹਾ ਹੋਇਆ। ਉਸ ਘਰ ਪਹੁੰਚ ਕੇ ਅਸੀਂ ਵਿਹੜੇ ਵਿਚ ਡਾਏ ਹੋਏ ਮੰਜੇ ਉੱਤੇ ਜਾ ਬੈਠੇ, ਜਲਦੀ ਹੀ ਸਾਡੇ ਮਾਣ-ਸਤਿਕਾਰ ਵਾਸਤੇ ਪੀਣ ਲਈ ਚਾਹ ਬਣਾ ਲਿਆਂਦੀ। ਘਰ ਦਾ ਮੁਖੀ ਵੱਡਾ ਭਾਜੀ ਸੁਖਰਾਮ ਰਾਜ ਮਿਸਤਰੀ ਦਾ ਕੰਮ ਕਰਦਾ ਹੋਣ ਕਰਕੇ, ਕੰਮ ਤੇ ਗਿਆ ਹੋਇਆ ਸੀ, ਉਸਦੀ ਪਤਨੀ ਸ਼ੀਲਾਂ ਭਾਬੀ ਮੇਰੇ ਕੋਲ ਘਰ ਦਾ ਦੁਖੜਾ ਰੋਣ ਲੱਗੀ। ਉਸਨੇ ਮੈਨੂੰ ਘਟਨਾਵਾਂ ਬਾਰੇ ਵਿਸਥਾਰ ਨਾਲ ਦੱਸਿਆ, "ਘਰ ਵਿਚ ਭੂਤਾਂ-ਚੜੇਲਾਂ ਦੇ ਕਹਿਰ ਨਾਲ ਆਪਣੇ-ਆਪ ਹੀ ਕੱਪੜੇ ਕੱਟ ਹੋ ਜਾਂਦੇ ਹਨ" ਉਸੇ ਸਮੇਂ ਉਸਨੇ ਅੰਦਰ ਜਾ ਕੇ ਬਹੁਤ ਸਾਰੇ ਕੱਟੇ ਹੋਏ ਕੱਪੜਿਆਂ ਦੀ ਪੰਡ ਲਿਆ ਕੇ ਮੇਰੇ ਅੱਗੇ ਢੇਰੀ ਲਾ ਦਿੱਤੀ। ਇਸ ਵਿੱਚ ਕੀਮਤੀ ਸੂਟ, ਦਰੀਆਂ, ਖੇਸੀਆਂ ਤੇ ਚਾਦਰਾਂ ਸਨ। ਕੱਪੜਿਆਂ ਦੇ ਕੱਟੇ ਹੋਣ ਦਾ ਢੰਗ ਲੱਗਭਗ ਇਕੋ ਜਿਹਾ ਸੀ।

ਕਸਰ ਬਾਰੇ ਜਾਣਕਾਰੀ :- ਫਿਰ ਉਸਨੇ ਮੈਨੂੰ ਆਪਣੀ ਵੱਡੀ ਲੜਕੀ ਰਮਨ ਦੇ ਕਸਰ ਵਿੱਚ ਆਉਣ ਬਾਰੇ ਜਾਣਕਾਰੀ ਦਿੱਤੀ, "ਕਦੇ ਤਾਂ ਭੂਤ-ਚੜੇਲਾਂ ਰਮਨ ਦੇ ਸਰੀਰ ਵਿੱਚ ਵੜ ਕੇ ਅਜੀਬ ਜਹੀਆਂ ਹਰਕਤਾਂ ਕਰਨ ਲੱਗ ਪੈਂਦੇ ਹਨ। ਜਿਸ ਕਾਰਨ ਲੜਕੀ ਨੂੰ ਕਸਰ ਹੋ ਜਾਂਦੀ ਹੈ ਤੇ ਉਹ ਘਰੋਂ ਬਾਹਰ ਗਲੀ-ਮੁਹੱਲੇ ਵਿੱਚ ਏਧਰ-ਉਧਰ ਭੱਜਣ ਲੰਗਦੀ ਹੈ ਘਰ ਦੇ ਸਾਰੇ ਮੈਂਬਰ ਇਸ ਨੂੰ ਫੜਨ ਲਈ ਇਸ ਦੇ ਮਗਰ ਦੌੜਦੇ ਹਨ, ਆਂਢ-ਗੁਆਂਢ ਦੇ ਲੋਕ ਸਾਨੂੰ ਕੁੜੀ ਮਗਰ ਦੌੜਦਿਆਂ ਦੇਖ ਕੇ ਹੈਰਾਨ ਹੁੰਦੇ ਹਨ, ਜਿਵੇਂ ਕੋਈ ਤਮਾਸ਼ਾ ਹੋ ਰਿਹਾ ਹੋਵੇ, ਮਸਾਂ ਹੀ ਇਸਨੂੰ ਫੜ ਕੇ ਘਰ ਲਿਆਉਂਦੇ ਹਾਂ। ਉਸਨੂੰ ਦੰਦਲਾਂ-ਦੌਰੇ ਪੈਣ ਲੱਗਦੇ ਹਨ। ਚੀਜ਼ਾਂ ਮਾਰਦੀ ਹੈ ਤੇ ਅਵਾ-ਤਵਾ ਬੋਲਦੀ ਹੈ। ਗਾਲ੍ਹਾਂ ਕੱਢਦੀ ਹੈ ਤੇ ਝਿੜਕਾਂ ਮਾਰਦੀ ਹੈ। ਕਦੇ ਤਾਂ ਘਰਦਿਆਂ ਦੇ ਚਪੇੜਾਂ ਮਾਰਨ ਲੱਗ ਜਾਂਦੀ ਹੈ। ਇਸ ਨੂੰ ਆਲੇ-ਦੁਆਲੇ ਦੀ ਕੋਈ ਸੁਧ-ਬੁਧ ਨਹੀਂ ਰਹਿੰਦੀ, ਮੂੰਹ ਵਿਚੋਂ ਝੱਗ ਨਿਕਲਦੀ ਹੈ। ਸਰੀਰ ਕੰਬਣ ਲੱਗਦਾ ਹੈ ਤੇ ਹੱਥ-ਪੈਰ ਮਾਰਨ ਲੱਗ ਜਾਂਦੀ ਹੈ। ਆਪਣੇ ਮੂੰਹ ਉਪਰ ਆਪ ਹੀ ਨਹੁੰਦਰਾਂ ਮਾਰ ਕੇ ਖੂਨ ਦੀਆਂ ਝਰੀਟਾਂ ਬਣਾ ਲੈਂਦੀ ਹੈ। ਘਰ ਦੇ ਭਾਂਡੇ ਭੰਨਣ ਲੱਗ ਜਾਂਦੀ ਹੈ। ਕੱਪੜੇ ਪਾਟ ਜਾਂਦੇ ਹਨ। ਵਾਲ ਖਿਲਾਰ ਕੇ ਸਿਰ ਘੁਮਾਉਣਾ ਸ਼ੁਰੂ ਕਰ ਦਿੰਦੀ ਹੈ ਤੇ ਪੁੱਛਾਂ ਦੇਣ ਲੱਗਦੀ ਹੈ। ਅੱਖਾਂ ਕੱਢ ਕੇ ਸਾਰਿਆਂ ਨੂੰ ਡਰਾਉਣੀਆਂ ਜਹੀਆਂ ਨਜਰਾਂ ਨਾਲ ਤੱਕਦੀ ਹੈ; ਘਰਦਿਆਂ ਤੇ ਰੋਅਬ ਨਾਲ ਹੁਕਮ ਚਲਾਉਂਦੀ ਹੈ। ਜਿਵੇਂ ਇਸ ਵਿੱਚ ਕੋਈ ਪਹੁੰਚਿਆਂ ਬਾਬਾ ਜਾਂ ਪੀਰ ਫਕੀਰ ਆ ਵੜਿਆ ਹੋਵੇ। ਕਦੇ ਤਾਂ ਇਹ ਆਪਣੇ ਮਰੇ ਹੋਏ ਦਾਦੇ ਦੀ ਨਕਲ ਕਰਨ ਲੱਗ ਜਾਂਦੀ ਹੈ ਤੇ ਉਸਦੇ ਵਾਂਗ ਹੀ ਬੋਲਦੀ ਹੈ, ਜਿਵੇਂ ਇਸ ਵਿੱਚ ਉਸਦੀ ਰੂਹ ਪ੍ਰਵੇਸ਼ ਕਰ ਗਈ ਹੋਵੇ। ਪੂਜਾ-ਪਾਠ ਤੇ ਧੂਫ-ਬੱਤੀ ਕਰਨ ਲਈ

ਧਮਕੀ ਭਰੀ ਆਵਾਜ਼ ਵਿੱਚ ਹੁਕਮ ਦਿੰਦੀ ਹੈ। ਇਸ ਦੇ ਦੱਸੇ ਅਨੁਸਾਰ ਘਰ ਦੇ ਸਾਰੇ ਕੰਮ ਮੈਂਬਰ ਕਰਨ ਲੱਗ ਜਾਂਦੇ ਹਨ, ਉਸ ਸਮੇਂ ਕੋਈ ਵੀ ਕਿੰਤੂ-ਪ੍ਰੰਤੂ ਨਹੀਂ ਕਰ ਪਾਉਂਦਾ। ਜਦੋਂ ਇਹ ਥੱਕ ਹਾਰ ਕੇ ਬੇਹੋਸ਼ ਹੁੰਦੀ ਹੈ ਤਾਂ ਜ਼ਮੀਨ ਉਤੇ ਡਿਗ ਪੈਂਦੀ ਹੈ। ਇਸ ਨੂੰ ਚੁੱਕ ਕੇ ਮੰਜੇ ਉਤੇ ਲਿਟਾਇਆ ਜਾਂਦਾ ਹੈ। ਹੋਸ਼ ਆਉਣ ਤੋਂ ਬਾਅਦ ਇਹ ਸ਼ੀਸ਼ੇ ਵਿੱਚ ਆਪਣਾ ਮੂੰਹ ਦੇਖ ਕੇ ਹੈਰਾਨ ਹੁੰਦੀ ਹੈ, ਮੂੰਹ ਉਤੇ ਝਰੀਟਾਂ ਦੇ ਨਿਸ਼ਾਨ, ਖਿਲਰੇ ਹੋਏ ਵਾਲ ਤੇ ਆਪਣੇ ਪਾਟੇ ਹੋਏ ਕੱਪੜੇ ਦੇਖ ਕੇ ਘਰਦਿਆਂ ਨੂੰ ਹੈਰਾਨ ਹੋ ਕੇ ਪੁੱਛਦੀ ਹੈ ਕੇ ਇਹ ਸਭ ਕਿਵੇਂ ਹੋ ਗਿਆ ਜਿਵੇਂ ਇਸ ਨੂੰ ਕੁੱਝ ਪਤਾ ਹੀ ਨਾ ਹੋਵੇ। ਅਸੀਂ ਤਾਂ ਸਭ ਏਹੀ ਮੰਨਦੇ ਹਾਂ ਕੇ ਇਹ ਸਭ ਭੂਤਾਂ-ਚੜੇਲਾਂ ਕਰਕੇ ਹੀ ਹੋ ਰਿਹਾ ਹੈ।"

ਭਨਿਆਰਾ ਵਾਲਾ ਬਾਬਾ ਤੇ ਉਸਦਾ ਨਾਮਦਾਨ:- ਮੈਂ ਪੁੱਛਿਆ, "ਤੁਸੀਂ ਤਾਂ ਭਨਿਆਰਾ ਵਾਲੇ ਬਾਬੇ ਪਿਆਰੇ ਦੇ ਸੱਚੇ ਸ਼ਰਧਾਲੂ ਹੋ, ਜਿਸ ਤੋਂ ਤੁਸੀਂ ਨਾਮਦਾਨ ਲਿਆ ਹੋਇਆ ਹੈ ਅਤੇ ਜਿਸ ਨੂੰ ਤੁਸੀਂ ਸੱਚਾ ਰੱਬ ਮੰਨਦੇ ਹੋ, ਕੀ ਉਹ ਇਨ੍ਹਾਂ ਘਟਨਾਵਾਂ ਨੂੰ ਹੱਲ ਨਹੀਂ ਕਰ ਸਕਿਆ"। ਸ਼ੀਲਾ ਭਾਬੀ ਨੇ ਆਖਿਆ, "ਉਥੇ ਵੀ ਲੜਕੀ ਨੂੰ ਲੈ ਕੇ ਗਏ ਸੀ, ਪਰ ਬਾਬੇ ਨੇ ਸਾਡੀ ਕੋਈ ਨਾ ਸੁਣੀ, ਆਖਿਆ ਕੇ ਸੱਚੇ-ਦਿਲੋਂ ਨਾਮਦਾਨ ਜੱਪਦੇ ਰਹੋ, ਸਭ ਆਪਣੇ-ਆਪ ਹੀ ਠੀਕ ਹੋ ਜਾਵੇਗਾ। ਜਾਪ ਵੀ ਕਰਦੇ ਰਹੇ ਪਰ ਘਟਨਾਵਾਂ ਲਗਾਤਾਰ ਦਿਨੋ-ਦਿਨ ਵਧ ਰਹੀਆ ਸਨ। ਮੈਂ ਆਖਿਆ, "ਤੁਸੀਂ ਫਿਰ ਇਨ੍ਹਾਂ ਬਾਬਿਆਂ ਨੂੰ ਕਿਉਂ ਮੰਨਦੇ ਹੋ ਜਦ ਦੁੱਖ ਵੇਲੇ ਇਹਨਾਂ ਨੇ ਤੁਹਾਡਾ ਸਾਥ ਹੀ ਨਹੀਂ ਦੇਣਾ ਤਾਂ ਫਿਰ ਇਨ੍ਹਾਂ ਨੂੰ ਮੰਨਣ ਦਾ ਕੀ ਫਾਇਦਾ। ਨਾਮਦਾਨ ਜਪਣ ਨਾਲ ਜਦ ਤੁਸੀਂ ਸੁਖੀ ਹੀ ਨਹੀਂ ਹੋ ਸਕਦੇ ਤਾ ਫਿਰ ਛੱਡੋ ਇਹਨਾਂ ਧੋਖੇਬਾਜ ਪਾਖੰਡੀ ਬਾਬਿਆਂ ਨੂੰ ਤੇ ਇਨ੍ਹਾਂ ਦੇ ਪਾਖੰਡ ਭਰੇ ਨਾਮਦਾਨ ਨੂੰ।" ਮੈਂ ਸਮਝ ਸਕਦਾ ਸੀ ਕੇ ਉਨ੍ਹਾਂ ਨੂੰ ਬਾਬਿਆਂ ਤੇ ਨਾਮਦਾਨ ਬਾਰੇ ਮੰਦਾ ਸੁਣ ਕੇ ਬੁਰਾ ਲੱਗ ਰਿਹਾ ਹੋਵੇਗਾ, ਕਿਉਂਕਿ ਉਹ ਭਨਿਆਰਾ ਵਾਲੇ ਬਾਬੇ ਨੂੰ ਅਜੇ ਵੀ ਸੱਚੇ ਮਨੋ ਮੰਨਦੇ ਸਨ ਤੇ ਉਸ ਦਾ ਨਾਮਦਾਨ ਜੱਪਿਆ ਕਰਦੇ ਸਨ।

ਪਾਦਰੀਆਂ (ਪਾਸਟਰਾਂ) ਤੇ ਬਾਬਿਆਂ ਨੇ ਖੂਬ ਲੁੱਟਿਆ :- ਭਾਬੀ ਸ਼ੀਲਾ ਨੇ ਹੋਰ ਦੱਸਿਆ ਕੇ ਇਸਦੇ ਹੱਲ ਵਾਸਤੇ ਉਹ ਬਹੁਤ ਸਾਰੇ ਜੋਤਸ਼ੀਆਂ, ਬਾਬਿਆਂ, ਸਾਧੂ-ਸੰਤਾਂ, ਚੇਲਿਆਂ, ਸਿਆਣਿਆਂ, ਪੁਜਾਰੀਆਂ ਤੇ ਪਾਦਰੀਆਂ (ਪਾਸਟਰਾਂ) ਨੂੰ ਵੀ ਦਿਖਾ ਚੁੱਕੇ ਹਨ। ਬਹੁਤ ਸਾਰਾ ਪੈਸਾ ਇਹ ਸਾਡੇ ਕੋਲੋ ਧੋਖੇ ਨਾਲ ਲੁੱਟ ਚੁੱਕੇ ਹਨ। ਇਹਨਾਂ ਨੇ ਵੀ ਅਜੇ ਤੱਕ ਕੋਈ ਹੱਲ ਨਹੀਂ ਕੀਤਾ। ਹਰ ਕੋਈ ਆਪਣਾ ਹੀ ਢੰਗ-ਤਰੀਕਾ ਦੱਸ ਕੇ ਵੱਧ ਤੋਂ ਵੱਧ ਪੈਸਾ ਹੜੱਪ ਕਰ ਜਾਂਦਾ ਹੈ। ਬਹੁਤ ਸਾਰੇ ਮੰਦਰਾਂ-ਗੁਰਦੁਆਰਿਆਂ ਵਿੱਚ ਵੀ ਲੜਕੀ ਦਾ ਮੱਥਾ ਟਿਕਾ ਚੁੱਕੇ ਹਾਂ, ਕੋਈ ਫਰਕ ਨਹੀਂ ਪਿਆ। ਲੜਕੀ ਦੀ ਕਸਰ ਵਾਸਤੇ ਦਿਮਾਗ ਦੇ ਡਾਕਟਰਾਂ ਨੂੰ ਵੀ ਦਿਖਾ ਚੁੱਕੇ ਹਾਂ, ਦਿਮਾਗ ਦੀ ਸਕੈਨਿੰਗ ਵੀ ਕਰਵਾਈ ਪਰ ਕੋਈ ਨੁਕਸ ਨਹੀਂ ਆਇਆ। ਡਾਕਟਰ ਦਵਾਈਆਂ ਦਿੰਦੇ ਰਹਿੰਦੇ ਹਨ ਪਰ ਉਸ ਦਵਾਈ ਨਾਲ ਵੀ ਕੋਈ ਫਾਇਦਾ ਨਾ ਹੁੰਦਾ। 'ਬਾਈਬਲ ਨੂੰ ਮੰਨਣ ਵਾਲੇ; ਯਿਸੂ ਮਸੀਹ ਉਪਰ ਵਿਸ਼ਵਾਸ ਕਰਨ ਵਾਲਿਆਂ ਨੂੰ ਦਿਖਾਉਣ ਬਾਰੇ ਕਿਸੇ ਨੇ ਦੱਸਿਆ, ਇਨ੍ਹਾਂ ਕੋਲ ਵੀ ਲੜਕੀ ਨੂੰ ਚਰਚ ਵਿੱਚ ਕਾਫੀ ਦਿਨ ਲਿਜਾਂਦੇ ਰਹੇ, ਉਥੇ ਪਹੁੰਚ ਕੇ ਵੀ ਇਸਨੂੰ ਕਸਰ ਹੋ ਜਾਂਦੀ। ਪਾਦਰੀ (ਪਾਸਟਰ) ਆਖਦਾ ਹੈ ਕਿ ਇਹ ਸਭ ਸ਼ੈਤਾਨ ਦੀਆਂ ਚਾਲਾਂ ਕਰਕੇ ਹੀ ਹੋ ਰਿਹਾ ਹੈ, ਤੁਸੀਂ ਪ੍ਰਾਰਥਨਾ ਕਰਦੇ ਰਹੋ, ਪ੍ਰਮੇਸ਼ਵਰ ਸਭ ਠੀਕ ਕਰ ਦੇਏਗਾ। ਚਰਚ ਵਿੱਚ ਵੀ ਇਹ ਕਸਰ ਦੌਰਾਨ ਏਧਰ-ਉਧਰ ਭੱਜਣਾ ਸ਼ੁਰੂ ਕਰ ਦਿੰਦੀ, ਪਾਦਰੀ ਇਸ ਦੇ ਸਿਰ ਉਪਰ ਹੱਥ ਰੱਖ ਕੇ ਪ੍ਰਮੇਸ਼ਵਰ ਅੱਗੇ ਪ੍ਰਾਰਥਨਾ ਕਰਦਾ ਰਹਿੰਦਾ ਹੈ ਪਰ ਉਸ ਸਮੇਂ ਵੀ ਲੜਕੀ ਕਸਰ ਤੋਂ ਮੁਕਤ ਨਹੀਂ ਹੋ ਪਾਉਂਦੀ। ਚਰਚ ਵਿੱਚ ਪਾਦਰੀ (ਪਾਸਟਰ) ਨੂੰ ਹਰ ਵਾਰੀ ਬੰਦ ਮੁੱਠੀ ਵਿੱਚ ਘੁੱਟ ਕੇ ਵੱਧ ਤੋਂ ਵੱਧ ਪੈਸੇ ਦਿੱਤੇ ਜਾਂਦੇ ਤਾਂ ਜੋ ਕੋਈ ਦੂਜਾ ਦੇਖ ਨਾ ਲਵੇ ਕੇ ਪਾਦਰੀ ਪੈਸੇ ਲੈਂਦਾ ਹੈ। ਪਾਦਰੀ (ਪਾਸਟਰ) ਹਮੇਸ਼ਾ ਇਹੀ ਕਹਿੰਦਾ ਰਹਿੰਦਾ ਹੈ ਕੇ ਯਿਸ਼ੂ ਪ੍ਰਮੇਸ਼ਵਰ ਤੇ ਭਰੋਸਾ ਰੱਖੋ, ਸਭ ਠੀਕ ਹੋ ਜਾਵੇਗਾ। ਸ਼ੈਤਾਨ ਦੀਆਂ ਸਾਰੀਆਂ ਚਾਲਾਂ ਨਾਕਾਮ ਹੋਣਗੀਆਂ। ਪੂਰਾ ਭਰੋਸਾ ਰੱਖਣ ਤੋਂ ਬਾਅਦ, ਕੁੱਝ ਵੀ ਠੀਕ ਨਹੀਂ ਹੋ ਰਿਹਾ, ਅਸੀਂ ਉਥੇ ਚਰਚ ਵਿੱਚ ਜਾਣਾ ਵੀ ਬੰਦ ਕਰ ਦਿੱਤਾ।

ਕਿਸੇ ਹੋਰ ਨੇ ਸਲਾਹ ਦਿੱਤੀ ਕੇ ਰਮਨ ਦਾ ਬਾਬੇ ਬਾਲਕ ਨਾਥ ਗੁਫਾ ਉਤੇ ਜਾਕੇ ਮੱਥਾ ਟਕਾ ਲਿਆਓ, ਸਭ ਠੀਕ ਹੋ ਜਾਵੇਗਾ। ਇਕ ਦਿਨ ਘਰ ਦੇ ਸਾਰੇ ਜਣੇ ਗੱਡੀ ਕਰਕੇ ਮੱਥਾ ਟੇਕਣ ਚਲੇ ਗਏ ਗੱਡੀ ਵਿੱਚ ਵੀ ਆਉਣ-ਜਾਣ ਸਮੇਂ ਲੜਕੀ ਨੂੰ ਕਸਰ ਹੋ ਜਾਇਆ ਕਰੇ। ਮੱਥਾ ਟਕਾਉਣ ਨਾਲ ਵੀ ਕੁਝ ਠੀਕ ਨਹੀਂ ਹੋਇਆ, ਬਹੁਤ ਸਾਰਾ ਪੈਸਾ ਖਰਚ ਹੋ ਗਿਆ। ਕਿਸੇ ਨੇ ਹੋਰ ਇਕ ਬਾਬੇ ਦੀ ਦੱਸ ਪਾਈ ਕੇ ਬਹੁਤ ਹੀ ਪਹੁੰਚਿਆ ਹੋਇਆ ਬਾਬਾ ਹੈ, ਜਲਦੀ ਹੀ ਭੂਤਾਂ-ਚੜੇਲਾਂ ਨੂੰ ਵਸ ਵਿੱਚ ਕਰ ਲੈਂਦਾ ਹੈ। ਲੜਕੀ ਨੂੰ ਲੈ ਕੇ ਜਲਦੀ ਹੀ ਉਸ ਕੋਲ ਪਹੁੰਚ ਗਏ। ਬਾਬੇ ਨੇ ਜਲਦੀ ਹੀ ਸਾਰਿਆਂ ਦੇ ਗਲਾਂ ਵਿੱਚ ਜੰਤਰਾਂ-ਮੰਤਰਾਂ ਦਾ ਜਪ ਕਰਕੇ ਧਾਗੇ-ਤਵੀਤ ਬੰਨ੍ਹ ਦਿੱਤੇ ਤਾਂ ਜੋ ਭੂਤਾਂ-ਚੜੇਲਾਂ ਦਾ ਹੁਣ ਕਿਸੇ ਤੇ ਕੋਈ ਖਤਰਨਾਕ ਅਸਰ ਨਾ ਹੋਵੇ। ਬਾਬੇ ਨੇ ਲਗਾਤਾਰ ਹਰ ਵੀਰਵਾਰ ਚੌਂਕੀ ਵਾਲੇ ਦਿਨ ਆਉਂਦੇ ਰਹਿਣ ਲਈ ਕਿਹਾ। ਬਾਬਾ ਹਰ ਵਾਰ ਵੱਧ ਤੋਂ ਵੱਧ ਪੈਸਿਆਂ ਦੀ ਮੰਗ ਕਰਦਾ ਤੇ ਅਸੀਂ ਹੱਥ ਜੋੜਕੇ ਦੇ ਦਿੰਦੇ। ਇਸ ਬਾਬੇ ਕੋਲ ਜਾਂਦੇ ਰਹਿਣ ਨਾਲ ਵੀ ਕੋਈ ਫਾਇਦਾ ਨਾ ਹੋਇਆ। ਘਰ ਵਿੱਚ ਅੱਗੇ ਵਾਂਗ ਹੀ ਭੂਤਾਂ-ਚੜੇਲਾਂ ਵਲੋਂ ਕੱਪੜੇ ਕੱਟੇ ਜਾਂਦੇ ਸਨ ਤੇ ਲੜਕੀ ਨੂੰ ਕਸਰ ਹੋ ਜਾਂਦੀ ਸੀ। ਧੋਖੇਬਾਜ ਜੋਤਸ਼ੀਆਂ, ਬਾਬਿਆਂ, ਸਾਧੂ-ਸੰਤਾਂ, ਚੇਲਿਆਂ, ਸਿਆਣਿਆਂ, ਪੁਜਾਰੀਆਂ ਤੇ ਪਾਦਰੀਆਂ (ਪਾਸਟਰਾਂ) ਨੇ ਸਾਡੇ ਸਾਰੇ ਪੈਸੇ ਧੋਖੇ ਨਾਲ ਲੁੱਟ ਕੇ ਖਤਮ ਕਰ ਦਿੱਤੇ ਸਨ। ਕਰਜ਼ਾ ਸਿਰ ਚੜ ਗਿਆ ਸੀ। 'ਜੋ ਕਮਾਉਣਾ, ਓਹੀ ਖਾਣਾ' ਵਾਲਾ ਹਾਲ ਹੋ ਗਿਆ। ਇਥੋਂ ਤੱਕ ਕੇ ਘਰ-ਬਾਰ ਵੇਚਣ ਤੱਕ ਨੌਬਤ ਆ ਗਈ। ਕਿਉਂਕਿ ਭੂਤਾਂ-ਚੜੇਲਾਂ ਵਾਲੇ ਘਰ ਨੂੰ ਵੀ ਅਸੀਂ ਕੀ ਕਰਨਾ ਸੀ। ਅੰਤ ਅਸੀਂ ਹਾਰ ਕੇ ਘਰ ਵਿੱਚ ਹੀ ਕੁੜੀ ਨੂੰ ਤਾਂ ਕਸਰ ਦੇ ਪਹਿਲੇ ਦਿਲ ਹੀ ਬੰਦ ਕਰ ਦਿੱਤਾ ਸੀ। ਜਿਵੇਂ-ਜਿਵੇਂ ਕਸਰ ਵਧ ਰਹੀ ਸੀ ਰਮਨ ਦਾ ਘਰੋਂ ਬਾਹਰ ਨਿਕਲਣਾ ਬੰਦ ਕਰ ਦਿੱਤਾ ਗਿਆ। ਭਾਬੀ ਸ਼ੀਲਾ ਨੇ ਇਸ ਸਮੱਸਿਆ ਨੂੰ ਹੱਲ ਕਰਨ ਲਈ ਹੁਣ ਮੇਰੇ ਅੱਗੇ ਬੇਨਤੀ ਕੀਤੀ।

ਲੜਕੀ ਨੂੰ ਕਸਰ ਹੋਣੀ:- ਥੋੜੇ ਹੀ ਚਿਰਾਂ ਬਾਅਦ ਲੜਕੀ ਨੂੰ ਫਿਰ ਕਸਰ ਹੋ ਗਈ, ਉਹ ਅਜੀਬ ਜਹੀਆਂ ਹਰਕਤਾਂ ਕਰਨ ਲੱਗ ਪਈ। ਚਾਰੇ ਪਾਸੇ ਰੌਲਾ-ਰੱਪਾ ਪੈਣ ਲੱਗ ਪਿਆ, ਘਰਦਿਆਂ ਨੇ ਜਲਦੀ ਹੀ ਮੇਰਾ ਧਿਆਨ ਉਸ ਵੱਲ ਦੁਆਇਆ। ਮੈਂ ਦੇਖਿਆ ਤਾਂ ਰਮਨ ਚੀਕਾਂ ਮਾਰਦੀ ਹੋਈ ਏਧਰ ਉਧਰ ਭੱਜਣ ਲੱਗ ਪਈ, ਘਰਦਿਆਂ ਨੇ ਦੌੜ ਕੇ ਉਸਨੂੰ ਬੜੀ ਮੁਸ਼ਕਲ ਨਾਲ ਫੜਿਆ। ਉਹ ਹੱਥ-ਪੈਰ ਮਾਰਨ ਲੱਗ ਪਈ। ਉਸਦਾ ਸਰੀਰ ਕੰਬ ਰਿਹਾ ਸੀ ਦੰਦਲਾਂ-ਦੌਰੇ ਪੈਣ ਲੱਗੇ, ਮੂੰਹ ਵਿਚੋਂ ਝੱਗ ਨਿਕਲਣ ਲੱਗ ਪਈ। ਮੂੰਹ ਉਪਰ ਨਹੂੰਆਂ ਨਾਲ ਝਰੀਟਾਂ ਮਾਰਨ ਲੱਗ ਪਈ। ਅੰਤ ਵਿੱਚ ਥੱਕ ਹਾਰ ਕੇ ਬੇਹੋਸ਼ ਹੋ ਗਈ ਤੇ ਜਮੀਨ ਉੱਤੇ ਡਿੱਗ ਪਈ। ਬੇਹੋਸ਼ੀ ਦੌਰਾਨ ਵੀ ਉਹ ਕੁਝ ਬੁੜਬੁੜਾ ਰਹੀ ਸੀ। ਘਰਦਿਆਂ ਨੇ ਉਸਨੂੰ ਚੁੱਕ ਕੇ ਬੈਂਡ ਉਪਰ ਲਿਟਾਇਆ। ਇਹ ਸਭ ਦੇਖ ਕੇ ਮੈਂ ਹੈਰਾਨ ਸੀ। ਰਮਨ ਜਦੋਂ ਹੋਸ਼ ਵਿੱਚ ਆਈ ਤਾਂ ਉਸਨੂੰ ਖਾਣਾ ਖੁਆਇਆ ਗਿਆ। ਰਾਤ ਦਾ ਖਾਣਾ ਖਾਣ ਤੋਂ ਬਾਅਦ ਮੈਂ ਰਮਨ ਨੂੰ ਛੱਤ ਉੱਪਰ ਲੈ ਗਿਆ ਤਾਂ ਜੋ ਇੱਕਲੀ ਨਾਲ ਗੁਪਤ ਤੌਰ ਤੇ ਗੱਲਬਾਤ ਕੀਤੀ ਜਾ ਸਕੇ। ਮੈਂ ਪੁੱਛਿਆ, "ਰਮਨ ਤੈਨੂੰ ਕੀ

ਹੋ ਜਾਂਦਾ ਹੈ ਜਦੋਂ ਤੈਨੂੰ ਕਸਰ ਹੁੰਦੀ ਹੈ?" ਉਸ ਨੇ ਹੈਰਾਨੀ ਨਾਲ ਮੇਰੇ ਸਵਾਲ ਦਾ ਜਵਾਬ ਦਿੱਤਾ, "ਮੈਨੂੰ ਇਸ ਬਾਰੇ ਕੁਝ ਵੀ ਪਤਾ ਨਹੀਂ, ਮੈਂ ਤਾਂ ਬਸ ਏਨਾ ਹੀ ਜਾਣਦੀ ਹਾਂ ਕੇ ਇਹ ਸਭ ਭੂਤਾਂ-ਚੜੇਲਾਂ ਕਰਕੇ ਹੀ ਮੇਰੇ ਨਾਲ ਹੋ ਰਿਹਾ ਹੈ। ਪਤਾ ਨਹੀਂ ਕੋਈ ਡਰਾਉਣੀ ਜਹੀ ਚੀਜ਼ ਮੇਰੇ ਵਿੱਚ ਆ ਵੜਦੀ ਹੈ। ਉਸ ਤੋਂ ਬਾਅਦ ਮੈਨੂੰ ਕੁਝ ਪਤਾ ਨਹੀਂ ਲੱਗਦਾ ਕੇ ਮੈਂ ਕੀ ਕਰ ਰਹੀ ਹਾਂ। ਜਦੋਂ ਹੋਸ਼ ਆਉਂਦੀ ਹੈ ਤਾਂ ਘਰ ਦੇ ਦੱਸਦੇ ਹਨ ਕੇ ਮੈਨੂੰ ਕਸਰ ਹੋ ਗਈ ਸੀ ਤੇ ਮੈਂ ਕਿਹੜੀਆਂ-ਕਿਹੜੀਆਂ ਹਰਕਤਾਂ ਕਰਦੀ ਸੀ। ਉਸ ਤੋਂ ਬਾਅਦ ਮੇਰਾ ਪੂਰਾ ਸਰੀਰ ਦੁਖਣ ਲੱਗਦਾ ਹੈ। ਮੈਂ ਸ਼ੀਸ਼ੇ ਵਿੱਚ ਆਪਣਾ ਮੂੰਹ ਦੇਖਦੀ ਹਾਂ ਤਾਂ ਗੱਲ੍ਹਾਂ ਉੱਪਰ ਨਹੁੰਆਂ ਨਾਲ ਬਣੇ ਝਰੀਟਾਂ ਦੇ ਨਿਸ਼ਾਨ, ਖੂਨ ਜੰਮਿਆਂ ਹੋਣ ਕਰਕੇ ਸਾਫ ਦਿਖਾਈ ਦਿੰਦੇ ਹਨ। ਮੈਂ ਆਪ ਹੈਰਾਨ-ਪ੍ਰੇਸ਼ਾਨ ਹਾਂ ਕੇ ਇਹ ਕਿਵੇਂ ਹੋ ਜਾਂਦਾ।" ਮੈਂ ਪੁੱਛਿਆ, "ਤੂੰ ਕਿਵੇਂ ਜਾਣਦੀ ਹੈ ਕੇ ਭੂਤ-ਚੜੇਲਾਂ ਹੁੰਦੇ ਹਨ?" ਉਸ ਨੇ ਜਵਾਬ ਦਿੱਤਾ, "ਜਿਸ ਸਕੂਲ ਵਿੱਚ ਮੈਂ ਪੜ੍ਹਦੀ ਹਾਂ, ਉੱਥੇ ਭੂਤ-ਚੜੇਲਾਂ ਰਹਿੰਦੇ ਹਨ, ਇਸ ਬਾਰੇ ਸਾਰੇ ਸਕੂਲ ਵਿੱਚ ਅਫ਼ਵਾਹ ਫੈਲੀ ਹੋਈ ਹੈ। ਸਕੂਲ ਦੇ ਵਿਦਿਆਰਥੀ ਇਸ ਦੀ ਹਰ ਰੋਜ਼ ਚਰਚਾ ਕਰਦੇ ਰਹਿੰਦੇ ਹਨ। ਜਦੋਂ ਮੈਂ ਸਕੂਲ ਜਾਂਦੀ ਹਾਂ ਤਾਂ ਭੂਤ-ਚੜੇਲਾਂ ਮੈਨੂੰ ਦਿਖਾਈ ਦਿੰਦੇ ਹਨ। ਜਿਸ ਕਰਕੇ ਮੈਂ ਹਰ ਵਕਤ ਡਰੀ ਰਹਿੰਦੀ ਹਾਂ ਅਤੇ ਸਕੂਲ ਜਾਣ ਨੂੰ ਵੀ ਮੇਰਾ ਮਨ ਨਹੀਂ ਕਰਦਾ। ਕਦੇ ਤਾਂ ਭੂਤ-ਚੜੇਲਾਂ ਸਕੂਲ ਤੋਂ ਘਰ ਤੱਕ ਮੇਰੇ ਮਗਰ ਹੀ ਆ ਜਾਂਦੇ ਹਨ। ਸਾਡਾ ਸਾਇੰਸ ਅਧਿਆਪਕ ਆਖਦਾ ਹੈ ਕੇ ਕੋਈ ਭੂਤ-ਪ੍ਰੇਤ ਨਹੀਂ ਹੁੰਦੇ, ਪਰ ਮੈਨੂੰ ਉਹ ਦਿਖਾਈ ਦਿੰਦੇ ਹਨ ਅਤੇ ਕਦੇ ਉਹ ਮੇਰੇ ਸਰੀਰ ਵਿੱਚ ਵੜ ਜਾਂਦੇ ਹਨ ਤੇ ਅਜੀਬ ਜਹੀਆਂ ਹਰਕਤਾਂ ਕਰਨ ਲੱਗਦੇ ਹਨ।" ਮੈਂ ਪੁੱਛਿਆ, "ਘਰ ਵਿੱਚ ਕੱਪੜੇ ਕੌਣ ਕੱਟਦਾ ਹੈ।" ਤਾਂ ਉਸ ਨੇ ਕਿਹਾ, "ਇਹ ਘਟਨਾਵਾਂ ਵੀ ਓਹੀ ਭੂਤ ਕਰਦੇ ਹਨ।"

ਘਟਨਾਵਾਂ ਦਾ ਹੱਲ ਕਿਵੇਂ ਹੋਇਆ:- ਮੈਂ ਉਸ ਦੀ ਪੂਰੀ ਕਹਾਣੀ ਚੰਗੀ ਤਰ੍ਹਾਂ ਸਮਝ ਚੁੱਕਾ ਸੀ, ਜਿਸ ਕਰਕੇ ਇਹ ਸਾਰੀਆਂ ਘਟਨਾਵਾਂ ਵਾਪਰ ਰਹੀਆਂ ਸੀ। ਸਭ ਤੋਂ ਪਹਿਲਾਂ ਮੈਂ ਉਸਦੇ ਮਨ ਵਿਚੋਂ ਭੂਤ-ਚੜੇਲਾਂ ਦੇ ਹੋਣ ਦਾ ਉਹ ਵਹਿਮ ਖਤਮ ਕਰਨ ਦੀ ਕੋਸ਼ਿਸ਼ ਕੀਤੀ ਜੋ ਧੋਖੇਬਾਜ ਬਾਬਿਆਂ, ਸਾਧੂ-ਸੰਤਾਂ ਤੇ ਪਾਦਰੀਆਂ (ਪਾਸਟਰਾਂ) ਨੇ ਭਰ ਦਿੱਤਾ ਸੀ। ਤਰਕਸ਼ੀਲ ਤੇ ਵਿਗਿਆਨਕ ਕਹਾਣੀਆਂ ਤੇ ਗੱਲਾਂ-ਬਾਤਾਂ ਰਾਹੀਂ ਉਸਨੂੰ ਭੂਤ-ਚੜੇਲਾਂ ਬਾਰੇ ਵਿਸਥਾਰ ਨਾਲ ਸਮਝਾਇਆ ਕਿ ਭੂਤ-ਚੜੇਲਾਂ ਬਿਲਕੁਲ ਵੀ ਨਹੀਂ ਹੁੰਦੇ। ਮੈਂ ਦੱਸਿਆਂ ਕੇ ਇਹ ਸਭ ਬੇਈਮਾਨ ਤੇ ਧੋਖੇਬਾਜ ਬਾਬਿਆਂ, ਸਾਧੂ-ਸੰਤਾਂ, ਜੋਤਸ਼ੀ, ਜਾਦੂਗਰਾਂ, ਪੁਜਾਰੀਆਂ ਤੇ ਪਾਦਰੀਆਂ (ਪਾਸਟਰਾਂ) ਵਲੋਂ ਲੋਕਾਂ ਨੂੰ ਮੂਰਖ ਬਣਾ ਕੇ ਲੁੱਟਣ ਲਈ ਫੈਲਾਏ ਹੋਏ ਵਹਿਮ-ਭਰਮ ਤੇ ਅੰਧਵਿਸ਼ਵਾਸ ਹੀ ਹਨ। ਮੈਂ ਉਸ ਨੂੰ ਆਪਣੀਆਂ ਗੱਲਾਂ-ਬਾਤਾਂ ਰਾਹੀਂ ਇਹ ਗੱਲ ਸਮਝਾਉਣ ਤੇ ਸਭ ਤੋਂ ਵੱਧ ਜ਼ੋਰ ਦਿੱਤਾ ਕੇ ਭੂਤ-ਚੜੇਲਾਂ ਬਿਲਕੁਲ ਵੀ ਨਹੀਂ ਹੁੰਦੇ। ਜਿਸ ਕਰਕੇ ਉਸਨੂੰ ਭੂਤਾਂ-ਚੜੇਲਾਂ ਦੇ ਹੋਣ ਦਾ ਵਹਿਮ ਹੋ ਗਿਆ ਸੀ ਤੇ 'ਮਾਨਸਿਕ ਰੋਗੀ' ਬਣ ਗਈ ਸੀ। ਗੱਲਾਂ-ਬਾਤਾਂ (ਕਾਉਂਸਲਿੰਗ) ਕਰਕੇ ਜਲਦੀ ਹੀ ਉਸਨੂੰ ਹਿਪਨੋਟਾਈਜ਼ ਕਰਕੇ, ਉਹ ਸੁਝਾਅ ਦਿੱਤੇ ਗਏ ਜੋ ਉਸਦਾ ਭੂਤਾਂ-ਚੜੇਲਾਂ ਵਿੱਚੋਂ ਵਿਸ਼ਵਾਸ਼ ਖਤਮ ਕਰਦੇ ਹਨ। ਮੈਂ ਆਪਣੀਆਂ ਗੱਲਾਂ-ਬਾਤਾਂ ਵਿੱਚ ਉਨ੍ਹਾਂ ਸ਼ਬਦਾਂ ਤੇ ਵਿਚਾਰਾਂ ਦਾ ਹੀ ਪ੍ਰਯੋਗ ਕੀਤਾ ਜੋ ਉਸ ਨੂੰ ਧਿਆਨ ਨਾਲ ਸੁਣ ਕੇ ਅਸਾਨੀ ਨਾਲ ਸਮਝ ਆ ਸਕੇ ਕਿਉਂਕਿ ਉਹ ਸਕੂਲ ਵਿੱਚ ਅਜੇ ਅੱਠਵੀਂ ਜਮਾਤ ਵਿੱਚ ਹੀ ਪੜ੍ਹਦੀ ਸੀ ਇਸ ਲਈ ਮੈਂ ਅੰਗਰੇਜ਼ੀ ਸ਼ਬਦਾਂ ਦਾ ਭੋਰਾ-ਭਰ ਵੀ ਇਸਤੇਮਾਲ ਨਾ ਕੀਤਾ। ਜਲਦੀ ਹੀ ਉਸਨੂੰ ਮੇਰੀਆਂ ਗੱਲਾਂ ਤੇ ਵਿਸ਼ਵਾਸ ਹੋਣ ਲੱਗਾ ਤੇ ਉਸਨੂੰ ਯਕੀਨ ਹੋਣ ਲੱਗ ਪਿਆ ਕੇ ਸੱਚਮੁੱਚ ਹੀ ਭੂਤ-ਚੜੇਲਾਂ ਨਹੀਂ ਹੁੰਦੇ।

ਉਹ ਬਹੁਤ ਖੁਸ਼ ਨਜ਼ਰ ਆ ਰਹੀ ਸੀ ਤੇ ਮੇਰੀਆਂ ਗੱਲਾਂ ਨੂੰ ਸੁਣਨ ਵਿੱਚ ਰੁਚੀ ਦਿਖਾ ਰਹੀ ਸੀ। ਉਸਨੇ ਮੇਰੇ ਕੋਲੋਂ ਬਹੁਤ ਸਾਰੇ ਸੁਆਲ ਪੁੱਛੇ, ਉਸਦੇ ਸਾਰੇ ਹੀ ਸੁਆਲਾਂ ਦੇ ਜੁਆਬ ਮੈਂ ਤਰਕਸ਼ੀਲ ਤੇ ਵਿਗਿਆਨਕ ਤਰੀਕੇ ਨਾਲ ਦਲੀਲ ਰਾਹੀਂ ਪੂਰੀ ਤਸੱਲੀਬਖਸ਼ ਦਿੱਤੇ। ਮੇਰੇ ਸਾਰੇ ਜੁਆਬ ਭੂਤਾਂ-ਚੜੇਲਾਂ ਦੇ 'ਨਾ ਹੋਣ' ਨੂੰ ਹੀ ਸਾਬਤ ਕਰਦੇ ਸਨ। ਉਸੇ ਸਮੇਂ ਮੈਂ ਰਮਨ ਨੂੰ ਜਾਦੂ ਦੇ ਉਹ ਟਰਿੱਕ ਕਰਕੇ ਦਿਖਾਏ ਜੋ ਧੋਖੇਬਾਜ ਜੋਤਸ਼ੀਆਂ, ਬਾਬਿਆਂ, ਜਾਦੂਗਰਾਂ ਤੇ ਸਾਧਾਂ-ਸੰਤਾਂ ਵੱਲੋਂ ਲੋਕਾਂ ਨੂੰ ਮੂਰਖ ਬਣਾ ਕੇ ਲੁੱਟਣ ਲਈ ਆਮ ਹੀ ਕੀਤੇ ਜਾਂਦੇ ਹਨ। ਜਦੋਂ ਮੈਂ ਇਨ੍ਹਾਂ ਟਰਿੱਕਾਂ ਪਿੱਛੇ ਕੀਤੀ ਜਾਂਦੀ ਚਲਾਕੀ ਬਾਰੇ ਦੱਸਿਆ ਤਾਂ ਉਹ ਹੈਰਾਨ ਹੋ ਗਈ। ਜਦ ਮੈਂ ਰਮਨ ਨੂੰ ਪੁੱਛਿਆ, "ਕੱਪੜੇ ਕੱਟਣ ਦੀਆਂ ਘਟਨਾਵਾਂ ਕੌਣ ਕਰਦਾ ਹੈ ਤੇ ਪਾਣੀ ਦਾ ਭਰਿਆ ਗਿਲਾਸ ਆਪਣੇ-ਆਪ ਕਿਵੇਂ ਡੁੱਲ੍ਹ ਜਾਂਦਾ ਹੈ?" ਤਾਂ ਉਹ ਮੇਰੇ ਸਾਹਮਣੇ ਚੁੱਪ-ਚਾਪ ਬੈਠੀ ਰਹੀ ਤੇ ਮੇਰੇ ਵੱਲ ਸ਼ਰਮਿੰਦਗੀ ਭਰੀਆਂ ਨਜ਼ਰਾਂ ਨਾਲ ਦੇਖਣ ਲੱਗੀ। ਮੈਂ ਕਿਹਾ, "ਇਹ ਸਾਰੀਆਂ ਘਟਨਾਵਾਂ ਨੂੰ ਆਪਣੇ-ਆਪ ਹੀ ਜਾਣ-ਬੁੱਝ ਕੇ ਕਰਦੀ ਏ।" ਤਾਂ ਉਹ ਹੈਰਾਨ-ਪ੍ਰੇਸ਼ਾਨ ਹੋ ਕੇ ਰੋਣ ਲੱਗ ਪਈ। ਉਸਦੀਆਂ ਅੱਖਾਂ ਵਿੱਚੋਂ ਹੰਝੂ ਆਪਣੇ ਆਪ ਹੀ ਵਗਣ ਲੱਗ ਪਏ ਕਿਉਂਕਿ ਹੁਣ ਉਸਦਾ ਛੁਪਿਆ ਹੋਇਆ ਭੇਦ ਖੁੱਲ੍ਹ ਚੁੱਕਾ ਸੀ। ਪਹਿਲਾਂ ਤਾਂ ਉਹ ਨਾਂਹ-ਨੁਕਰ ਕਰਦੀ ਰਹੀ, ਆਖਣ ਲੱਗੀ, "ਇਹ ਘਟਨਾਵਾਂ ਮੈਂ ਨਹੀਂ ਕਰਦੀ, ਮੈਨੂੰ ਕੀ ਪਤਾ ਇਹ ਕੌਣ ਕਰਦਾ ਹੈ, ਨਾਲੇ ਮੈਨੂੰ ਕੀ ਲੋੜ ਆ ਇਹ ਸਭ ਕਰਨ ਦੀ, ਇਹ ਤਾਂ ਭੂਤ-ਚੜੇਲਾਂ ਕਰਦੇ ਹਨ।" ਜਦੋਂ ਮੈਂ ਆਖਿਆ, "ਭੂਤ-ਚੜੇਲਾਂ ਤਾਂ ਹੁੰਦੇ ਹੀ ਨਹੀਂ ਫਿਰ ਉਹ ਇਹ ਘਟਨਾਵਾਂ ਕਿਵੇਂ ਕਰ ਸਕਦੇ ਹਨ?" ਤਾਂ ਉਹ ਸੋਚਾਂ ਵਿੱਚ ਪੈ ਗਈ। ਮੈਂ ਕਿਹਾ, "ਇਸਦਾ ਭੇਦ ਘਰਦਿਆਂ ਕੋਲ ਜਾਂ ਕਿਸੇ ਹੋਰ ਕੋਲ ਬਿਲਕੁਲ ਵੀ ਨਹੀਂ ਖੋਲਿਆ ਜਾਵੇਗਾ।" ਤਾਂ ਉਹ ਹੌਲੀ-ਹੌਲੀ ਮੰਨਣ ਲੱਗ ਪਈ ਕਿ ਇਹ ਸਾਰੀਆਂ ਘਟਨਾਵਾਂ ਉਸ ਕੋਲੋਂ ਆਪਣੇ ਆਪ ਹੀ ਹੋ ਜਾਂਦੀਆਂ ਹਨ ਭਾਵੇਂ ਉਹ ਅਜਿਹਾ ਕਰਨ ਤੋਂ ਰੁਕਣਾ ਚਾਹੁੰਦੀ ਹੈ ਪਰ ਬੇਵੱਸ ਹੋ ਕੇ ਰਹਿ ਜਾਂਦੀ ਹੈ ਤੇ ਘਟਨਾਵਾਂ ਵਾਪਰ ਜਾਂਦੀਆਂ ਹਨ। ਘਟਨਾਵਾਂ ਹੋਣ ਬਾਰੇ ਉਸਨੇ ਦੱਸਿਆ, "ਰਸੋਈ ਵਿੱਚ ਪਿਆ ਹੋਇਆ ਸਬਜ਼ੀ ਕੱਟਣ ਵਾਲਾ ਚਾਕੂ ਮੈਂ ਚੋਰੀ-ਛੁਪੇ ਚੁੱਕ ਕੇ ਕੱਪੜੇ ਕੱਟਦਿਆਂ ਕਰਦੀ ਸੀ ਤੇ ਪਾਣੀ ਦਾ ਭਰਿਆ ਹੋਇਆ ਗਿਲਾਸ ਵੀ ਰੋਟੀ ਖਾਣ ਸਮੇਂ, ਘਰਦਿਆਂ ਦੀਆਂ ਨਜ਼ਰਾਂ ਤੋਂ ਛੁਪਾ ਕੇ ਡੋਲਦਿਆ ਕਰਦੀ ਸੀ।" ਮੈਂ ਫਿਰ ਪੁੱਛਿਆ, "ਤੈਨੂੰ ਕਸਰ ਕਿਵੇਂ ਹੋ ਜਾਂਦੀ ਹੈ?" ਤਾਂ ਉਸਨੇ ਕਿਹਾ, "ਸੱਚਮੁੱਚ ਹੀ ਮੈਨੂੰ ਉਸ ਸਮੇਂ ਭੂਤ-ਚੜੇਲਾਂ ਦਿਖਾਈ ਦਿੰਦੇ ਸਨ, ਜਿਸ ਕਰਕੇ ਮੈਂ ਹਰ ਵਕਤ ਡਰੀ ਹੋਈ ਰਹਿੰਦੀ ਸੀ ਤੇ ਭੂਤ-ਚੜੇਲਾਂ ਮੇਰੇ ਸਰੀਰ ਵਿੱਚ ਵੜ ਕੇ ਹੀ 'ਕਸਰ' ਵਾਲੀਆਂ ਘਟਨਾਵਾਂ ਕਰਨ ਲੱਗ ਜਾਂਦੇ ਹਨ। ਭਾਵੇਂ ਉਸ ਸਮੇਂ ਮੈਨੂੰ ਪਤਾ ਹੁੰਦਾ ਸੀ ਕਿ ਮੈਂ ਕੀ ਕੁਝ ਕਰ ਰਹੀ ਆ ਪਰ ਮੈਂ ਆਪਣੇ-ਆਪ ਨੂੰ ਰੋਕ ਨਹੀਂ ਸੀ ਪਾਉਂਦੀ। ਇਹ ਸਾਰੀਆਂ ਘਟਨਾਵਾਂ ਮੇਰੇ ਕੋਲੋਂ ਘਰਦਿਆਂ ਨੂੰ ਡਰਾਉਣ ਜਾਂ ਮਾਣ-ਸਤਿਕਾਰ ਪ੍ਰਾਪਤ ਕਰਨ ਲਈ ਹੀ ਮੇਰੇ ਕੋਲੋਂ ਹੋ ਜਾਂਦੀਆਂ ਸਨ। ਉਸ ਸਮੇਂ ਮੈਨੂੰ ਕੋਈ ਹੋਸ਼ ਨਹੀਂ ਸੀ ਰਹਿੰਦੀ, ਮੈਂ ਆਪਣੇ-ਆਪ ਹੀ ਏਧਰ-ਉਧਰ ਗਲੀ-ਮੁਹੱਲੇ ਵਿੱਚ ਭੱਜਣ ਲੱਗਦੀ ਘਰਦੇ ਮੇਰੇ ਮਗਰ ਦੌੜਦੇ। ਮੂੰਹ ਵਿੱਚ ਬਹੁਤ ਸਾਰਾ ਥੁੱਕ ਜਮਾ ਕਰਕੇ ਉਸਨੂੰ ਬਾਹਰ ਕੱਢ ਦਿੰਦੀ, ਘਰਦੇ ਉਸਨੂੰ ਝੱਗ ਸਮਝ ਲੈਂਦੇ। ਆਪਣੇ ਆਪ ਹੀ ਮੈਂ ਮੂੰਹ ਦੀਆਂ ਗੱਲ੍ਹਾਂ ਉਤੇ ਨਹੁੰਆਂ ਨਾਲ ਝਰੀਟਾਂ ਮਾਰ ਲੈਂਦੀ ਜਿਸ ਕਾਰਨ ਖੂਨ ਦੇ ਲਾਲ ਨਿਸ਼ਾਨਾਂ ਦੀਆਂ ਝਰੀਟਾਂ ਸਾਫ਼ ਦਿਖਾਈ ਦੇਣ ਲੱਗਦੀਆਂ। ਮੈਂ ਟੀ. ਵੀ. ਵਿੱਚ ਭੂਤ-ਚੜੇਲਾਂ ਵਾਲੇ ਡਰਾਉਣੇ ਪ੍ਰੋਗਰਾਮ ਦੇਖਕੇ ਹੀ ਉਨ੍ਹਾਂ

ਵਾਂਗ ਕਰਨ ਲੱਗ ਜਾਂਦੀ ਜਦੋਂ ਮੈਨੂੰ ਪੁੱਛਾਂ ਦੇਣ ਵਾਲੇ ਬਾਬਿਆਂ ਦੇ ਲੈ ਕੇ ਜਾਂਦੇ ਤਾਂ ਮੈਂ ਉਹ ਸਭ ਦੇਖਕੇ ਆਪਣੇ ਘਰ ਵਿੱਚ ਹੀ ਬਾਬਿਆਂ ਵਾਂਗ ਵਾਲ ਖਿਲਾਰ ਕੇ ਸਿਰ ਘੁੰਮਾਉਣਾ ਸ਼ੁਰੂ ਕਰ ਦਿੰਦੀ ਤੇ ਪੁੱਛਾਂ ਦੇਣ ਲੱਗਦੀ, ਉਸ ਸਮੇਂ ਮੈਂ ਘਰਦਿਆਂ ਨੂੰ ਪੂਜਾ-ਪਾਠ ਤੇ ਧੂਫ ਬੱਤੀ ਕਰਨ ਲਈ ਰੋਅਬ ਨਾਲ ਕਹਿੰਦੀ। ਜਦੋਂ ਮੈਨੂੰ ਘਰਦੇ ਝਿੜਕਦੇ ਤਾਂ ਮੈਂ ਕਸਰ ਦੌਰਾਨ ਭਾਂਡੇ ਭੰਨਣ ਲੱਗ ਜਾਂਦੀ, ਗਾਲਾਂ ਕੱਢਦੀ, ਝਿੜਕਾਂ ਮਾਰਦੀ, ਹੁਕਮ ਚਲਾਉਂਦੀ ਤੇ ਘਰਦਿਆਂ ਦੇ ਚਪੇੜਾਂ ਮਾਰਦੀ।

ਮੈਂ ਸਕੂਲ ਨਹੀਂ ਜਾਣਾ ਚਾਹੁੰਦੀ ਕਿਉਂਕਿ ਉਥੇ ਭੂਤ-ਚੜੇਲਾਂ ਰਹਿੰਦੇ ਹਨ ਜਦੋਂ ਮੈਨੂੰ ਘਰਦੇ ਸਕੂਲ ਜਾਣ ਲਈ ਲਈ ਜ਼ੋਰ ਪਾਉਂਦੇ ਹਨ ਤਾਂ ਮੈਨੂੰ ਉਥੋਂ ਦੇ ਭੂਤ ਚੜੇਲਾਂ ਦਿਖਾਈ ਦੇਣ ਲੱਗਦੇ ਹਨ ਤੇ ਉਹ ਮੇਰੇ ਵਿੱਚ ਆ ਵੜਦੇ ਹਨ ਤਾਂ ਮੈਂ ਚੀਕਾਂ ਮਾਰਦੇ ਹੱਥ-ਪੈਰ ਮਾਰਨ ਲੱਗ ਜਾਂਦੀ ਹਾਂ ਸਾਰਾ ਸਰੀਰ ਕੰਬਣ ਲੱਗਦਾ ਹੈ ਤੇ ਦੰਦਲਾਂ ਦੌਰੇ ਪੈਣ ਲੱਗਦੇ ਹਨ ਕੱਪੜੇ ਵੀ ਪਾਟ ਜਾਂਦੇ ਹਨ। ਉਸ ਸਮੇਂ ਮੈਨੂੰ ਆਲੇ-ਦੁਆਲੇ ਦੀ ਕੋਈ ਸੁੱਧ-ਬੁੱਧ ਨਹੀਂ ਰਹਿੰਦੀ। ਜਦੋਂ ਮੈਂ ਥੱਕ ਹਾਰ ਜਾਂਦੀ ਹਾਂ ਤਾਂ ਬੇਹੋਸ਼ ਹੋ ਕੇ ਜ਼ਮੀਨ ਉਤੇ ਡਿੱਗ ਪੈਂਦੀ ਹਾਂ। ਜਦੋਂ ਇਕ ਬਾਬੇ ਨੇ ਦੱਸਿਆ ਕਿ ਘਰ ਵਿੱਚ ਮੇਰੇ ਮਰੇ ਹੋਏ ਦਾਦੇ ਦੀ ਰੂਹ ਘੁੰਮਦੀ ਹੈ, ਤਾਂ ਉਸ ਦੀ ਰੂਹ ਮੈਨੂੰ ਦਿਖਾਈ ਦੇਣ ਲੱਗ ਪਈ ਤੇ ਮੇਰੇ ਵਿੱਚ ਆ ਵੜੀ। ਜਿਸ ਕਰਕੇ ਮੈਂ ਮਰੇ ਹੋਏ ਦਾਦੇ ਵਾਂਗ ਨਕਲ ਕਰਕੇ ਬੋਲਣ ਲੱਗ ਪਈ ਸੀ।" ਰਮਨ ਨੇ ਮੈਨੂੰ ਫਿਰ ਦੱਸਿਆ ਕੇ ਭਾਵੇਂ ਉਹ ਇਹ ਸਾਰੀਆਂ ਘਟਨਾਵਾਂ ਕਰਨ ਤੋਂ ਰੁਕਣਾ ਚਾਹੁੰਦੀ ਹੈ ਪਰ ਉਹ ਆਪਣੇ ਆਪ ਨੂੰ ਰੋਕ ਨਹੀਂ ਪਾਉਂਦੀ। ਜਦੋਂ ਮੈਂ ਆਪਣੀਆਂ ਤਰਕਸ਼ੀਲ ਦੇ ਵਿਗਿਆਨ ਕਹਾਣੀਆਂ ਤੇ ਗੱਲਾਂ ਬਾਤਾਂ ਰਾਹੀਂ ਉਸਦੇ ਮਨ ਵਿੱਚੋਂ ਭੂਤਾਂ-ਚੜੇਲਾਂ ਦੇ ਹੋਣ ਦਾ ਵਿਸ਼ਵਾਸ ਖਤਮ ਕਰ ਦਿੱਤਾ ਤਾਂ ਉਹ ਹੌਲੀ-ਹੌਲੀ ਠੀਕ ਹੋ ਗਈ। ਮੈਂ ਉਸ ਦੇ ਘਰਦੇ ਸਾਰੇ ਮੈਂਬਰਾਂ ਨੂੰ ਇਕੱਠੇ ਕਰਕੇ ਚੰਗੀ ਤਰ੍ਹਾਂ ਸਮਝਾਇਆ ਕਿ ਭੂਤ-ਚੜੇਲਾਂ, ਜਾਂਦੂ-ਟੂਣਾ, ਜੰਤਰ-ਮੰਤਰ, ਦੇਵੀ-ਦੇਵਤੇ, ਗੈਬੀ ਸ਼ਕਤੀਆਂ, ਰੂਹਾਂ-ਬਦਰੂਹਾਂ, ਸ਼ੈਤਾਨ ਤੇ ਆਤਮਾ-ਪ੍ਰਮਾਤਮਾ ਬਿਲਕੁਲ ਵੀ ਨਹੀਂ ਹੁੰਦੇ। ਅੱਜ ਲੱਗਭਗ 5 ਸਾਲ ਬੀਤ ਚੁੱਕੇ ਹਨ ਉਸ ਘਰ ਵਿੱਚ ਅਜਿਹੀ ਅਜੇ ਤੱਕ ਕੋਈ ਘਟਨਾ ਨਹੀਂ ਵਾਪਰੀ। ਜਿਸ ਕਰਕੇ ਘਰ ਭੂਤਾਂ-ਚੜੇਲਾਂ ਵਲੋਂ ਕੱਪੜੇ ਕੱਟ ਹੁੰਦੇ ਸਨ ਤੇ ਲੜਕੀ ਨੂੰ ਕਸਰ ਹੋ ਜਾਂਦੀ ਸੀ।

ਕੀ ਕਾਰਨ ਸੀ: ਬਚਪਨ ਤੋਂ ਬੱਚਿਆਂ ਦੇ ਕੋਮਲ ਮਨਾਂ ਵਿੱਚ ਭੂਤਾਂ-ਚੜੇਲਾਂ ਦੇ ਹੋਣ ਦੇ ਵਹਿਮ-ਭਰਮ ਤੇ ਅੰਧਵਿਸ਼ਵਾਸ ਮੂਰਖ ਤੇ ਲਾਈਲੱਗ ਮਾਪਿਆਂ ਤੇ ਸਿਆਣਿਆਂ ਵੱਲੋਂ ਕਲਪਨਿਕ ਕਹਾਣੀਆਂ ਤੇ ਬਾਤਾਂ ਰਾਹੀਂ ਭਰ ਦਿੱਤੇ ਜਾਂਦੇ ਹਨ ਜੋ ਸਾਰੀ ਜ਼ਿੰਦਗੀ ਉਨ੍ਹਾਂ ਦੇ ਮਨਾਂ ਤੇ ਖਤਰਨਾਕ ਪ੍ਰਭਾਵ ਪਾਉਂਦੇ ਹਨ। ਟੈਲੀਵਿਜ਼ਨ ਦੇ ਵੱਖ-ਵੱਖ ਚੈਨਲਾਂ ਉਤੇ ਇਹ ਸਭ ਤੋਂ ਵੱਡੀ ਪੱਧਰ ਤੇ ਫੈਲਾਏ ਜਾਂਦੇ ਹਨ। ਚੈਨਲਾਂ ਉਤੇ ਅਜਿਹੇ ਵਹਿਮਾਂ-ਭਰਮਾਂ ਤੇ ਅੰਧਵਿਸ਼ਵਾਸਾਂ ਦਾ ਪ੍ਰਚਾਰ ਕਰਕੇ ਮੂਰਖ ਧੋਖੇਬਾਜ਼ ਜੋਤਸ਼ੀ ਬਾਬੇ, ਸਾਧ, ਸੰਤ, ਚੇਲੇ, ਸਿਆਣੇ, ਤਾਂਤਰਿਕ, ਨਾਮਦਾਨ ਦੇਣ ਵਾਲੇ ਡੇਰੇਦਾਰ, ਮਹਾਂਰਿਸ਼ੀ, ਭਗਵਾਨ, ਗੁਰੂ, ਸੁਆਮੀ, ਪੰਡਤ, ਪਾਂਡੇ, ਪੁਜਾਰੀ ਅਤੇ ਪਾਦਰੀ (ਪਾਸਟਰ) ਆਪਣੀਆਂ ਚਾਲਾਂ ਨਾਲ ਲੋਕਾਂ ਨੂੰ ਮੂਰਖ ਤੇ ਲਾਈਲੱਗ ਬਣਾ ਕੇ ਉਨ੍ਹਾਂ ਦੀ ਖੂਨ ਪਸੀਨੇ ਦੀ ਕਮਾਈ ਹੋਈ ਧੰਨ ਦੌਲਤ 'ਮਾਨਸਿਕ ਗੁਲਾਮ' ਬਣਾ ਕੇ ਲੁੱਟਦੇ ਹੋਏ ਹਰ ਰੋਜ਼ ਦੇਖੇ ਜਾ ਸਕਦੇ ਹਨ, ਗਰੀਬ, ਭੋਲੇ-ਭਾਲੇ ਤੇ ਲਾਈਲੱਗ ਮੂਰਖ ਲੋਕ ਜਲਦੀ ਹੀ ਇਨ੍ਹਾਂ ਦੇ ਲੁੱਟਣ ਵਾਲੇ 'ਮੱਕੜ ਜਾਲ' ਵਿੱਚ ਫਸ ਜਾਂਦੇ ਹਨ। ਫਿਰ ਇਹ ਧੋਖੇਬਾਜ਼ ਲੁਟੇਰੇ ਇਨ੍ਹਾਂ ਨੂੰ ਗੱਲਾਂ ਰਾਹੀਂ ਆਪਣਾ 'ਮਾਨਸਿਕ ਗੁਲਾਮ' ਬਣਾ ਕੇ ਖੂਨ ਚੂਸਦੇ ਹਨ। ਜਿਵੇਂ ਮੱਕੜ ਜਾਲ ਵਿੱਚ ਫਸੇ ਹੋਏ ਸ਼ਿਕਾਰ ਨਾਲ ਮੱਕੜੀ ਕਰਦੀ ਹੈ। ਰਮਨ ਦੇ ਘਰਦੇ ਵੀ ਇਸੇ 'ਮੱਕੜ ਜਾਲ' ਵਿੱਚ ਜਾ ਫਸੇ ਸੀ। ਸਕੂਲ ਵਿੱਚ ਫੈਲੀ ਹੋਈ ਭੂਤਾਂ-ਚੜੇਲਾਂ ਦੇ ਹੋਣ ਦੀ ਅਫਵਾਹ ਰਮਨ ਦੇ ਮਨ ਵਿੱਚ ਵਸ ਚੁੱਕੀ ਸੀ। ਉਹ ਮੰਨਣ ਲੱਗ ਪਈ ਸੀ ਕਿ ਭੂਤ-ਚੜੇਲਾਂ ਹੁੰਦੇ ਹਨ ਤੇ ਦਿਖਾਈ ਦੇਣ ਲੱਗਦੇ ਹਨ। ਦੂਜਿਆਂ ਦੇ ਸਰੀਰਾਂ ਵਿੱਚ ਵੜ ਕੇ ਘਟਨਾਵਾਂ ਕਰਨ ਲੱਗ ਜਾਂਦੇ ਹਨ। ਉਸਦੇ ਮਨ ਵਿੱਚ ਭੂਤਾਂ-ਚੜੇਲਾਂ ਦੇ ਹੋਣ ਦਾ ਵਹਿਮ ਉਸ ਨਾਲ ਪੜਦੀਆਂ ਵਿਦਿਆਰਥਣਾਂ ਨੇ ਪੂਰੀ ਤਰ੍ਹਾਂ ਭਰ ਦਿੱਤਾ ਸੀ। ਜਿਸ ਕਰਕੇ ਉਹ 'ਮਾਨਸਿਕ ਰੋਗੀ' ਹੋ ਗਈ ਸੀ ਤੇ ਭੂਤਾਂ-ਚੜੇਲਾਂ ਵਾਂਗ ਕਰਨ ਲੱਗ ਪਈ ਸੀ। ਭਾਵੇਂ ਉਹ ਇਹ ਸਾਰੀਆਂ ਘਟਨਾਵਾਂ 'ਨੀਮ-ਬੇਹੋਸ਼ੀ' ਦੀ ਹਾਲਤ ਵਿੱਚ ਹੀ ਕਰਿਆ ਕਰਦੀ ਸੀ ਪਰ ਉਹ ਇਨ੍ਹਾਂ ਨੂੰ ਰੋਕ ਨਹੀਂ ਸੀ ਸਕਦੀ ਕਿਉਂਕਿ ਭੂਤਾਂ-ਚੜੇਲਾਂ ਦੇ ਵਹਿਮ ਨੇ ਉਸਦੇ ਮਨ ਨੂੰ ਹਿਲਾ ਕੇ ਰੱਖ ਦਿੱਤਾ ਸੀ ਤੇ ਉਹ ਬੌਂਦਲ ਗਈ ਸੀ। ਜਿਸ ਕਰਕੇ ਉਸਨੂੰ ਦੰਦਲਾਂ-ਦੌਰੇ ਪੈਣ ਲੱਗ ਪਏ ਸਨ, ਸਰੀਰ ਕੰਬਣ ਲੱਗ ਪਿਆ ਸੀ ਤੇ ਉਹ ਹੱਥ-ਪੈਰ ਮਾਰਨ ਲੱਗ ਪਈ ਸੀ। ਜਿਸ ਕਰਕੇ ਕੱਪੜੇ ਪਾਟ ਜਾਂਦੇ ਤੇ ਵਾਲ ਖਿੱਲਰ ਜਾਂਦੇ, ਉਸਨੂੰ ਕੋਈ ਹੋਸ਼ ਨਾ ਰਹਿੰਦੀ, ਥੱਕ ਹਾਰ ਕੇ ਬੇਹੋਸ਼ ਹੋ ਕੇ ਜ਼ਮੀਨ ਉਤੇ ਡਿੱਗ ਪੈਂਦੀ। ਜਦੋਂ ਕਦੇ ਘਰਦੇ ਉਸਨੂੰ ਕਿਸੇ ਕਾਰਨ ਝਿੜਕ ਦਿੰਦੇ ਤਾਂ ਉਹ ਇਸ ਦਾ ਬਦਲਾ ਲੈਣ ਲਈ ਉਨ੍ਹਾਂ ਦੇ ਕੱਪੜੇ ਚੋਰੀ-ਛੁਪੇ ਕੱਟ ਦਿੰਦੀ, ਪਾਣੀ ਦਾ ਭਰਿਆ ਗਿਲਾਸ ਡੋਲ ਦਿੰਦੀ, ਭਾਂਡੇ ਭੰਨਦੀ, ਉਨ੍ਹਾਂ ਦੇ ਚਪੇੜਾਂ ਮਾਰਦੀ, ਗਾਲ਼ਾਂ ਕੱਢਦੀ, ਝਿੜਕਾਂ ਮਾਰਦੀ, ਹੁਕਮ ਚਲਾਉਂਦੀ ਤਾਂ ਜੋ ਘਰਦੇ ਡਰ ਜਾਣ ਤੇ ਤੰਗ-ਪ੍ਰੇਸ਼ਾਨ ਹੋਣ। ਕਦੇ-ਕਦੇ ਉਹ ਘਰਦਿਆਂ ਕੋਲੋਂ ਮਾਣ-ਸਤਿਕਾਰ ਪ੍ਰਾਪਤ ਕਰਨ ਲਈ 'ਕਸਰ' ਹੋਣ ਦਾ ਨਾਟਕ ਕਰਦੀ ਤੇ ਜਾਣ-ਬੁਝ ਕੇ ਮੂੰਹ ਵਿੱਚ ਥੁੱਕ ਜਮਾ ਕਰਕੇ ਬਾਹਰ ਕੱਢ ਦਿੰਦੀ ਤੇ ਆਪਣੇ ਮੂੰਹ ਉਤੇ ਨਹੂੰਆਂ ਨਾਲ ਝਰੀਟਾਂ ਮਾਰਦੀ। ਵਾਲ ਖਿਲਾਰ ਕੇ, ਸਿਰ ਘੁਮਾਉਣਾ ਸ਼ੁਰੂ ਕਰਕੇ, ਪੁੱਛਾਂ ਦੇਣ ਲੱਗਦੀ ਹਰ ਸਮੇਂ ਭੂਤਾਂ-ਚੜੇਲਾਂ ਬਾਰੇ ਸੋਚਦੀ ਰਹਿਣ ਕਰਕੇ ਉਹ 'ਮਾਨਸਿਕ ਰੋਕ' ਦਾ ਸ਼ਿਕਾਰ ਹੋ ਗਈ ਸੀ। ਜਿਸ ਕਰਕੇ ਉਸਨੂੰ ਸੱਚਮੁੱਚ ਹੀ ਭੂਤ-ਚੜੇਲਾਂ ਬਾਰੇ ਸੋਚਦੀ ਰਹਿਣ ਕਰਕੇ ਉਹ 'ਮਾਨਸਿਕ ਰੋਗ' ਦਾ ਸ਼ਿਕਾਰ ਹੋ ਗਈ ਸੀ। ਜਿਸ ਕਰਕੇ ਉਸਨੂੰ ਸੱਚਮੁੱਚ ਹੀ ਭੂਤ-ਚੜੇਲਾਂ ਦਿਖਾਈ ਦੇਣ ਲੱਗ ਪਏ ਸਨ, ਜਦੋਂ ਉਸਨੂੰ ਭੂਤ-ਚੜੇਲਾਂ ਦਿਖਾਈ ਦਿੰਦੇ ਤਾਂ ਉਹ ਡਰਦੀ ਹੋਈ ਚੀਕਾਂ ਮਾਰੀ ਤੇ ਬਚਣ ਲਈ ਏਧਰ-ਉਧਰ ਤੇ ਘਰੋਂ ਬਾਹਰ ਭੱਜਣ ਲੱਗਦੀ ਸੀ। ਕਿਉਂਕਿ ਉਸਨੂੰ ਭੂਤਾਂ-ਚੜੇਲਾਂ ਦੇ ਦਿਸਣ ਦਾ ਦ੍ਰਿਸ਼ਟੀ ਭਰਮ (ਨਜ਼ਰ ਦਾ ਭੁਲੇਖਾ) ਹੋ ਗਿਆ ਸੀ। ਭਾਵੇਂ ਉਸਦਾ ਇਹ ਭਰਮ ਅੰਤਰਮੁਖੀ ਤੌਰ 'ਤੇ (ਉਸਦੇ ਲਈ) ਸੱਚਾ ਸੀ ਪਰ ਬਾਹਰਮੁਖੀ ਤੌਰ 'ਤੇ (ਦੂਜਿਆਂ ਲਈ) ਸੱਚਾ ਨਹੀਂ ਸੀ। ਇਹ ਗੱਲ ਸਿਰ ਉਹੀ ਜਾਣ ਸਕਦਾ ਹੈ ਜੋ ਮਨੋਵਿਗਿਆਨਕ ਜਾਣਕਾਰੀ ਰੱਖਦਾ ਹੋਵੇ। ਭਾਵੇਂ ਭੂਤ-ਚੜੇਲਾਂ ਦੇ ਹੋਣ ਦਾ ਕੋਈ ਵੀ ਠੋਸ ਸਬੂਤ ਨਹੀਂ ਹੈ ਜੋ ਸਿਰਫ਼ ਮਨ ਵਿੱਚ ਪੈਦਾ ਹੋਇਆ ਵਹਿਮ-ਭਰਮ ਹੀ ਹੈ। ਜੇਕਰ ਮਨਾਂ ਵਿੱਚ ਅਜਿਹੇ ਵਹਿਮਾਂ-ਭਰਮਾਂ ਬਾਰੇ ਸਾਡੇ ਮੂਰਖ ਮਾਪਿਆਂ ਤੇ ਸਿਆਣਿਆਂ ਨੇ ਡਰਾਉਣ ਵਾਲੀਆਂ ਗੱਲਾਂ ਦੀ ਜਗਾ ਉਹ ਗੱਲਾਂ ਭਰੀਆਂ ਹੁੰਦੀਆਂ, ਜਿਸ ਰਾਹੀਂ ਭੂਤ-ਚੜੇਲਾਂ ਸਾਡੇ ਲਈ ਫਾਇਦੇਮੰਦ ਸਾਬਤ ਹੁੰਦੇ ਤਾਂ ਰਮਨ ਉਨ੍ਹਾਂ ਤੋਂ ਕਦੇ ਨਾ ਡਰਦੀ ਤੇ ਨਾ ਹੀ 'ਮਾਨਸਿਕ ਰੋਗਣ' ਬਣਦੀ।

ਜਦੋਂ ਸਕੂਲ ਵਿੱਚ ਸਾਇੰਸ ਅਧਿਆਪਕ ਨੇ ਉਸਨੂੰ ਇਹ ਸੱਚਾਈ ਦੱਸੀ ਕੇ ਭੂਤ-ਪ੍ਰੇਤ ਬਿਲਕੁਲ ਵੀ ਨਹੀਂ ਹੁੰਦੇ ਤਾਂ ਉਸਨੂੰ ਯਕੀਨ ਨਹੀਂ ਸੀ ਆਇਆ ਕਿਉਂਕਿ ਅਧਿਆਪਕ ਆਪਣਾ ਇਹ ਵਿਚਾਰ ਉਸਦੇ ਮਨ ਵਿੱਚ ਪੂਰੀ ਤਰ੍ਹਾਂ ਨਹੀਂ ਸੀ ਭਰ ਸਕਿਆ, ਜੇਕਰ ਅਜਿਹਾ ਹੋ ਜਾਂਦਾ ਤਾਂ ਰਮਨ ਨੇ ਹੌਲੀ-ਹੌਲੀ ਆਪਣੇ ਆਪ ਹੀ ਠੀਕ

ਹੋ ਜਾਣਾ ਸੀ ਪਰ ਉਸਦੇ ਮਨ ਵਿੱਚ ਭੂਤਾਂ-ਪ੍ਰੇਤਾਂ ਦੇ 'ਨਾ ਹੋਣ' ਦਾ ਵਿਚਾਰ ਭਰਨਾ ਏਨਾ ਆਸਾਨ ਵੀ ਨਹੀਂ ਸੀ ਕਿਉਂਕਿ ਉਸਨੂੰ ਤਾਂ ਭੂਤ-ਪ੍ਰੇਤ ਦਿਖਾਈ ਦਿੰਦੇ ਸਨ। ਭਾਵੇਂ ਇਹ ਸਭ ਉਸ ਨਾਲ ਉਸਦੇ ਵਹਿਮ ਕਰਕੇ ਹੀ ਹੋ ਰਿਹਾ ਸੀ ਪਰ ਉਸਦੇ ਇਸ ਵਹਿਮ ਨੂੰ ਖਤਮ ਕਰਨ ਲਈ ਅਜੇ ਤੱਕ ਕੋਈ ਵੀ ਠੋਸ ਸੁਝਾਅ ਦੇਣ ਵਾਲਾ ਵਿਅਕਤੀ ਨਹੀਂ ਸੀ ਮਿਲਿਆ। ਜਿਸ ਕਰਕੇ ਉਸਦੇ ਮਨ ਵਿੱਚ ਇਹ ਵਹਿਮ-ਭਰਮ ਪੂਰੀ ਤਰ੍ਹਾਂ ਆਪਣੀਆਂ ਜੜ੍ਹਾਂ ਫੈਲਾਅ ਕੇ ਇਕ ਖਤਰਨਾਕ ਰੁੱਖ ਬਣ ਗਿਆ ਸੀ। ਤਰਕਸ਼ੀਲ ਤੇ ਵਿਗਿਆਨਕ ਕਹਾਣੀਆਂ ਤੇ ਗੱਲਾਂ-ਬਾਤਾਂ ਰਾਹੀਂ ਹੀ ਇਸ ਖਤਰਨਾਕ ਰੁੱਖ ਦੀਆਂ ਜੜ੍ਹਾਂ ਨੂੰ ਖਤਮ ਕਰਕੇ, ਪੂਰੇ ਰੁੱਖ ਨੂੰ ਨਸ਼ਟ ਕੀਤਾ ਜਾ ਸਕਦਾ ਸੀ। ਜੋ ਮੈਂ ਆਪਣੇ ਯਤਨਾਂ ਨਾਲ ਕਰ ਸਕਿਆ ਸੀ। ਧੋਖੇਬਾਜ ਜੋਤਸ਼ੀ, ਬਾਬੇ, ਸਾਧੂ, ਸੰਤ, ਮਹੰਤ, ਚੇਲੇ, ਸਿਆਣੇ, ਪੁਜਾਰੀ ਤੇ ਪਾਦਰੀ (ਪਾਸਟਰ) ਆਦਿ ਤਾਂ ਇਸ ਭੂਤਾਂ-ਚੜੇਲਾਂ ਦੇ ਵਹਿਮ-ਭਰਮ ਵਾਲੇ ਰੁੱਖ ਨੂੰ ਵਧਾਉਣ ਲਈ ਇਸ ਦੀਆਂ ਜੜ੍ਹਾਂ ਵਿੱਚ ਪਾਣੀ ਪਾਉਂਦੇ ਰਹੇ। ਰਮਨ ਦੇ ਠੀਕ ਹੋਣ ਦਾ ਕਾਰਨ ਇਹ ਸੀ ਕਿ ਮੈਂ ਉਸ ਵਿੱਚੋਂ ਭੂਤਾਂ-ਚੜੇਲਾਂ ਨੂੰ ਕੱਢਿਆ ਹੈ, ਇਹ ਤਾਂ ਮੇਰੇ ਉਨ੍ਹਾਂ ਵਿਚਾਰਾਂ ਕਰਕੇ ਸੀ ਜੋ ਭੂਤਾਂ-ਚੜੇਲਾਂ ਤੇ ਜਾਦੂ-ਟੂਣਿਆਂ ਵਾਲੇ ਵਹਿਮਾਂ-ਭਰਮਾਂ ਤੇ ਅੰਧਵਿਸ਼ਵਾਸਾਂ ਨੂੰ ਖਤਮ ਕਰਦੇ ਸਨ। ਅਜਿਹੇ ਵਹਿਮਾਂ ਭਰਮਾਂ ਤੇ ਅੰਧਵਿਸ਼ਵਾਸਾਂ ਤੋਂ ਸਿਰਫ਼ ਉਹੀ ਲੋਕ ਬਚ ਸਕਦੇ ਹਨ ਜਾਂ ਦੂਜਿਆਂ ਨੂੰ ਬਚਾ ਸਕਦੇ ਹਨ ਜੋ ਤਰਕ ਤੇ ਵਿਗਿਆਨ ਨਾਲ ਸੋਚਦੇ ਹਨ। ਜੋਤਸ਼ੀ, ਬਾਬੇ, ਜਾਦੂਗਰ, ਸਾਧ, ਸੰਤ, ਮਹੰਤ, ਚੇਲੇ, ਸਿਆਣੇ ਨਾਮਦਾਨ ਦੇਣ ਵਾਲੇ ਡੇਰੇਦਾਰ, ਪੁਜਾਰੀ ਅਤੇ ਪਾਦਰੀ (ਪਾਸਟਰ) ਆਦਿ ਤਾਂ ਲੋਕਾਂ ਨੂੰ ਮੂਰਖ ਤੇ ਲਾਈਲੱਗ ਬਣਾ ਕੇ ਲੁੱਟ ਹੀ ਸਕਦੇ ਹਨ।

ਮੋਬਾ: 98156-81834

ਇੱਕ ਵਧੀਆ ਉਪਰਾਲਾ.....

ਬਾਬਾ ਫਰੀਦ ਗਰੁੱਪ ਆਫ਼ ਇੰਸਟੀਚਿਊਸ਼ਨਜ ਬਠਿੰਡਾ ਵੱਲੋਂ ਲੋਕਾਂ ਵਿੱਚ ਪੰਜਾਬੀ ਸਾਹਿਤ ਨੂੰ ਲੈ ਕੇ ਜਾਣ ਲਈ ਇੱਕ ਸੁਚੱਜਾ ਉਪਰਾਲਾ ਕੀਤਾ ਗਿਆ ਹੈ। ਉਨ੍ਹਾਂ ਵਲੋਂ 20 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਇੱਕ ਲਾਇਬ੍ਰੇਰੀ ਬੱਸ ਚਲਾਈ ਗਈ ਹੈ ਜੋ ਪਿੰਡ-ਪਿੰਡ, ਸ਼ਹਿਰ-ਸ਼ਹਿਰ ਜਾ ਕੇ ਸਾਹਿਤ ਨੂੰ ਪ੍ਰਮੋਟ ਕਰਨ ਲਈ ਯਤਨਸ਼ੀਲ ਹੈ। ਇਸ ਲਾਇਬ੍ਰੇਰੀ ਬੱਸ ਵਿੱਚ ਵੱਡੀ ਗਿਣਤੀ ਵਿੱਚ ਤਰਕਸ਼ੀਲ ਅਤੇ ਹੋਰ ਅਗਾਂਹਵਧੂ ਸਾਹਿਤ ਵੀ ਉਪਲੱਭਧ ਹੈ। ਇਹ ਬੱਸ ਕੰਪਨੀ ਦੇ ਇੱਕ ਸਾਬਕਾ ਡਾਇਰੈਕਟਰ ਸ. ਕੁਲਦੀਪ ਸਿੰਘ ਗਿੱਲ ਦੀ ਯਾਦ ਵਿੱਚ ਚਲਾਈ ਗਈ ਹੈ। ਸਾਡਾ ਅਦਾਰਾ ਬਾਬਾ ਫਰੀਦ ਗਰੁੱਪ ਦੇ ਇਨ੍ਹਾਂ ਯਤਨਾਂ ਨੂੰ ਸਲਾਮ ਕਰਦਾ ਹੈ।

ਵਿਗਿਆਨ ਜੋਤ

ਨੂੰ ਘਰ ਘਰ ਪਹੁੰਚਾਉਣ ਲਈ
ਇੱਕ ਵਿਸ਼ੇਸ਼ ਸਕੀਮ ਸ਼ੁਰੂ ਕੀਤੀ ਗਈ ਹੈ।

'ਵਿਗਿਆਨ ਜੋਤ' ਦੀ ਦੋ ਸਾਲਾਂ ਦੀ ਮੈਂਬਰਸ਼ਿਪ 150 ਰੁਪਏ ਹੈ। ਜਿਹੜਾ ਸਹਿਯੋਗੀ ਇਸਦੇ ਨਵੇਂ ਪਾਠਕ ਬਣਾਏਗਾ ਉਹਨਾਂ ਨੂੰ ਹੇਠ ਲਿਖੇ ਇਨਾਮ ਦਿੱਤੇ ਜਾਣਗੇ।

ਪੰਜ ਪਾਠਕ ਬਣਾਉਣ ਵਾਲੇ ਨੂੰ
70 ਰੁਪਏ ਮੁੱਲ ਦੀਆਂ ਕਿਤਾਬਾਂ
ਇਨਾਮ ਵਜੋਂ ਭੇਜੀਆਂ ਜਾਣਗੀਆਂ।

ਦਸ ਪਾਠਕ ਬਣਾਉਣ ਵਾਲੇ ਨੂੰ
160 ਰੁਪਏ ਮੁੱਲ ਦੀਆਂ ਕਿਤਾਬਾਂ
ਇਨਾਮ ਵਜੋਂ ਭੇਜੀਆਂ ਜਾਣਗੀਆਂ।

ਵੀਹ ਪਾਠਕ ਬਣਾਉਣ ਵਾਲੇ ਨੂੰ
340 ਰੁਪਏ ਮੁੱਲ ਦੀਆਂ ਕਿਤਾਬਾਂ
ਇਨਾਮ ਵਜੋਂ ਭੇਜੀਆਂ ਜਾਣਗੀਆਂ।

ਪੰਜਾਹ ਪਾਠਕ ਬਣਾਉਣ ਵਾਲੇ ਨੂੰ
1000 ਰੁਪਏ ਮੁੱਲ ਦੀਆਂ ਕਿਤਾਬਾਂ
ਅਤੇ ਇੱਕ ਪ੍ਰਸ਼ੰਸਾ ਪੱਤਰ
ਇਨਾਮ ਵਜੋਂ ਭੇਜੇ ਜਾਣਗੇ।

ਪਾਠਕਾਂ ਦੀ ਇਕੱਠੀ ਲਿਸਟ ਪੂਰੇ ਪਤਿਆਂ ਅਤੇ ਬੈਂਕ ਡਰਾਫ਼ਟ ਸਮੇਤ ਹੇਠ ਲਿਖੇ ਪਤੇ ਤੇ ਭੇਜੀ ਜਾਵੇ :

ਅਮਿੱਤ ਮਿੱਤਰ
ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ,
ਬਰਨਾਲਾ - 148101 (ਪੰਜਾਬ)

ਨੋਟ ✪ ਇਨਾਮ ਵਿਚਲੀਆਂ ਕਿਤਾਬਾਂ ਤੁਹਾਡੀ ਚੋਣ ਅਨੁਸਾਰ ਮੈਗਜ਼ੀਨ ਵਿੱਚ ਛਪੀ ਲਿਸਟ, ਸਿਰਫ਼ ਤਰਕਭਾਰਤੀ ਪ੍ਰਕਾਸ਼ਨ ਜਾਂ ਵਿਸ਼ਵਭਾਰਤੀ ਪ੍ਰਕਾਸ਼ਨ ਵਿੱਚੋਂ ਜੋ ਉਪਲੱਬਧ ਹੋਣਗੀਆਂ ਹੀ ਮਿਲਣਗੀਆਂ।
✪ ਕਿਤਾਬਾਂ ਨੂੰ ਭੇਜਣ ਦਾ ਡਾਕ ਖਰਚ ਅਦਾਰਾ 'ਵਿਗਿਆਨ ਜੋਤ' ਦਾ ਹੋਵੇਗਾ।
✪ ਸਾਰੇ ਚੰਦੇ ਇੱਕੋ ਵੇਲੇ ਹੀ ਭੇਜੇ ਜਾਣ।

ਯਾਦਾਂ ਦੇ ਝਰੋਖੇ ’ਚੋਂ

ਮੇਘ ਰਾਜ ਮਿੱਤਰ

ਦਿਗਵਿਜੈ ਸਿੰਘ ਨੇ ਟੈਲੀਵਿਜ਼ਨ ਤੇ ਦਰਸ਼ਕਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਸੀ ਕਿ ਬਾਬਾ ਰਾਮਦੇਵ ਠੱਗ ਹੈ, ਠੱਗ ਸੀ ਤੇ ਠੱਗ ਰਹੇਗਾ। ਉਸਨੇ ਦਲੀਲ ਦਿੱਤੀ ਹੈ ਕਿ ਮਨੂ ਸਮਿਰਤੀ ਵਿੱਚ ਲਿਖਿਆ ਹੈ ਕਿ ਭਗਵੇਂ ਕੱਪੜਿਆਂ ਵਿੱਚ ਵਿਉਪਾਰ ਕਰਨ ਵਾਲੇ ਨੂੰ ਰਾਜਾ ਪੱਥਰ ਬੰਨ ਕੇ ਨਦੀ ਵਿੱਚ ਸੁੱਟ ਦੇਵੇ। ਰਾਮਦੇਵ ਬਾਰੇ ਤੇ ਉਸਦੇ ਵਿਉਪਾਰ ਦੇ ਹਸ਼ਰ ਬਾਰੇ ਮੈਂ ਪਹਿਲਾ ਹੀ ਆਪਣੀ ਕਿਤਾਬ “ਬਾਬਾ ਰਾਮਦੇਵ ਤਰਕ ਦੀ ਕਸੌਟੀ ’ਤੇ” ਵਿੱਚ ਦਰਜ ਕੀਤੇ ਹੋਏ ਹਨ। ਭਾਰਤ ਵਿੱਚ ਜਿੰਨੇ ਵੀ ਸਾਧ ਸੰਤ ਰਿਸ਼ੀ ਸਵਾਮੀ ਹਨ, ਇਨ੍ਹਾਂ ਨੂੰ ਛਤਰਛਾਇਆ ਇਥੋਂ ਦੇ ਸਿਆਸਤਦਾਨਾਂ ਦੀ ਹੈ। ਬਾਬਾ ਰਾਮਦੇਵ, ਰਵੀ ਸ਼ੰਕਰ, ਸਾਂਈ ਬਾਬਾ, ਕੁਮਾਰ ਸਵਾਮੀ ਸਭ ਵੱਡੇ ਵਿਉਪਾਰੀ ਹਨ ਤੇ ਇਨ੍ਹਾਂ ਦੇ ਭੇਸ਼ ਵੀ ਭਗਵੇਂ ਹਨ। ਕੀ ਇਨ੍ਹਾਂ ਸਾਰਿਆਂ ਨੂੰ ਪੱਥਰ ਬੰਨ ਕੇ ਨਦੀ ਵਿੱਚ ਨਹੀਂ ਸੁੱਟਣਾ ਚਾਹੀਦਾ ਹੈ। ਸਾਂਈ ਬਾਬਾ ਭਾਵੇਂ ਮਰ ਚੁੱਕਿਆ ਹੈ ਪਰ ਉਸਦੀ ਵਿਚਾਰਧਾਰਾ ਤਾਂ ਕਾਇਮ ਹੈ।

✪ ਅਧਿਆਪਕਾ ਗ੍ਰੰਥ ਸਾਹਿਬ ਅੱਗੇ ਬੈਠਕੇ ਖੇਡਣ ਲੱਗ ਜਾਂਦੀ

ਕਦੇ ਕਦੇ ਸ਼ਾਮ ਨੂੰ ਮੈਂ ਚਿਟੂੰ ਪਾਰਕ ਵਿੱਚ ਜਾ ਬੈਠਦਾ ਹਾਂ। ਇੱਥੇ ਬਹੁਤ ਸਾਰੇ ਰਿਟਾਇਰਡ ਕਰਮਚਾਰੀ ਸੈਰ ਕਰਨ ਅਤੇ ਗੱਲਾਂ-ਬਾਤਾਂ ਕਰਨ ਲਈ ਇਕੱਠੇ ਹੋ ਜਾਂਦੇ ਹਨ। ਇੱਕ ਬੈਂਕ ਮੈਨੇਜਰ ਸਾਹਿਬ ਕਹਿਣ ਲੱਗੇ ਕਿ “ਮੇਰੀ ਰਿਸ਼ਤੇਦਾਰੀ ਲੌਂਗੋਵਾਲ ਵਿਖੇ ਹੈ। ਮੇਰੀ ਰਿਸ਼ਤੇਦਾਰੀ ਵਿੱਚ ਜਦੋਂ ਵੀ ਕੋਈ ਧਾਰਮਿਕ ਪ੍ਰੋਗਰਾਮ ਹੁੰਦਾ ਹੈ ਤਾਂ ਮੈਨੂੰ ਸੱਦਾ ਪੱਤਰ ਆ ਜਾਂਦਾ ਹੈ। ਰਿਸ਼ਤੇਦਾਰਾਂ ਦੇ ਗੁਆਂਢ ਵਿੱਚ ਰਹਿੰਦੀ ਇੱਕ ਅਧਿਆਪਕ ਜਦੋਂ ਵੀ ਗ੍ਰੰਥ ਸਾਹਿਬ ਅੱਗੇ ਬੈਠਦੀ ਹੈ ਤਾਂ ਉਸ ਵਿੱਚ ਪੌਣ ਆ ਜਾਂਦੀ ਹੈ ਤੇ ਉਹ ਖੇਲਣ ਲੱਗ ਜਾਂਦੀ ਹੈ। ਮੈਂ ਉਸਨੂੰ ਦੋ ਵਾਰ ਇੰਝ ਕਰਦੇ ਦੇਖਿਆ ਹੈ।” ਮੈਂ ਆਪਣੇ ਰਿਸ਼ਤੇਦਾਰਾਂ ਨੂੰ ਪੁੱਛਿਆ ਕਿ “ਉਹ ਅਜਿਹਾ ਕਿਉਂ ਕਰਦੀ ਹੈ। ਇਹ ਤਾਂ ਆਪਣੇ ਸਿੱਖ ਧਰਮ ਦੀ ਫਿਲਾਸਫੀ ਦੇ ਵਿਰੁੱਧ ਹੈ।” ਤਾਂ ਉਨ੍ਹਾਂ ਦਾ ਜੁਆਬ ਸੀ, “ਵੀਹ ਕੁ ਵਰ੍ਹੇ ਪਹਿਲਾ ਉਸਨੂੰ ਹਰ ਸਾਲ ਵੱਡਭਾਗ ਸਿੰਘ ਦੇ ਡੇਰੇ ਨਹਾਉਣ ਲਈ ਲੈ ਕੇ ਜਾਂਦੇ ਸਨ ਉਥੇ ਅਜਿਹਾ ਵਰਤਾਰਾ ਆਮ ਹੀ ਹੁੰਦਾ ਸੀ ਤੇ ਹੁੰਦਾ ਹੈ। ਬੱਸ ਇਸਦੀ ਇਹ ਆਦਤ ਅੱਜ ਵੀ ਕਾਇਮ ਹੈ।”

✪ ਪਿੰਡ ’ਤੇ ਕਹਿਰ

ਬਰਨਾਲਾ ਮੋਗਾ ਸੜਕ ’ਤੇ ਬਰਨਾਲੇ ਤੋਂ ਪੱਚੀ ਕੁ ਕਿਲੋਮੀਟਰ ਦੂਰ ਇੱਕ ਪਿੰਡ ਰਾਮਗੜ੍ਹ ਹੈ। ਇੱਥੇ ਇੱਕ ਸੰਤ ਨੇ ਆਪਣਾ ਸਮਾਗਮ ਕੀਤਾ ਹੋਇਆ ਸੀ। ਕੀਰਤਨ ਚੱਲ ਰਿਹਾ ਸੀ ਇਸਨੂੰ ਵਿੱਚੋਂ ਹੀ ਰੋਕ ਕੇ ਸੰਤ ਜੀ ਨੇ ਸਪੀਕਰ ਤੇ ਐਲਾਨ ਕਰ ਦਿੱਤਾ ਕਿ ਸਾਰੀ ਸੰਗਤ ਖੜ੍ਹੀ ਹੋ ਕੇ ਵਾਹਿਗੁਰੂ ਵਾਹਿਗੁਰੂ ਦਾ ਜਾਪ ਕਰਨਾ ਸ਼ੁਰੂ ਕਰ ਦੇਣ ਕਿਉਂਕਿ ਪਿੰਡ ਤੇ ਬਿਪਤਾ ਆ ਪਈ ਹੈ। ਦੋ ਕੁ ਮਿੰਟ ਦੇ ਜਾਪ ਤੋਂ ਬਾਅਦ ਸੰਗਤ ਚੁਪ ਚਾਪ ਬੈਠ ਗਈ। ਠੀਕ ਦਸ ਮਿੰਟ ਬਾਅਦ ਇੱਕ ਵਿਅਕਤੀ ਆਪਣੇ 8-9 ਸਾਲ ਦੇ ਪੁੱਤਰ ਨੂੰ ਗਿੱਲੇ ਕੱਪੜਿਆਂ ਸਮੇਤ ਮੋਢੇ ’ਤੇ ਚੁੱਕ ਕੇ ਹਾਜ਼ਰ ਹੋ ਗਿਆ। ਸੰਤ ਜੀ ਮਹਾਰਾਜ ਨੂੰ ਕਹਿਣ ਲੱਗਿਆ, “ਬਾਬਿਓ ਅੱਜ ਤਾਂ ਤੁਸੀਂ ਸਾਨੂੰ ਬਰਬਾਦ ਹੋਣੋ ਬਚਾ ਲਿਆ ਹੈ। ਮੇਰਾ ਪੁੱਤਰ ਪਾਣੀ ਵਿੱਚ ਡੁੱਬ ਗਿਆ ਸੀ ਤੁਹਾਡਾ ਨਾਂ ਲੈ ਕੇ ਮੈਂ ਇਸਨੂੰ ਕੱਢਣ ਵਿੱਚ ਸਫਲ ਹੋਇਆ ਹਾਂ। ਹਾਜ਼ਰ ਸੰਗਤ ਬਾਬਾ ਜੀ ਵੱਲ ਸ਼ਰਧਾਮਈ ਭਾਵ ਨਾਲ ਵੇਖ ਰਹੀ ਸੀ। ਪਰ ਕੁਝ ਤਰਕਸ਼ੀਲ ਸੋਚ ਵਾਲੇ ਵਿਅਕਤੀਆਂ ਨੇ ਬਾਬੇ ਦੀ ਚਲਾਕੀ ਨੂੰ ਤਾੜ ਲਿਆ ਸੀ।

✪ ਗਊ ਦੇ ਜੀਭ ਦੀ ਭੂਤ

ਤਰਕਸ਼ੀਲ ਸੁਸਾਇਟੀ ਭਾਰਤ ਦੀ ਇੱਕ ਮੀਟਿੰਗ 25 ਸਤੰਬਰ ਨੂੰ ਮੋਗਾ ਵਿਖੇ ਹੋ ਰਹੀ ਸੀ। ਅਸੀਂ ਸਾਰੇ ਸਾਥੀ ਮੀਟਿੰਗ ਵਿੱਚ ਆਪਣੇ ਤਜ਼ਰਬੇ ਵੀ ਸਾਂਝੇ ਕਰਦੇ ਹਾਂ ਅਤੇ ਭਵਿੱਖ ਦੀਆਂ ਨੀਤੀਆਂ ਦਾ ਮੀਟਿੰਗਾਂ ਵਿੱਚ ਹੀ ਫੈਸਲਾ ਕਰਦੇ ਹਾਂ। ਇੱਕ ਸਾਥੀ ਦੱਸਣ ਲੱਗਿਆ ਕਿ ਘਰ ਵਿੱਚ ਅਚਾਨਕ ਬਿਜਲੀ ਆਨ ਹੋ ਜਾਂਦੀ ਸੀ ਤੇ ਸਾਰਾ ਘਰ ਇਸ ਵਰਤਾਰੇ ਕਾਰਨ ਸਹਿਮ ਜਾਂਦਾ ਸੀ। ਤਰਕਸ਼ੀਲਾਂ ਨੇ ਜਦੋਂ ਪੜਤਾਲ ਕੀਤੀ ਤਾਂ ਪਤਾ ਲੱਗਿਆ ਕਿ ਬੱਲਬ ਦੀ ਸਵਿੱਚ ਅਜਿਹੀ ਪੁਜ਼ੀਸ਼ਨ ਵਿੱਚ ਲੱਗੀ ਹੋਈ ਸੀ ਕਿ ਖੁਰਲੀ ਵਿੱਚ ਚਰਦੀ ਗਊ ਕਈ ਵਾਰ ਬਿਜਲੀ ਦੀ ਸਵਿੱਚ ਨੂੰ ਵੀ ਚੱਟ ਜਾਂਦੀ ਤੇ ਇਹ ਆਨ ਹੋ ਜਾਂਦੀ। ਇਸ ਤਰ੍ਹਾਂ ਦੀ ਇੱਕ ਹੋਰ ਘਟਨਾ ਵਿੱਚ ਬਿੱਲੀ ਕੰਧ ਤੋਂ ਉਤਰਨ ਲੱਗੀ ਹੀ ਸਵਿੱਚ ਆਨ ਕਰ ਦਿੰਦੀ ਤੇ ਘਰ ਵਾਲੇ ਘਰ ਵਿੱਚੋਂ ਭੂਤਾਂ ਲੱਭਣ ਤੁਰ ਪੈਂਦੇ।

✪ ਚਾਂਸ ਜਾਂ ਲੱਕ

ਭੋਗ ਸਮਾਗਮ ਤੇ ਮੇਰਾ ਵੱਡਾ ਭਰਾ ਮੈਨੂੰ ਸੰਬੋਧਨ ਹੋ ਕੇ ਕਹਿਣ ਲੱਗਿਆ ਕਿ “ਮੇਘ ਜਿਸ ਗੱਲ ਨੂੰ ਚਾਂਸ ਕਹਿੰਦਾ ਹੈ ਅਸੀਂ ਉਸ ਗੱਲ ਨੂੰ ਲੱਕ ਕਹਿ ਦਿੰਦੇ ਹਾਂ। ਫਰਕ

ਬਹੁਤਾ ਨਹੀਂ।" ਮੈਂ ਮੇਰੇ ਭਰਾ ਨੂੰ ਕਿਹਾ "ਵੀਰ ਜੀ ਇਨ੍ਹਾਂ ਸ਼ਬਦਾਂ ਵਿੱਚ ਅੰਤਰ ਜ਼ਮੀਨ ਤੇ ਅਸਮਾਨ ਦਾ ਹੈ ਚਾਂਸ ਜਾਂ ਮੌਕਾ ਮੇਲ ਨੂੰ ਸਮਝਣ ਲਈ ਜੇ ਦੋ ਘੜੀਆਂ ਲੈ ਲਈਏ ਤਾਂ ਕਈ ਵਾਰੀ ਉਨ੍ਹਾਂ ਦੀਆਂ ਸੈਕਿੰਡ ਵਾਲੀਆਂ ਸੂਈਆਂ ਚਲਦੀਆਂ ਹੋਈਆਂ ਇੱਕ ਜਗ੍ਹਾ ਤੇ ਆ ਇਕੱਠੀਆਂ ਹੋ ਜਾਂਦੀਆਂ ਹਨ। ਪਰ ਲੱਕ ਜਾਂ ਕਿਸਮਤ ਤਾਂ ਉਪਰ ਵਾਲੇ ਨਾਲ ਜੁੜੀ ਹੋਈ ਹੈ।" ਇਹ ਸ਼ਬਦ ਲੱਕ ਜਾਂ ਕਿਸਮਤ ਹੀ ਹੈ ਜਿਸਨੇ ਭਾਰਤ ਦੀ 99% ਜਨਤਾ ਨੂੰ ਗੁੰਮਰਾਹ ਕੀਤਾ ਹੋਇਆ ਹੈ। ਇਹ ਉਹ ਹੀ ਸ਼ਬਦ ਹੈ ਜਿਸਦੇ ਆਸਰੇ ਸਾਧ ਸੰਤ ਤੇ ਜੋਤਿਸ਼ੀ ਬਗੈਰ ਕੋਈ ਕੰਮ ਕੀਤੇ ਬਾਦਸ਼ਾਹਾਂ ਵਰਗੀ ਜ਼ਿੰਦਗੀ ਬਤੀਤ ਕਰਦੇ ਹਨ।"

✪ ਦੁਨੀਆਂ ਦਾ ਸਭ ਤੋਂ ਗਰੀਬ ਮੁਲਕ

ਕਦੇ ਸੋਨੇ ਦੀ ਚਿੜੀ ਕਹਾਉਣ ਵਾਲਾ ਮੁਲਕ ਭਾਰਤ ਦੁਨੀਆ ਦਾ ਸਭ ਤੋਂ ਗਰੀਬ ਮੁਲਕ ਬਣ ਗਿਆ ਹੈ। ਦੁਨੀਆਂ ਦੇ ਸਭ ਤੋਂ ਗਰੀਬ ਲੋਕ ਇੱਥੇ ਹੀ ਗੁਰਬਤ ਦੀ ਜ਼ਿੰਦਗੀ ਜਿਉਣ ਲਈ ਮਜ਼ਬੂਰ ਹਨ। ਇਹ ਸਾਰਾ ਕਾਰਾ 64 ਸਾਲ ਵਿੱਚ ਧਰਮ ਤੇ ਸਿਆਸਤ ਨੇ ਕਰਕੇ ਵਿਖਾ ਦਿੱਤਾ ਹੈ। ਬੀ. ਜੇ. ਪੀ. ਤੇ ਕਾਂਗਰਸ ਅੱਜ ਵੀ ਆਪਣੀਆਂ ਪ੍ਰਾਪਤੀਆਂ ਦੇ ਸਿਹਰੇ ਬੰਨਦੀਆਂ ਥਾਂ ਥਾਂ ਉਪਰ ਨਜ਼ਰ ਆਉਣਗੀਆਂ।

ਦੋਵੇਂ ਬਾਦਲ ਉੱਚੀ-ਉੱਚੀ ਬਾਹਾਂ ਖੜ੍ਹੀਆਂ ਕਰਕੇ ਕਹਿਣਗੇ ਕਿ ਇਹ ਕਾਰਾ ਤਾਂ ਕਾਂਗਰਸ ਦਾ ਹੈ। ਕੀ ਕਬੱਡੀ ਜਾਂ ਧਾਰਮਿਕ ਸਥਾਨ ਇੱਥੋਂ ਦੇ ਲੋਕਾਂ ਨੂੰ ਰੁਜ਼ਗਾਰ ਦੇ ਦੇਣਗੇ, ਸੋ ਜਿੰਨਾ ਚਿਰ ਸਾਡੇ ਦੇਸ਼ ਦੇ ਲੋਕ ਵਿਗਿਆਨ ਦੇ ਲੜ ਨਹੀਂ ਲੱਗਦੇ ਉਨ੍ਹਾਂ ਚਿਰ ਅਸੀਂ ਹਰ ਪਲ ਹਰ ਘੜੀ ਹੇਠਾਂ ਨੂੰ ਜਾਂਦੇ ਰਹਾਂਗੇ।

✪ ਕਾਂਬੜੀਏ

ਇਹ ਘਟਨਾ ਅਕਤੂਬਰ 2011 ਦੀ ਹੈ। ਦੋ ਕਾਂਬੜੀਏ ਗੰਗਾ ਜਲ ਲੈ ਕੇ ਅੰਬਾਲਾ ਕੋਲ ਪੁੱਜੇ ਹੀ ਸਨ। ਇੱਕ ਕਾਂਬੜੀਏ ਨੇ ਸੱਪ ਕਿਸੇ ਸਥਾਨ ਤੋਂ ਫੜਕੇ ਆਪਣੇ ਕੋਲ ਰੱਖਿਆ ਹੋਇਆ ਸੀ। ਉਹ ਕਹਿਣ ਲੱਗਿਆ ਮੈਂ ਸੱਪ ਨੂੰ ਪਾਲਿਆ ਹੋਇਆ ਹੈ। ਅਚਾਨਕ ਹੀ ਸੱਪ ਨੇ ਉਸਦੇ ਗਲ ਤੇ ਦੰਦੀ ਵੱਢ ਲਈ। ਉਹ ਆਪਣੇ ਦੋਸਤ ਨੂੰ ਕਹਿਣ ਲੱਗਿਆ "ਮੈਨੂੰ ਕੁਝ ਨਹੀਂ ਹੋਵੇਗਾ ਮੈਨੂੰ ਤਾਂ ਰੋਜ਼ ਹੀ ਸੱਪ ਡੰਗ ਮਾਰਦੇ ਨੇ।" ਪਰ ਕੁਝ ਸਮੇਂ ਬਾਅਦ ਜਦੋਂ ਉਸਦੀਆਂ ਅੱਖਾਂ ਬੰਦ ਹੋਣ ਲੱਗੀਆਂ ਤਾਂ ਉਸਦੇ ਸਾਥੀ ਨੂੰ ਫਿਕਰ ਪੈ ਗਈ। ਉਸਨੇ ਉਸਦੇ ਗਲ ਨੂੰ ਚੂਸ ਕੇ ਉਸਦੇ ਸਰੀਰ ਵਿੱਚੋਂ ਜ਼ਹਿਰ ਬਾਹਰ ਕੱਢਣ ਦਾ ਯਤਨ ਕੀਤਾ। ਸੱਪ ਦੇ ਜ਼ਹਿਰ ਦਾ ਅਸਰ ਉਸਤੇ ਵੀ ਹੋ ਗਿਆ, ਦੋਵੇਂ ਕੁਝ ਮਿੰਟਾਂ ਵਿੱਚ ਹੀ ਆਪਣੀ ਜੀਵਨ ਯਾਤਰਾ ਪੂਰੀ ਕਰ ਗਏ।

✪ ਗਊਆਂ ਭਜਾ ਕੇ

ਦੱਖਣੀ ਭਾਰਤ ਦੇ ਇੱਕ ਪਿੰਡ ਦੀ ਰਸਮ ਹੈ ਕਿ ਉਥੇ ਕੁਝ ਨੌਜਵਾਨ ਜ਼ਮੀਨ ਤੇ ਲਿਟ ਜਾਂਦੇ ਹਨ। ਬਹੁਤ ਸਾਰੀਆਂ ਗਊਆਂ ਨੂੰ ਇਕੱਠੇ ਕਰਕੇ ਤੇਜ ਭਜਾ ਕੇ ਲਿਟੇ ਹੋਏ ਬੰਦਿਆਂ ਦੇ ਉਪਰ ਦੀ ਲੰਘਾਇਆ ਜਾਂਦਾ ਹੈ। ਜਿਹੜੇ ਵਿਅਕਤੀਆਂ ਦੀ ਢੂੰਹੀ ਤੇ ਖੁਰਾਂ ਨਾਲ ਵੱਢ ਟੁੱਕ ਹੋ ਜਾਂਦੀ ਹੈ ਉਹ ਆਪਣੇ ਆਪ ਨੂੰ ਕਿਸਮਤ ਵਾਲੇ ਸਮਝਦੇ ਹਨ। ਗਊ ਦੇ ਖੁਰਾਂ ਨਾਲ ਹੋ ਰਹੇ ਜ਼ਖ਼ਮਾਂ ਤੇ ਸੀਅ ਵੀ ਨਹੀਂ ਕਹਿੰਦੇ। ਇਹ ਸਿੱਧ ਕਰਦਾ ਹੈ ਕਿ ਦੁੱਖ ਦੋ ਤਰ੍ਹਾਂ ਦੇ ਹੁੰਦੇ ਹਨ। ਇੱਕ ਦੁੱਖ ਸਾਡੀ ਇੱਛਾ ਅਨੁਸਾਰ ਆਉਂਦੇ ਹਨ ਦੂਜੇ ਇੱਛਾ ਦੇ ਵਿਰੁੱਧ। ਇੱਛਾ ਦੇ ਵਿਰੁੱਧ ਵੱਡੀ ਗਈ ਢੂੰਢੀ, ਇੱਛਾ ਅਨੁਸਾਰ ਮਾਰੇ ਗਏ ਗੰਡਾਸੇ ਨਾਲੋਂ ਵੱਧ ਦੁਖਦਾਇਕ ਹੁੰਦੀ ਹੈ।

✪ ਧਾਰਮਿਕ ਸਥਾਨਾਂ 'ਤੇ ਭਗਦੜ

ਮੰਦਰਾਂ ਵਿੱਚ ਜਾਂ ਹੋਰ ਧਾਰਮਿਕ ਸਥਾਨਾਂ 'ਤੇ ਭਗਦੜ ਕਾਰਨ ਪਿਛਲੇ ਦਸ ਸਾਲਾਂ ਵਿੱਚ ਦਸ ਹਜ਼ਾਰ ਤੋਂ ਵੱਧ ਵਿਅਕਤੀ ਮਾਰੇ ਜਾ ਚੁੱਕੇ ਹਨ। ਔਸਤਨ ਹਰ ਰੋਜ਼ ਤਿੰਨ ਵਿਅਕਤੀ ਧਾਰਮਿਕ ਇਕੱਠਾਂ ਵਿੱਚ ਭਗਦੜ ਕਾਰਨ ਦਮ ਤੋੜ ਦਿੰਦੇ ਹਨ।

8 ਨਵੰਬਰ 2011 ਨੂੰ ਹਰਦੁਆਰ ਵਿਖੇ ਮਰੇ - 16

14 ਜਨਵਰੀ 2011 ਨੂੰ ਕੇਰਲ ਵਿਖੇ ਨਾਬਰੀਪਾਲ ਮੰਦਰ - 104

4 ਮਾਰਚ 2010 ਕ੍ਰਿਪਾਲੂ ਮਾਹਰਾਜ ਪ੍ਰਤਾਪਗੜ੍ਹ - 63

30 ਸਤੰਬਰ 2008 ਜੋਧਪੁਰ, ਚੁਮੰਡਾ ਦੇਵੀ ਮੰਦਰ - 250

3 ਅਗਸਤ 2008 ਹਿਮਾਚਲ ਦੇ ਨੈਣਾ ਦੇਵੀ ਮੰਦਰ - 150

27 ਮਾਰਚ 2008 ਮੱਧ ਪ੍ਰਦੇਸ਼ ਦੇ ਇੱਕ ਮੰਦਰ - 8

5 ਜਨਵਰੀ 2005 ਮੰਧਾਰ ਦੇਵੀ ਮੰਦਰ ਮਹਾਰਾਸ਼ਟਰ - 340

ਅਜਿਹੀਆਂ ਘਟਨਾਵਾਂ ਅਕਸਰ ਹੀ ਧਾਰਮਿਕ ਇਕੱਠਾਂ ਵਿੱਚ ਵਾਪਰਦੀਆਂ ਹਨ। ਨਾ ਤਾਂ ਪ੍ਰਬੰਧਕ ਨਾ ਹੀ ਸਰਕਾਰ ਤੇ ਨਾ ਹੀ ਸ਼ਰਧਾਲੂ ਇਸ ਗੱਲ ਵੱਲ ਕੋਈ ਧਿਆਨ ਦਿੰਦੇ ਹਨ।

ਕਾਵਿ ਵਿਅੰਗ

ਕਿ ਮੰਗਦੇ ਸਾਧ ਦੇ ਡੇਰੇ 'ਤੇ

ਮੇਰੇ ਦੇਸ਼ ਦੇ ਮਿਹਨਤੀ ਲੋਕਾਂ ਓਏ,
ਤੂੰ ਇਕੱਲਾ ਹਜ਼ਾਰਾਂ ਜੋਕਾਂ ਓਏ,
ਅੱਖ ਖੂਨ ਤੇਰੇ ਤੇ ਇਨ੍ਹਾਂ ਦੀ
ਜਿਉ ਬੈਠਾ ਕਾਂ ਬਨ੍ਹੇਰੇ 'ਤੇ।
ਕਿ ਮੰਗਦੇ ਉਹ ਸਾਧ ਦੇ ਡੇਰੇ ਤੇ ਜਿਹੜਾ
ਪਲਦਾ ਏ ਟੁਕੜੇ ਤੇਰੇ 'ਤੇ।

ਇਹ ਉਦੋਂ ਬੋਰੀਆਂ ਚੱਕਦੇ ਨੇ।
ਤੇਰੇ ਫਸਲ ਘਰੇ ਜਦੋਂ ਆਉਂਦੀ ਏ,
ਤੇ ਆਣ ਬੂਹੇ 'ਤੇ ਨੱਚਦੇ ਨੇ।
ਨਿਗਾ ਮਾੜੀ ਹਮੇਸ਼ਾ ਇਨ੍ਹਾਂ ਦੀ ਤੇਰੇ ਰਹਿੰਦੀ
ਚਾਰ ਚੁਫੇਰੇ 'ਤੇ।

ਜੇ ਕੰਮ ਕੁੱਝ ਲੋਕ ਭਲਾਈ ਦਾ ਕਰਦੇ ਨੇ
ਸਾਰਾ ਫਲ ਹੁੰਦੇ ਤੇਰੀ ਮਿਹਨਤ ਦਾ
ਪਰ ਨਾਮ ਉੱਚਾ ਆਪਣਾ ਕਰਦੇ ਨੇ।
ਇਨ੍ਹਾਂ ਦੇ ਪੱਥਰ ਡੇਰਿਆਂ ਵਿੱਚ ਛੱਤ ਕੱਚੀ
ਕੋਨੇ ਤੇਰੇ 'ਤੇ।
ਮੰਗਦੇ ਉਹ ਸਾਧ ਦੇ.....।

ਹੁਣ ਤਾਂ ਸਮਝ ਲੈ ਸਦੀ ਗਈ ਤਰਕਾਂ ਦੀ।
ਇਹ ਤੇਰੇ ਸਿਰ ਤੇ ਰਹਿਣ ਸਵਰਗਾਂ ਵਿੱਚ।
ਤੂੰ ਜ਼ਿੰਦਗੀ ਜਿਊਨੇ ਨਰਕਾਂ ਦੀ।
ਸੱਚ ਇਨ੍ਹਾਂ ਦੀ ਜ਼ਿੰਦਗੀ ਚਾਨਣ ਏ ਤੂੰ
ਰਹਿੰਦਾ ਵਿੱਚ ਹਨ੍ਹੇਰੇ ਦੇ
ਕੀ ਮੰਗਦੇ ਉਹ ਸਾਧ ਦੇ.....।

ਤੈਨੂੰ ਦਿਆਲਪੁਰੀ ਦਾ ਅੱਜ ਕਹਿਣਾ ਓਏ,
ਫਿਰ ਪਛਤਾਇਆਂ ਤੋਂ ਕੁੱਝ ਬਣਨਾ ਨੀ
ਜਦ ਕੱਖ ਪੱਲੇ ਨੀ ਰਹਿਣਾ ਓਏ।
ਮੈਨੂੰ ਤਰਸ ਬਥੇਰਾ ਆਉਂਦਾ ਏ ਤੇਰੇ ਭੋਲੇ-ਭਾਲੇ ਚਿਹਰੇ 'ਤੇ
ਕੀ ਮੰਗਦੇ ਉਹ ਸਾਧ ਦੇ.....।

- ਭੋਲਾ ਨੰਬਰਦਾਰ
ਪਿੰਡ : ਦਿਆਲਪੁਰਾ (ਮਾਨਸਾ)
ਮੋਬਾ : 98158-95190

ਰੰਗ ਬਿਰੰਗੇ ਖੇਲ

ਰਾਜਾ ਰਾਮ
ਹੰਡਿਆਇਆ

(1) ਕੇਲਾ ਖਾਣ ਵਾਲੀ ਬੋਤਲ :-

ਸਮਾਨ :- ਇਕ ਕੇਲਾ, ਖੁੱਲੇ ਮੂੰਹ ਵਾਲੀ ਬੋਤਲ, ਥੋੜੀ ਜਿਹੀ ਸਪਿਰਟ, ਮਾਚਸ।

ਤਰੀਕਾ :- ਇੱਕ ਚੰਗਾ ਪੱਕਿਆ ਹੋਇਆ ਕੇਲਾ ਲਉ। ਇਕ ਸਿਰੇ ਤੋਂ ਥੋੜਾ ਜਿਹਾ ਛਿਲਕਾ ਉਤਾਰ ਦਿਉ। ਇੱਕ ਖੁੱਲ੍ਹੇ ਮੂੰਹ ਵਾਲੀ ਬੋਤਲ ਵਿਚ ਅੱਧਾ ਚਮਚ ਸਪਿਰਟ ਪਾਓ ਤੇ ਜਲਦੀ ਤੀਲੀ ਬੋਤਲ ਵਿਚ ਸੁੱਟੋ। ਸਪਿਰਟ ਨੂੰ ਅੱਗ ਲੱਗ ਜਾਏਗੀ। ਹੁਣ ਕੇਲੇ ਦਾ ਛਿਲਿਆ ਸਿਰਾ ਬੋਤਲ ਦੇ ਮੂੰਹ ਵਿਚ ਟਿਕਾ ਦਿਉ ਤੇ ਛਿਲਕੇ ਬੋਤਲ ਦੇ ਮੂੰਹ ਦੇ ਆਸੇ ਪਾਸੇ ਕੱਢੋ। ਦੇਖਦੇ-2 ਬੋਤਲ ਸਾਰਾ ਕੇਲਾ ਖਾ ਜਾਏਗੀ। ਛਿਲਕੇ ਬਾਹਰ ਰਹਿ ਜਾਣਗੇ।

(2) ਮੋਮਬੱਤੀ ਦਾ ਝੂਲਾ :-

ਸਮਾਨ :- ਮੋਮਬੱਤੀ, ਚਾਕੂ, ਸਲਾਈ, ਦੋ ਗਿਲਾਸ, ਟੀਨ ਦੇ ਦੋ ਖਿਡੌਣੇ, ਮਾਚਸ।

ਤਰੀਕਾ :- ਇੱਕ ਮੋਮਬੱਤੀ ਲੈ ਕੇ ਉਸਦੇ ਦੋਨੇ ਪਾਸੇ ਧਾਗੇ ਕੱਢ ਲਉ। ਫਿਰ ਉਸਦਾ ਕੇਂਦਰ ਲੱਭ ਕੇ ਇੱਕ ਸਲਾਈ ਆਰ ਪਾਰ ਕੱਢੋ। ਸਲਾਈ ਨੂੰ ਦੋ ਗਿਲਾਸਾਂ ਤੇ ਟਿਕਾਓ। ਟੀਨ ਜਾਂ ਗੱਤੇ ਦੇ ਦੋ ਖਿਡੌਣੇ ਸਿਰਿਆਂ ਤੋਂ ਥੋੜਾ ਅੰਦਰ ਟਿਕਾ ਕੇ ਮੋਮਬੱਤੀ ਦੇ ਦੋਨੇ ਪਾਸੇ ਜਲਾ ਦਿਉ। ਇਹ ਝੂਲਾ ਬਣ ਗਿਆ ਤੇ ਆਪਣੇ ਆਪ ਚਲਦਾ ਰਹੇਗਾ।

(3) ਟੈਲੀਫੋਨ :-

ਸਮਾਨ :- ਦੋ ਖਾਲੀ ਡੱਬੀਆਂ, ਧਾਗਾ, ਦੋ ਤੀਲੇ।

ਤਰੀਕਾ :- ਦੋ ਖਾਲੀ ਡੱਬੀਆਂ ਲੈ ਕੇ ਉਨ੍ਹਾਂ ਵਿੱਚ ਇਕ-2 ਸੁਰਾਖ ਕਰੋ ਤੇ ਇਨ੍ਹਾਂ ਸੁਰਾਖਾਂ ਵਿਚ ਧਾਗਾ ਕੱਢਕੇ ਤੀਲਿਆਂ ਨਾਲ ਬੰਨ ਦਿਉ। ਇਹ ਟੈਲੀਫੋਨ ਬਣ ਗਿਆ। ਬੋਲਣ ਸਮੇਂ ਧਾਗਾ ਕਸ ਕੇ ਰੱਖੋ। ਧਾਗੇ ਵਿਚ ਗੰਢ ਨਾ ਹੋਵੇ।

(4) ਕਾਗਜ ਵਿੱਚ ਪਾਣੀ ਉਬਾਲਣਾ :-

ਸਮਾਨ :- ਇਕ ਗੱਤੇ ਦਾ ਡੱਬਾ, ਮਾਚਸ, ਪਾਣੀ, ਮੋਮਬੱਤੀ, ਸਟੈਂਡ।

ਤਰੀਕਾ :- ਇਕ ਪਤਲਾ ਗੱਤੇ ਦਾ ਡੱਬਾ ਜਾਂ ਕਾਗਜ ਲਉ। ਉਸ ਵਿਚ ਪਾਣੀ ਪਾ ਕੇ ਮੋਮਬੱਤੀ ਉਪਰ ਗਰਮ ਕਰੋ। ਪਾਣੀ ਗਰਮ ਹੋ ਕੇ ਉਬਲਣ ਲੱਗ ਜਾਏਗਾ ਤੇ ਕਾਗਜ ਜਲੇਗਾ ਨਹੀਂ। ਇਸੇ ਢੰਗ ਨਾਲ ਗੱਤੇ ਦੇ ਡੱਬੇ ਵਿਚ ਤੇਲ ਪਾ ਕੇ ਪਕੌੜੇ ਵੀ ਤਲੇ ਜਾ ਸਕਦੇ ਹਨ।

(5) ਪਾਣੀ ਲੁਪਤ ਕਰਨਾ :-

ਸਮਾਨ :- ਇੱਕ ਥਾਲੀ, ਇਕ ਗਿਲਾਸ, ਪਾਣੀ, ਕਾਗਜ, ਥੋੜੀ ਜਿਹਾ ਮਿੱਟੀ ਦਾ ਤੇਲ, ਮਾਚਸ।

ਤਰੀਕਾ :- ਇੱਕ ਥਾਲੀ ਲਉ। ਉਸ ਵਿਚ ਥੋੜਾ ਜਿਹਾ ਪਾਣੀ ਪਾਉ। ਇੱਕ ਰੱਦੀ ਕਾਗਜ ਲੈ ਕੇ ਉਸਨੂੰ ਮਿੱਟੀ ਦੇ ਤੇਲ ਵਿਚ ਚੰਗੀ ਤਰ੍ਹਾਂ ਭਿਉਂ ਲਉ। ਇਸਨੂੰ ਅੱਗ ਲਾ ਦਿਉ। ਇੱਕ ਪਿੱਤਲ ਦਾ ਗਿਲਾਸ ਇਸ ਜਲਦੇ ਕਾਗਜ ਤੇ ਉਲਟਾ ਰੱਖੋ। ਤੁਹਾਡੇ ਦੇਖਦੇ-2 ਸਾਰਾ ਪਾਣੀ ਲੁਪਤ ਹੋ ਜਾਏਗਾ।

(6) ਸੱਤ ਰੰਗੀ ਭੰਬੀਰੀ :-

ਇਕ ਭੰਬੀਰੀ ਲੈ ਕੇ ਇੱਕ ਕਾਗਜ ਦਾ ਗੋਲ ਟੁਕੜਾ ਉਸ ਉੱਤੇ ਫਿਟ ਕਰ ਦਿਉ। ਇਸ ਵਿਚ ਸੱਤ ਰੰਗ (ਜਾਮਣੀ, ਅਸਮਾਨੀ, ਨੀਲਾ, ਹਰਾ, ਪੀਲਾ, ਸੰਤਰੀ, ਤੇ ਲਾਲ) ਭਰੋ। ਜਦੋਂ ਭੰਬੀਰੀ ਚਲਾਉਗੇ ਤਾਂ ਇੱਕ ਸਫੇਦ ਜਿਹਾ ਰੰਗ ਹੀ ਦਿਸੇਗਾ।

(7) ਤੈਰਨ ਵਾਲੀ ਮੱਛੀ :-

ਸਮਾਨ :- ਇੱਕ ਪੁਰਾਣਾ ਪੋਸਟ ਕਾਰਡ ਜਾਂ ਗੱਤਾ, ਕੈਂਚੀ, ਥਾਲੀ, ਪਾਣੀ, ਡ੍ਰਾਪਰ, ਤੇਲ।

ਤਰੀਕਾ :- ਪੋਸਟ ਕਾਰਡ ਜਾਂ ਗੱਤੇ ਦੀ ਇਕ ਮੱਛੀ ਕੱਟੋ। ਹੁਣ ਇਸਨੂੰ ਪਾਣੀ ਵਾਲੀ ਥਾਲੀ ਵਿਚ ਰੱਖਕੇ ਡ੍ਰਾਪਰ ਦੁਆਰਾ ਤੇਲ ਪਾਉ। ਇਹ ਪਾਣੀ ਵਿਚ ਤੈਰਨ ਲੱਗ ਜਾਏਗੀ।

(8) ਆਗਿਆਕਾਰੀ ਡੱਬਾ :-

ਸਮਾਨ :- ਟੀਨ ਦਾ ਇੱਕ ਢੱਕਣਦਾਰ ਡੱਬਾ, ਕਿੱਲ, ਹਥੌੜੀ, ਪਾਣੀ।

ਤਰੀਕਾ :- ਟੀਨ ਦਾ ਇੱਕ ਡੱਬਾ ਲਓ। ਇਸਦੇ ਢੱਕਣ ਵਿਚ ਛੋਟੇ-2 ਕਈ ਛੇਕ ਫੁਹਾਰੇ ਵਾਂਗ ਕਰੋ ਤੇ ਉਪਰ ਵੱਲ ਵੀ ਇੱਕ ਵੱਡਾ ਛੇਕ ਕਰੋ। ਇਸਨੂੰ ਪਾਣੀ ਨਾਲ ਭਰ ਲਉ ਤੇ ਉਲਟਾ ਕਰ ਲਉ। ਉਪਰ ਵਾਲੇ ਸੁਰਾਖ ਤੇ ਹੱਥ ਦੀ ਇੱਕ ਉਂਗਲ ਰੱਖੋ। ਇਹ ਡੱਬਾ ਆਗਿਆਕਾਰੀ ਡੱਬਾ ਹੈ। ਜਦੋਂ ਉਂਗਲ ਹਟਾਉਗੇ ਪਾਣੀ ਡੁੱਲੇਗਾ। ਜਦ ਫਿਰ ਰੱਖੋਗੇ ਤਾਂ ਪਾਣੀ ਬੰਦ ਹੋ ਜਾਏਗਾ।

(9) ਬਿਨਾਂ ਮਲਾਹ ਦੇ ਕਿਸ਼ਤੀ :-

ਸਮਾਨ :- ਇੱਕ ਮੋਟੇ ਗੱਤੇ ਜਾਂ ਲੱਕੜੀ ਦਾ ਟੁਕੜਾ, ਚਾਕੂ, ਸਾਬਣ ਆਦਿ।

ਤਰੀਕਾ :- ਇਕ ਮੋਟੇ ਗੱਤੇ ਜਾਂ ਪਤਲੀ ਲੱਕੜੀ ਦਾ ਇੱਕ ਟੁਕੜਾ ਲਉ। ਇਸ ਤੋਂ ਇਕ ਕਿਸ਼ਤੀ ਤਿਆਰ ਕਰੋ। ਚਾਕੂ ਦੀ ਸਹਾਇਤਾ ਨਾਲ ਕਿਸ਼ਤੀ ਦੇ ਪਿਛਲੇ ਪਾਸੇ ਦਿਲ ਸ਼ਕਲ ਦਾ ਇਕ ਕਾਟ ਜਿਹਾ ਬਣਾ ਲਉ। ਇਸ ਵਿਚ ਸਾਬਣ ਦਾ ਇੱਕ ਟੁਕੜਾ ਫਸਾ ਦਿਉ। ਕਿਸ਼ਤੀ ਤਿਆਰ ਹੈ। ਇਹ ਕਿਸੇ ਮਲਾਹ ਤੋਂ ਬਿਨਾ ਹੀ ਚੱਲੇਗੀ।

(10) ਰੁਪਏ ਦਾ ਖੇਲ :-

ਆਪਣੇ ਮੋਢਿਆਂ ਜਿੰਨਾ ਉੱਚਾ ਮੇਜ ਲਉ। ਉਸਤੇ ਇਕ ਪਿਆਲੀ ਰੱਖ ਕੇ ਉਸ ਵਿਚ ਇਕ ਰੁਪਿਆ ਰੱਖ ਦਿਉ ਜਾਂ ਮੋਮ ਨਾਲ ਚਿਪਕਾ ਦਿਉ। ਫਿਰ ਥੋੜਾ ਜਿਹਾ ਪਿੱਛੇ ਹਟੋ। ਰੁਪਿਆ ਤੁਹਾਨੂੰ ਦਿਖਣਾ ਬੰਦ ਹੋ ਜਾਵੇਗਾ। ਆਪਣੇ ਮਿੱਤਰ ਨੂੰ ਪਿਆਲੀ ਵਿਚ ਕੁਝ ਪਾਣੀ ਪਾਉਣ ਲਈ ਆਖੋ। ਰੁਪਿਆ ਤੁਹਾਨੂੰ ਫਿਰ ਦਿਖਣ ਲੱਗ ਜਾਵੇਗਾ।

(11) ਗੁਪਤ ਸਿਆਹੀ :-

ਨਿੰਬੂ ਜਾਂ ਪਿਆਜ ਦਾ ਰਸ ਲੈ ਕੇ ਲਿਖੋ। ਇਹ ਗੁਪਤ ਸਿਆਹੀ ਹੈ। ਜਦੋਂ

ਚਿੱਠੀ ਪੜ੍ਹਨੀ ਹੋਵੇ ਤਾਂ ਇਸਨੂੰ ਸੇਕ ਕੋਲ ਲੈ ਜਾਉ। ਅੱਖਰ ਦਿਸਣ ਲੱਗ ਜਾਣਗੇ।

(12) **ਸੂਈ ਜਾਂ ਬਲੇਡ ਤੈਰਾਉਣਾ** :-

ਸੂਈ ਜਾਂ ਬਲੇਡ ਲਉ। ਉਸਨੂੰ ਇੱਕ ਸਿਆਹੀ ਚੂਮ ਉੱਪਰ ਰੱਖ ਕੇ ਪਾਣੀ ਤੇ ਧਰ ਦਿਉ। ਕੁਝ ਦੇਰ ਬਾਦ ਸਿਆਹੀ ਚੂਮ ਡੁੱਬ ਜਾਵੇਗਾ। ਪਰ ਸੂਈ ਜਾਂ ਬਲੇਡ ਪਾਣੀ ਤੇ ਤੈਰਨ ਲੱਗ ਜਾਣਗੇ।

(13) **ਅੰਡੇ ਦਾ ਤਮਾਸ਼ਾ** :-

ਇੱਕ ਮਰਤਬਾਨ ਵਿੱਚ ਅੱਧ ਤੱਕ ਪਾਣੀ ਪਾਉ। ਇੱਕ ਤਾਜਾ ਅੰਡਾ ਇਸ ਵਿਚ ਰੱਖੋ। ਅੰਡਾ ਨੀਚੇ ਬੈਠ ਜਾਏਗਾ। ਹੁਣ ਇਕ ਕੀਪ ਰਾਹੀਂ (ਜਿਸਦਾ ਸਿਰਾ ਮਰਤਬਾਨ ਦੇ ਤਲ ਤੱਕ ਹੋਵੇ) ਲੂਣ ਘੁਲਿਆ ਪਾਣੀ ਪਾਉ। ਅੰਡਾ ਉਪਰ ਉੱਠ ਜਾਏਗਾ ਤੇ ਪਾਣੀ ਵਿਚ ਤੈਰਦਾ ਦਿਖੇਗਾ।

(14) **ਬੰਦੂਕ ਬਣਾਉਣਾ** :-

ਇਕ ਬੋਤਲ ਲਉ। ਇਸ ਵਿਚ ਥੋੜਾ ਜਿਹਾ ਸਿਰਕਾ ਪਾਉ ਜੋ ਬੋਤਲ ਟੇਢੀ ਕਰਨ ਤੇ ਵੀ ਨਾ ਡੁੱਲ੍ਹੇ। ਹੁਣ ਇਕ ਕਾਗਜ ਤੇ ਇਕ ਚਮਚ ਮਿੱਠਾ ਸੋਡਾ ਪਾ ਦਿਉ ਅਤੇ ਜਲਦੀ ਕਾਰਕ ਲਾ ਦਿਉ। ਕਿਰਿਆ ਹੋ ਕੇ ਕਾਰਕ ਗੋਲੀ ਵਾਂਗ ਚੱਲੇਗਾ। ਬੋਤਲ ਨੂੰ ਦੋ ਗੋਲ ਪੈਨਸਲਾਂ ਤੇ ਟਿਕਾ ਦਿਉ। ਬੰਦੂਕ ਵਾਂਗ ਬੋਤਲ ਵੀ ਪਿੱਛੇ ਹਟੇਗੀ।

(15) **ਮਿਸਰੀ ਦੀਆਂ ਸੌਕੀਨ ਮੱਛੀਆਂ** :-

ਇਕ ਪਰਾਂਤ ਵਿਚ ਥੋੜਾ ਜਿਹਾ ਪਾਣੀ ਪਾਉ। ਉਸ ਵਿੱਚ ਮਾਚਸ ਦੀਆਂ ਅੱਠ ਦਸ ਤੀਲੀਆਂ ਸੁੱਟੋ ਅਤੇ ਵਿੱਚ ਇਕ ਮਿਸਰੀ ਦੀ ਡਲੀ ਰੱਖ ਦਿਉ। ਸਾਰੀਆਂ ਤੀਲੀਆਂ ਮਿਸਰੀ ਦੀ ਡਲੀ ਦੇ ਦੁਆਲੇ ਆ ਜਾਣਗੀਆਂ। ਫਿਰ ਮਿਸਰੀ ਦੀ ਥਾਂ ਸਾਬਣ ਦਾ ਇਕ ਟੁਕੜਾ ਰੱਖੋ। ਤੀਲੀਆਂ ਦੂਰ ਭੱਜ ਜਾਣਗੀਆਂ।

(16) **ਲਹੂ ਦੀ ਧਾਰਾ** :-

ਸੀਸੇ ਦੀ ਇਕ ਢੱਕਣਦਾਰ ਬੋਤਲ ਲਵੋ। ਇਸ ਦੇ ਢੱਕਣ ਵਿਚ ਦੋ ਛੇਦ (ਇਕ ਕੇਂਦਰ ਵਿਚ ਤੇ ਦੂਜਾ ਉਪਰ) ਕਰ ਲਉ। ਇਸਨੂੰ ਪਾਣੀ ਨਾਲ ਭਰ ਦਿਉ ਅਤੇ ਕਾਲੇ ਕੱਪੜੇ ਨਾਲ ਢੱਕਣ ਤੱਕ ਢੱਕ ਲਉ। ਇਕ ਬੈਟਰੀ ਨਾਲ ਲਾਲ ਰੋਸ਼ਨੀ ਪਿਛੋਂ ਦਿਉ ਅਤੇ ਬੋਤਲ ਟੇਢੀ ਕਰਕੇ ਧਾਰ ਮਾਰੋ। ਪਾਣੀ ਲਾਲ ਦਿਖਾਈ ਦੇਵੇਗਾ ਜਿਵੇਂ ਲਹੂ ਹੋਵੇ।

(17) **ਚਾਂਦੀ ਦਾ ਅੰਡਾ** :-

ਮੁਰਗੀ ਦਾ ਅੰਡਾ ਲੈ ਕੇ ਮੋਮਬੱਤੀ ਉਤੇ ਕਾਲਾ ਕਰ ਲਉ। ਹੁਣ ਕੱਚ ਦੇ ਗਿਲਾਸ ਵਿਚ ਪਾਣੀ ਪਾ ਕੇ ਅੰਡਾ ਉਸ ਵਿੱਚ ਪਾ ਦਿਉ। ਅੰਡਾ ਚਾਂਦੀ ਰੰਗਾ ਦਿਸੇਗਾ।

(18) **ਘਰ ਵਿਚ ਵਰਖਾ ਕਰਨਾ** :-

ਇਕ ਥਾਲੀ ਵਿਚ ਬਰਫ ਦੇ ਟੁਕੜੇ ਪਾ ਕੇ ਸਟੈਂਡ ਤੇ ਰੱਖੋ। ਸਟੈਂਡ ਦੇ ਥੱਲੇ ਇਕ ਖਾਲੀ ਬਰਤਨ ਰੱਖੋ। ਇੱਕ ਹੋਰ ਸਟੈਂਡ ਤੇ ਚਾਹ ਵਾਲੀ ਕੇਤਲੀ ਵਿਚ ਪਾਣੀ ਪਾ ਕੇ ਉਬਾਲੋ। ਕੇਤਲੀ ਦਾ ਮੂੰਹ ਬਰਫ ਵਾਲੀ ਥਾਲੀ ਜਾਂ ਪਰਾਤ ਦੇ ਥੱਲੇ ਹੋਵੇ। ਪਾਣੀ ਉਬਲਕੇ ਭਾਫ ਬਣੇਗਾ ਪਰ ਬਰਫ ਨਾਲ ਭਾਫ ਠੰਢੀ ਹੋ ਕੇ ਫਿਰ ਪਾਣੀ ਬਣੇਗਾ ਅਤੇ ਵਰਸੇਗਾ। ਮੀਂਹ ਇਸੇ ਤਰਾਂ ਹੀ ਪੈਂਦਾ ਹੈ।

(19) **ਉਬਲਦੇ ਪਾਣੀ ਵਿਚ ਬਰਫ** :-

ਇੱਕ ਪਰਖ ਨਲੀ ਵਿਚ ਇੱਕ ਬਰਫ ਦਾ ਟੁਕੜਾ ਰੱਖੋ ਫਿਰ ਥੋੜਾ ਜਿਹਾ ਪਾਣੀ ਪਾਉ। ਇੱਕ ਮੋਮਬੱਤੀ ਜਲਾ ਕੇ ਪਰਖਨਲੀ ਟੇਢੀ ਕਰਕੇ ਪਾਣੀ ਵਾਲੀ ਉਤਲੀ ਤਹਿ ਤੇ ਗਰਮ ਕਰੋ। ਪਾਣੀ ਉਬਲਣ ਲੱਗ ਜਾਵੇਗਾ ਪਰ ਬਰਫ ਨਹੀਂ ਪਿਘਲੇਗੀ।

(20) **ਪਿੰਜਰੇ ਵਿਚ ਤੋਤਾ** :-

ਇੱਕ ਗੋਲ ਗੱਤਾ ਕੱਟੋ। ਉਸਦੇ ਬਰਾਬਰ ਅਕਾਰ ਦੇ ਦੋ ਕਾਗਜ ਕੱਟ ਕੇ ਉਨ੍ਹਾਂ ਤੇ ਦੋ ਫੋਟੋਆਂ ਇੱਕ ਤੋਤੇ ਦੀ ਤੇ ਇੱਕ ਪਿੰਜਰੇ ਦੀ ਬਣਾਕੇ ਗੱਤੇ ਦੇ ਆਸੇ ਪਾਸੇ ਲਾਉ ਜੋ ਇੱਕ ਦੂਜੀ ਤੋਂ ਉਲਟ ਹੋਣ। ਭਾਵ ਜੇ ਤੋਤਾ ਸਿੱਧਾ ਹੈ ਤਾਂ ਪਿੰਜਰਾ ਪੁੱਠਾ ਹੋਵੇ। ਹੁਣ ਗੱਤੇ ਦੇ ਆਸੇ ਪਾਸੇ (ਸੱਜੇ ਖੱਬੇ) ਧਾਗਾ ਪਾ ਕੇ ਗੱਤੇ ਨੂੰ ਘੁਮਾਉ। ਤੋਤਾ ਪਿੰਜਰੇ ਵਿਚ ਬੰਦ ਦਿਖੇਗਾ।

(21) **ਲਾਲਚੀ ਮੱਛੀਆਂ** :-

ਮੋਮ ਦੀ ਇੱਕ ਮੱਛੀ ਬਣਾਉ। ਕਿਸੇ ਸੂਈ ਦੀ ਚੁੰਬਕ ਬਣਾਕੇ ਉਸ ਵਿਚ ਲਕੋ ਦਿਉ। ਸੂਈ ਦਾ ਦੱਖਣੀ ਧਰੁਵ ਮੱਛੀ ਦੇ ਮੂੰਹ ਕੰਨੀ ਹੋਵੇ। ਹੁਣ ਇਕ ਹੋਰ ਚੁੰਬਕ ਦੀ ਸਲਾਈ ਲਵੋ। ਇਸਨੂੰ ਸੋਡਾ ਵਾਟਰ ਵਾਲੀ ਨਾਲੀ ਵਿਚ ਪਾ ਕੇ ਮੋਮ ਨਾਲ ਦੋਨੇ ਪਾਸੇ ਢੱਕ ਦਿਉ। ਜਿਧਰ ਉਤਰੀ ਧਰੁਵ ਹੈ ਉਧਰ ਰੋਟੀ ਦਾ ਟੁਕੜਾ ਬੰਨ੍ਹੋ ਤੇ ਦੂਜੇ ਪਾਸੇ ਪੱਥਰ ਦਾ ਟੁਕੜਾ ਬੰਨ੍ਹੋ। ਜਦੋਂ ਮੱਛੀ ਕੋਲ ਰੋਟੀ ਦਾ ਟੁਕੜਾ ਲੈ ਕੇ ਜਾਉਗੇ ਤਾਂ ਮੱਛੀ ਰੋਟੀ ਕੋਲ ਆਵੇਗੀ ਪਰ ਜਦੋਂ ਪੱਥਰ ਦਾ ਟੁਕੜਾ ਲੈ ਕੇ ਜਾਉਗੇ ਤਾਂ ਮੱਛੀ ਦੂਰ ਚਲੀ ਜਾਵੇਗੀ।

(22) **ਬਿਨਾਂ ਕਿੱਲ ਤੋਂ ਚਾਬੀ ਲਟਕਾਉਣਾ** :-

ਇੱਕ ਗੱਤਾ ਲਉ। ਉਸਨੂੰ ਚੋਰਸ ਕੱਟੋ। ਗੱਤੇ ਦੇ ਪਿੱਛੇ ਧਾਗੇ ਆਦਿ ਨਾਲ ਇੱਕ ਚੁੰਬਕ ਜੋੜ ਦਿਉ ਅਤੇ ਸਿਰਿਆਂ ਵਾਲੇ ਨਿਸ਼ਾਨ ਅਗਲੇ ਪਾਸੇ ਹਲਕੇ-2 ਲਾਉ ਜੋ ਕਿਸੇ ਹੋਰ ਨੂੰ ਨਾ ਦਿਸਣ। ਹੁਣ ਇਕ ਚਾਬੀ ਲੈ ਕੇ ਗੱਤੇ ਤੇ ਜੋ ਕਿ ਕਿਸੇ ਕੰਧ ਆਦਿ ਤੇ ਟੰਗਿਆ ਹੈ, ਲਾਉ। ਚਾਬੀ ਬਿਨਾਂ ਕਿਸੇ ਕਿੱਲ ਦੇ ਟੰਗੀ ਜਾਏਗੀ।

(23) **ਰਾਮ-ਸੀਤਾ ਦਾ ਖਿਡੌਣਾ** :-

ਇੱਕ ਗੱਤੇ ਦਾ ਗੋਲ ਟੁਕੜਾ ਲੈ ਕੇ ਚੁੰਬਕੀ ਸੂਈ ਦੀ ਚੋਟੀ ਤੇ ਟਿਕਾ ਦਿਉ। ਸੂਈ ਦੇ ਕੇਂਦਰ ਤੇ ਸੀਤਾ ਦੇ ਦੋ ਚਿੱਤਰ ਜੋੜੋ। ਚੁੰਬਕ ਦੇ ਉਤਰੀ ਧਰੁਵ ਤੇ ਸੀਤਾ ਦੇ ਮੂੰਹ ਵਾਲਾ ਪਾਸਾ ਤੇ ਦੱਖਣੀ ਧਰੁਵ ਤੇ ਪਿੱਠ ਵਾਲਾ ਪਾਸਾ ਹੋਵੇ।

ਇੱਕ ਛੋਟਾ ਜਿਹਾ ਡੰਡਾ ਚੁੰਬਕ ਲਉ। ਇਸਨੂੰ ਦੋ ਗੱਤਿਆਂ ਵਿਚ ਛਪਾ ਲਉ। ਗੱਤੇ ਦੇ ਉਪਰ ਉਤਰੀ ਧਰੁਵ ਕੰਨੀ ਰਾਵਣ ਤੇ ਦੱਖਣੀ ਧਰੁਵ ਕੰਨੀ ਰਾਮ ਦਾ ਚਿੱਤਰ ਚਪਕਾ ਦਿਉ। ਰਾਮ ਦਾ ਚਿੱਤਰ ਚੁਬੰਕੀ ਸੂਈ ਕੋਲ ਕਰੋ। ਸੀਤਾ ਮੂੰਹ ਕਰ ਲਵੇਗੀ। ਜਦੋਂ ਰਾਵਣ ਦਾ ਕਰੋਗੇ ਤਾਂ ਸੀਤਾ ਪਿੱਠ ਕਰ ਲਵੇਗੀ।

ਮੂਲ ਲੇਖਕ :- ਅਨਵੰਤ ਕੌਰ

ਅਨੁਵਾਦਕ :- ਰਾਜਾ ਰਾਮ ਹੰਡਿਆਇਆ

ਵਿਗਿਆਨਕ ਖ਼ਬਰਾਂ

✪ ਊਰਜਾ ਸੰਗ੍ਰਹਿਣ ਦਾ ਨਵਾਂ ਮਾਧਿਅਮ ਮੀਥੇਨ ਗੈਸ

ਪਵਨ ਅਤੇ ਸੌਰ ਊਰਜਾ ਖੇਤਰ ਵਧ ਰਹੇ ਹਨ। 2010 'ਚ ਜਰਮਨੀ 'ਚ ਕਈ ਘਰਾਂ ਦੀਆਂ ਛੱਤਾਂ 'ਤੇ ਸੋਲਰ ਪੈਨਲ ਲਗਾਏ ਗਏ ਅਤੇ ਉਨ੍ਹਾਂ 'ਚੋਂ 8 ਗੀਗਾਬਾਈਟ ਬਿਜਲੀ ਬਣੀ। ਇਹ ਜਰਮਨੀ ਦੇ ਪਰਮਾਣੂ ਊਰਜਾ ਉਤਪਾਦਨ ਤੋਂ ਜ਼ਿਆਦਾ ਹੈ। ਜਰਮਨ ਸਰਕਾਰ ਦੀ ਊਰਜਾ ਨੀਤੀ ਰੋਡ ਮੈਪ ਦੇ ਮੁਤਾਬਿਕ 2030 ਤੱਕ ਪਵਨ ਊਰਜਾ ਪਾਰਕ ਤੋਂ ਘੱਟ ਤੋਂ ਘੱਟ 25 ਗੀਗਾਬਾਈਟ ਬਿਜਲੀ ਦਾ ਉਤਪਾਦਨ ਹੋਣ ਲੱਗੇਗਾ। ਜੇਕਰ ਜਰਮਨੀ 'ਚ ਹਮੇਸ਼ਾ ਸੂਰਜ ਚਮਕਦਾ ਰਹੇ ਅਤੇ ਹਵਾ ਚਲਦੀ ਰਹੇ ਤਾਂ ਜਰਮਨੀ ਨੂੰ ਕਿਸੇ ਹੋਰ ਊਰਜਾ ਸਰੋਤ ਦੀ ਜ਼ਰੂਰਤ ਨਹੀਂ ਪਵੇਗੀ। ਜੇਕਰ ਕਿਸੇ ਮਹੀਨੇ 'ਚ ਸੂਰਜ ਚਮਕਦਾ ਨਹੀਂ ਤਾਂ ਅਜਿਹੀ ਸਥਿਤੀ 'ਚ ਕੀ ਹੋਵੇ। ਇਨ੍ਹਾਂ ਹਾਲਤਾਂ ਨੂੰ ਦੇਖਦੇ ਹੋਏ ਜ਼ਰੂਰੀ ਹੈ ਕਿ ਊਰਜਾ ਦਾ ਭੰਡਾਰਣ ਕੀਤਾ ਜਾਵੇ। ਹੁਣ ਤੱਕ ਵਿਗਿਆਨਕ ਭੰਡਾਰਣ ਦੇ ਸੌਖੇ ਅਤੇ ਸਸਤੇ ਤਰੀਕੇ ਇਜਾਦ ਕਰਨ 'ਚ ਸਫਲ ਨਹੀਂ ਹੋ ਸਕੇ। ਜ਼ਿਆਦਾ ਊਰਜਾ ਨੂੰ ਲੰਬੇ ਸਮੇਂ ਤੱਕ ਸਟੋਰ ਕਰਕੇ ਰੱਖਣਾ ਵਿਗਿਆਨਕਾਂ ਲਈ ਵੱਡੀ ਚੁਣੌਤੀ ਹੈ।

ਸੁਰੱਖਿਅਣ ਜ਼ਰੂਰੀ - ਪਣ ਬਿਜਲੀ ਨੂੰ ਪੰਪ ਕਰਕੇ ਊਰਜਾ ਦਾ ਸੁਰੱਖਿਅਣ ਕਰਨਾ ਉਨਾ ਫਾਇਦੇਮੰਦ ਨਹੀਂ ਹੈ ਅਤੇ ਬੈਟਰੀ ਵਰਗੇ ਵਿਕਲਪ ਬਹੁਤ ਮਹਿੰਗੇ ਹਨ। ਪਰ ਵਿਗਿਆਨਕਾਂ ਨੂੰ ਗੈਸ 'ਚ ਵਿਕਲਪ ਦਿਖਾਈ ਦੇ ਰਿਹਾ ਹੈ। ਹੁਣ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਸੌਰ ਅਤੇ ਪਵਨ ਊਰਜਾ ਨੂੰ ਪ੍ਰਭਾਵੀ ਤਰੀਕੇ ਨਾਲ ਗੈਸ ਸਟੋਰ ਕਰਨ ਦੀ ਸ਼ਕਤੀ ਕਾਫ਼ੀ ਹੈ। ਇੱਥੇ 200 ਟੇਰਾਵਾਟ ਘੰਟੇ ਦੇ ਹਿਸਾਬ ਨਾਲ ਗੈਸ ਦਾ ਸੰਗ੍ਰਹਿਣ ਕੀਤਾ ਜਾ ਸਕਦਾ ਹੈ ਅਤੇ ਇਹ ਗੈਸ ਜਰਮਨੀ 'ਚ ਕਈ ਮਹੀਨੇ ਕੰਮ ਆ ਸਕਦੀ ਹੈ।

ਇਸ ਮੀਥੇਨ ਨੂੰ ਜਮ੍ਹਾ ਕੀਤਾ ਜਾ ਸਕਦਾ ਹੈ ਅਤੇ ਪਾਵਰ ਹੀਟਰ, ਉਦਯੋਗਿਕ ਭੱਠੀ ਜਾਂ ਹੋਰ ਊਰਜਾ ਯੰਤਰਾਂ 'ਚ ਇਸਤੇਮਾਲ ਕੀਤਾ ਜਾ ਸਕਦਾ ਹੈ ਅਤੇ ਕਾਰਾਂ 'ਚ ਵੀ ਇਸ ਦਿਸ਼ਾ 'ਚ ਪਹਿਲਾ ਪ੍ਰਯੋਗ ਹਾਲ ਹੀ 'ਚ ਕੀਤਾ ਗਿਆ। ਜਿਸ 'ਚ ਕਾਰ ਮੀਥੇਨ ਗੈਸ ਨਾਲ ਚਲਾਈ ਗਈ। ਇਸ ਈ ਗੈਸ ਦੇ ਕਾਰਣ ਕਾਰ ਕਰੀਬ ਸਾਢੇ ਚਾਰ ਸੌ ਕਿਲੋਮੀਟਰ ਚੱਲ ਸਕੀ। ਆਓਡੀ ਕਾਰ ਕੰਪਨੀ 2013 ਤੱਕ ਕੁਦਰਤੀ ਗੈਸ ਨਾਲ ਚੱਲਣ ਵਾਲੀ ਕਾਰ ਬਜ਼ਾਰ 'ਚ ਲਿਆਏਗੀ। ਕੰਪਨੀ ਨੇ ਨਾਰਥ ਸੀ 'ਚ ਪਵਨ ਊਰਜਾ ਦੇ ਫ਼ਾਰਮ ਪਹਿਲਾਂ ਹੀ ਖਰੀਦ ਲਏ ਹਨ। ਇੱਕ 3.6 ਮੈਗਾਵਾਟ ਦੀ ਵਿੰਡ ਟਰਬਾਈਨ ਇੱਕ ਮਿੰਟ 'ਚ ਜੋ ਊਰਜਾ ਬਣਾਉਂਦੀ ਹੈ। ਉਹ 300 ਕਿਲੋਮੀਟਰ ਕਾਰ ਦੌੜਾਉਣ ਲਈ ਕਾਫ਼ੀ ਹੁੰਦੀ ਹੈ ਅਤੇ ਇਸਦਾ ਵਾਤਾਵਰਣ ਨੂੰ ਕੋਈ ਨੁਕਸਾਨ ਨਹੀਂ ਹੈ। 6 ਮੈਗਾਵਾਟ ਦੀ ਸਮਤਾ ਵਾਲਾ ਇਹ ਯੰਤਰ ਸੋਲਰ ਫਿਊਏਲ ਦੇ ਪ੍ਰਬੰਧਕ ਨਿਰਦੇਸ਼ਕ ਗ੍ਰੇਗੋਰ ਵਾਲਡਸਟਾਈਨ ਕਹਿੰਦੇ ਹਨ ਕਿ ਸਥਿਤੀ ਬਦਲ ਸਕਦੀ ਹੈ। ਜ਼ਿਆਦਾ ਸੌਰ ਅਤੇ ਪਵਨ ਊਰਜਾ ਦੇ ਯੰਤਰ ਸ਼ੁਰੂ ਹੋਣ ਤੋਂ ਬਾਅਦ ਤਕਨੀਕ ਸਸਤੀ ਹੋ ਸਕਦੀ ਹੈ ਅਤੇ ਕਿਫ਼ਾਇਤੀ ਵੀ।

ਜਰਮਨ ਸਰਕਾਰ ਆਉਣ ਵਾਲੇ ਸਾਲ 'ਚ 6 ਗੀਗਾਵਾਟ ਦੀ ਸਮਤਾ ਵਾਲਾ ਸੰਯੰਤਰ ਬਣਾਉਣ ਜਾ ਰਹੀ ਹੈ। ਜਿਵੇਂ ਜਿਵੇਂ ਫਿਰ ਤੋਂ ਇਸਤੇਮਾਲ ਕੀਤੀ ਜਾਣ ਵਾਲੀ ਊਰਜਾ ਜ਼ਿਆਦਾ ਬਣਨ ਲੱਗੇਗੀ। ਇਹ ਸੰਯੰਤਰ ਮਸ਼ੀਨ ਨਾਲ ਚੱਲਣ ਲੱਗਣਗੇ।



✪ ਗ੍ਰਹਿਆਂ ਨੂੰ ਨਿਗਲ ਰਿਹਾ ਹੈ ਬਲੈਕ ਹੋਲ ਧਨੂ-ਏ

ਧਰਤੀ ਤੋਂ 26000 ਪ੍ਰਕਾਸ਼ ਸਾਲ ਦੂਰ ਇੱਕ ਵਿਸ਼ਾਲ ਬਲੈਕ ਹੋਲ ਇੱਕ ਇੱਕ ਕਰਕੇ ਗ੍ਰਹਿਆਂ, ਤਾਰਿਆਂ ਅਤੇ ਪਿੰਡਾਂ ਨੂੰ ਨਿਗਲ ਰਿਹਾ ਹੈ। ਬਲੈਕ ਹੋਲ ਸਾਡੀ ਅਕਾਸ਼ ਗੰਗਾ ਦੇ ਕੇਂਦਰ 'ਚ ਹੈ। ਵਿਗਿਆਨਕਾਂ ਮੁਤਾਬਿਕ ਬਲੈਕ ਹੋਲ ਸੂਰਜ ਤੋਂ ਚਾਰ ਲੱਖ ਗੁਣਾ ਵੱਡਾ ਹੈ।

ਬ੍ਰਿਟੇਨ ਦੀ ਯੂਨੀਵਰਸਿਟੀ ਆਫ਼ ਲਿਸੇਸਟਰ ਦੇ ਵਿਗਿਆਨਕਾਂ ਨੇ ਦਾਅਵਾ ਕੀਤਾ ਹੈ ਕਿ ਉਹ ਬਲੈਕ ਹੋਲ ਹਰ ਦਿਨ ਬ੍ਰਹਿਮੰਡ 'ਚ ਤੈਰਦੀਆਂ ਚੀਜਾਂ ਨੂੰ ਨਿਗਲਦਾ ਜਾ ਰਿਹਾ ਹੈ। ਬਲੈਕ ਹੋਲ ਨੂੰ ਸੈਜੀਟੇਰੀਅਸ-ਏ ਨਾਮ ਦਿੱਤਾ ਗਿਆ ਹੈ। ਡਾਕਟਰ ਕਾਸਟੀਟਿਸ ਜੁਬੋਵਾਸ ਦੇ ਮੁਤਾਬਿਕ ਧਨੂ-ਏ ਆਪਣੇ ਸਾਹਮਣੇ ਆਉਣ ਵਾਲੇ ਗੈਸ ਅਤੇ ਧੂੜ ਨਾਲ ਬਣੇ ਗ੍ਰਹਿਆਂ ਨੂੰ ਤੋੜ ਕੇ ਨਿਗਲ ਰਿਹਾ ਹੈ। ਇਸ ਦੌਰਾਨ ਐਕਸ-ਰੇ ਕਿਰਣਾਂ ਅਤੇ ਇਨਫਰਾਰੈਡ ਵਿਕਰਣ ਵੀ ਦਿਖਾਈ ਪੈ ਰਹੇ ਹਨ। ਡਾਕਟਰ ਜੁਬੋਵਾਸ ਅਤੇ ਉਨ੍ਹਾਂ ਦੇ ਸਾਥੀਆਂ ਦਾ ਕਹਿਣਾ ਹੈ ਕਿ ਬਲੈਕ ਹੋਲ ਅਕਾਰ 'ਚ ਸੂਰਜ ਤੋਂ 4,00,000 ਗੁਣਾ ਵੱਡਾ ਹੈ। ਬ੍ਰਹਿਮੰਡ 'ਚ ਤੈਰ ਰਹੇ ਤਾਰਿਆਂ ਦੇ ਅਵਸ਼ੇਸ਼ਾਂ ਨੂੰ ਵੀ ਧਨੂ-ਏ ਨਿਗਲਦਾ ਜਾ ਰਿਹਾ ਹੈ।

ਬਲੈਕ ਹੋਲ ਸੋਲਰ ਸਿਸਟਮ - ਇਹ

ਏਲੀਅਨਾਂ ਨਾਲ ਸੰਪਰਕ ਨਹੀਂ ਹੋ ਸਕਿਆ

ਅਮਰੀਕੀ ਸਰਕਾਰ ਨੇ ਅਧਿਕਾਰਰਿਕ ਤੌਰ 'ਤੇ ਕਿਹਾ ਹੈ ਕਿ ਦੂਸਰੇ ਗ੍ਰਹਿ ਦੇ ਕਿਸੇ ਵੀ ਪ੍ਰਾਣੀ ਨਾਲ ਕੋਈ ਸੰਪਰਕ ਕਦੇ ਵੀ ਨਹੀਂ ਹੋਇਆ।

ਅਮਰੀਕੀ ਸਰਕਾਰ ਨੇ ਇਕ ਵੈੱਬਸਾਈਟ 'ਤੇ ਹਜ਼ਾਰਾਂ ਲੋਕਾਂ ਦੀਆਂ ਟਿੱਪਣੀਆਂ ਆਉਣ ਦੇ ਬਾਅਦ ਇਹ ਸਪੱਸ਼ਟੀਕਰਨ ਜਾਰੀ ਕੀਤਾ ਹੈ।

ਵੈੱਬਸਾਈਟ ਦੇ ਜ਼ਰੀਏ ਲੋਕਾਂ ਨੇ ਮੰਗ ਕੀਤੀ ਸੀ ਕਿ ਦੂਸਰੇ ਗ੍ਰਹਿਆਂ ਦੇ ਪ੍ਰਾਣੀਆਂ ਦੇ ਬਾਰੇ ਵਿੱਚ ਉਪਲੱਭਧ ਜਾਣਕਾਰੀਆਂ ਲੋਕਾਂ ਨੂੰ ਦੱਸੀਆਂ ਜਾਣ ਅਤੇ ਜੇਕਰ ਉਨ੍ਹਾਂ ਨਾਲ ਕੋਈ ਸੰਪਰਕ ਹੋਇਆ ਹੈ ਤਾਂ ਉਸਦੇ ਬਾਰੇ ਵੀ ਦੱਸਿਆ ਜਾਵੇ।

ਬਾਈਟ ਹਾਊਸ ਵੱਲੋਂ ਇਹ ਬਿਆਨ ਜਾਰੀ ਕੀਤਾ ਗਿਆ ਹੈ ਕਿ ਇਸ ਗੱਲ ਦੇ ਕੋਈ ਸਬੂਤ ਨਹੀਂ ਹਨ ਕਿ ਦੂਸਰੇ ਗ੍ਰਹਿਆਂ 'ਤੇ ਜੀਵਨ ਹੈ।

ਅਮਰੀਕੀ ਵਿਗਿਆਨਕਾਂ ਦੇ ਯਤਨਾਂ ਦੇ ਸਿੱਟਿਆਂ ਨੂੰ ਛੁਪਾਏ ਜਾਣ ਦਾ ਸ਼ੱਕ ਜਾਹਿਰ ਕਰਨ ਵਾਲੇ ਲੋਕਾਂ ਦਾ ਕਹਿਣਾ ਹੈ ਕਿ ਕੋਈ ਆਕਾਸ਼ੀ ਅਭਿਆਨ ਹੈ ਜਿਸ ਦੇ ਬਾਰੇ ਵਿੱਚ ਲੋਕਾਂ ਨੂੰ ਪੂਰੀ ਜਾਣਕਾਰੀ ਨਹੀਂ ਦਿੱਤੀ ਜਾ ਰਹੀ, ਉਨ੍ਹਾਂ ਨੇ ਕੈਪਲਰ ਅਤੇ ਮਾਰਸ ਸਾਇੰਸ ਲਬੋਰਟਰੀ ਦੇ ਸੋਧਾਂ ਦਾ ਖਾਸ ਤੌਰ 'ਤੇ ਜ਼ਿਕਰ ਕੀਤਾ ਸੀ।

ਕੈਪਲਰ ਦਾ ਉਦੇਸ਼ ਆਕਾਸ਼ ਵਿੱਚ ਪ੍ਰਿਥਵੀ ਨਾਲ ਮਿਲਦੇ-ਜੁਲਦੇ ਗ੍ਰਹਿਆਂ ਦੀ ਖੋਜ ਕਰਨਾ ਹੈ ਜਿੱਥੇ ਜੀਵਨ ਦੀ ਸੰਭਾਵਨਾ ਹੋ ਸਕਦੀ ਹੈ।

ਮਾਰਸ ਲੈਬ ਵੀ ਮੰਗਲ ਗ੍ਰਹਿ 'ਤੇ ਉਨ੍ਹਾਂ ਪ੍ਰਥਿਤੀਆਂ ਦੀ ਖੋਜ਼ ਵਿੱਚ ਸ਼ਾਮਲ ਰਿਹਾ ਹੈ ਜੋ ਜੀਵਨ ਦੇ ਲਈ ਸੰਭਵ ਹਨ, ਪਰ ਦੋਨਾਂ ਮੁਹਿੰਮਾਂ (ਅਭਿਆਨਾਂ) ਦੀ ਅਜਿਹੀ ਕੋਈ ਗੱਲ ਸਾਹਮਣੇ ਨਹੀਂ ਆਈ ਹੈ ਜੋ ਹਿਲਾ ਦੇਣ ਵਾਲੀ ਹੋਵੇ।

ਅਜਿਹਾ ਨਹੀਂ ਹੈ ਕਿ ਇਹ ਸਭ ਮਨਘੜਤ ਗੱਲਾਂ ਹਨ, ਅਸਲ ਅਮਰੀਕੀ ਵਿਗਿਆਨਕ ਦੂਸਰੇ ਗ੍ਰਹਿਆਂ ਦੇ ਪ੍ਰਾਣੀਆਂ ਦੀ ਖੋਜ ਦਾ ਕਾਰਜ ਲੰਬੇ ਸਮੇਂ ਤੋਂ ਕਰਦੇ ਆ ਰਹੇ ਹਨ।

ਵਿਗਿਆਨਕਾਂ ਦਾ ਕਹਿਣਾ ਹੈ ਕਿ ਦੂਸਰੇ ਗ੍ਰਹਿਆਂ 'ਤੇ ਜੀਵਨ ਦੀ ਸੰਭਾਵਨਾ ਵਾਲੀ ਗੱਲ ਨੂੰ ਪੂਰੀ ਤਰ੍ਹਾਂ ਨਕਾਰਿਆ ਤਾਂ ਨਹੀਂ ਜਾ ਸਕਦਾ ਪਰ ਇਹ ਸੰਭਾਵਨਾ ਕਾਫ਼ੀ ਦੂਰ ਦੀ ਹੈ, ਅਰਬਾਂ ਖਰਬਾਂ ਤਾਰਿਆਂ 'ਤੇ ਕਿਸੇ 'ਤੇ ਵੀ ਪ੍ਰਿਥਵੀ ਦੀ ਤਰ੍ਹਾਂ ਜੀਵਨ ਨਹੀਂ ਹੈ ਇਸਦਾ ਕੋਈ ਵਿਗਿਆਨਕ ਪ੍ਰਣਾਮ ਪੇਸ਼ ਕਰਨਾ ਔਖਾ ਕੰਮ ਹੈ।

ਵਿਗਿਆਨਕਾਂ ਦਾ ਇਹ ਵੀ ਕਹਿਣਾ ਹੈ ਕਿ ਜੇਕਰ ਦੂਸਰੇ ਗ੍ਰਹਿਆਂ 'ਤੇ ਜੀਵਨ ਹੋਵੇਗਾ ਵੀ ਤਾਂ ਇਹ ਸਮਝਣਾ ਸੌਖਾ ਨਹੀਂ ਹੈ ਕਿ ਉਸਦਾ ਸੰਪਰਕ ਧਰਤੀ 'ਤੇ ਕਿਵੇਂ ਹੋ ਸਕੇਗਾ।

-ਸ਼ਿੰਦਰਪਾਲ ਕੌਰ

ਜਾਣਕਾਰੀ ਸਾਹਮਣੇ ਆਉਣ ਤੋਂ ਬਾਅਦ ਇਹ ਬਹਿਸ ਛਿੜ ਗਈ ਹੈ ਕਿ ਬਲੈਕ ਹੋਲ ਸੌਰ ਮੰਡਲ ਨੂੰ ਨਵੇਂ ਸਿਰੇ ਨਾਲ ਬਣਾਉਂਦੇ ਹਨ। ਆਸਟ੍ਰੇਲੀਅਨ ਨੈਸ਼ਨਲ ਯੂਨੀਵਰਸਿਟੀ ਦੇ ਮਾਂਊਟ ਸਟ੍ਰੋਮਲੋ ਓਬਜਰਵੇਟ੍ਰੀ ਦੇ ਮਿਸ਼ੇਲ ਬੈਨਿਸਟਰ ਕਹਿੰਦੀ ਹੈ, "ਅਕਾਸ਼ ਗੰਗਾ ਦਾ ਕੇਂਦਰ ਇੱਕ ਅਤਿਅੰਤ ਊਰਜਾ ਵਾਲਾ ਸਥਾਨ ਹੈ। ਬਹੁਤ ਘੱਟ ਦਾਇਰੇ 'ਚ ਗਤੀਸ਼ੀਲ ਰਹਿਣ ਵਾਲੇ ਕੁੱਝ ਗ੍ਰਹਿ ਉਥੇ ਬਣ ਸਕਦੇ ਹਨ।

ਐਕਸ ਰੇ ਕਿਰਣਾਂ ਅਤੇ ਇਨਫਰਾਰੈਡ ਵਿਕਰਣ ਤੋਂ ਸਾਬਤ ਹੁੰਦਾ ਹੈ ਕਿ ਅਕਾਸ਼ ਗੰਗਾ ਦੇ ਕੇਂਦਰ ਦੇ ਕੋਲ ਸ਼ੁਦਰ ਗ੍ਰਹਿ, ਪੂਛਲ ਤਾਰੇ ਅਤੇ ਗ੍ਰਹਿ ਹੋ ਸਕਦੇ ਹਨ। ਮਿਸ਼ੇਲ ਇਹ ਸੰਭਾਵਨਾ ਜਤਾਉਂਦੀ ਹੈ ਕਿ ਬਲੈਕ ਹੋਲ ਦੇ ਕਿਨਾਰਿਆਂ 'ਤੇ ਗ੍ਰਹਿਆਂ ਦਾ ਨਿਰਮਾਣ ਹੋ ਸਕਦਾ ਹੈ।

ਗ੍ਰਹਿਆਂ ਦੀ ਮੌਤ - ਬ੍ਰਿਟਿਸ਼ ਯੂਨੀਵਰਸਿਟੀ ਦੇ ਸੋਧਕਰਤਾ ਦਾ ਤਰਕ ਹੈ ਕਿ ਬਲੈਕ ਹੋਲ ਦੇ ਕਿਨਾਰੇ ਭਾਵੇਂ ਹੀ ਗ੍ਰਹਿਆਂ ਦੀ ਉਤਪਤੀ ਲਈ ਚੰਗਾ ਮਾਹੌਲ ਬਣਾਉਂਦੇ ਹਨ ਪਰ ਇਸ ਇਲਾਕੇ 'ਚ ਗ੍ਰਹਿਆਂ ਦੀ ਮੌਤ ਵੀ ਹੁੰਦੀ ਹੈ। ਇਸ ਦੌਰਾਨ ਅਪਾਰ ਊਰਜਾ ਨਿਕਲਦੀ ਹੈ। ਜਦੋਂ ਕੋਈ ਵੱਡਾ ਗ੍ਰਹਿ ਬਲੈਕ ਹੋਲ 'ਚ ਸਮਾਉਂਦਾ ਹੈ। ਤਾਂ ਕੁੱਝ ਹੀ ਪਲਾਂ ਲਈ ਇਨਫਰਾਰੈਡ ਵਿਕਰਣ ਅਤੇ ਐਕਸ-ਰੇ ਕਿਰਣਾਂ ਦਿਖਾਈ ਪੈਂਦੀਆਂ ਹਨ।

ਬਲੈਕ ਹੋਲ ਅਤੇ ਉਸਦੇ ਕਿਨਾਰੇ ਬਣਦੇ ਗ੍ਰਹਿਆਂ ਦੇ ਸਬੰਧ 'ਚ ਇਹ ਜਾਣਕਾਰੀ ਨਵੀਂ ਹੈ। ਮੈਲਬਰਨ ਦੀ ਸਿਵਨਬਰਨ ਯੂਨੀਵਰਸਿਟੀ ਦੇ ਐਸੋਸੀਏਟ ਪ੍ਰੋਫੈਸਰ ਅਲਿਸਟਰ ਗ੍ਰੈਹਮ ਕਹਿੰਦੇ ਹਨ। ਸਾਰੇ ਨਹੀਂ, ਪਰ ਜ਼ਿਆਦਾਤਰ ਅਕਾਸ਼ ਗੰਗਾਵਾਂ ਦੇ ਕੇਂਦਰ 'ਚ ਵਿਸ਼ਾਲ ਬਲੈਕ ਹੋਲ ਹੈ। ਗ੍ਰੈਹਮ ਵੀ ਇਸ ਗੱਲ ਨਾਲ ਸਹਿਮਤ ਹੈ ਕਿ ਧਨੂ-ਏ ਦੀ ਤਾਕਤ ਤਾਰਿਆਂ ਨੂੰ ਤੋੜ ਰਹੀ ਹੈ ਅਤੇ ਹਰ ਦਿਨ ਉਸ ਨਾਲ ਐਕਸ ਰੇ ਕਿਰਣਾਂ ਅਤੇ ਇਨਫਰਾਰੈਡ ਵਿਕਰਣ ਦੇਖਿਆ ਜਾ ਰਿਹਾ ਹੈ।

✪ ਸੰਭਾਵਨਾਵਾਂ ਵਾਲੀ ਤਸਵੀਰ

ਤੁਸੀਂ ਕਿਸੇ ਅਜਿਹੇ ਦੇਸ਼ 'ਚ ਜਾਂਦੇ ਹੋ, ਜਿਸਦੀ ਭਾਸ਼ਾ ਤੁਹਾਨੂੰ ਨਹੀਂ ਆਉਂਦੀ। ਇਸ ਕਾਰਣ ਤੁਸੀਂ ਹੋਟਲ ਜਾਂ ਰੈਸਟੋਰੈਂਟ ਦਾ ਮੈਨਿਯੂ ਨਹੀਂ ਪੜ੍ਹ ਸਕਦੇ ਜਾਂ ਕਾਰ ਡਰਾਈਵ ਕਰਦੇ ਹੋਏ ਸੜਕ ਕਿਨਾਰੇ ਲੱਗੇ ਸਾਈਨ ਬੋਰਡ ਨੂੰ ਸਮਝਣ 'ਚ ਦਿੱਕਤ ਆਉਂਦੀ ਹੈ। ਇਸ ਤਰ੍ਹਾਂ ਦੀਆਂ ਸਮੱਸਿਆਵਾਂ ਜ਼ਿਆਦਾਤਰ ਬਿਜਨੈੱਸ ਦੇ ਸਿਲਸਿਲੇ 'ਚ ਯਾਤਰਾ ਕਰਨ ਵਾਲਿਆਂ ਦੇ ਨਾਲ ਪੇਸ਼ ਆਉਂਦੀਆਂ ਹਨ। ਪਰ ਇਸਦਾ ਹੱਲ ਗੂਗਲ ਲੈ ਆਇਆ ਹੈ।

ਟੈਕਸਟ ਦੇ ਜਰੀਏ ਸਰਚ ਕਰਨ ਦੀ ਬਜਾਏ ਗੂਗਲ ਫੋਟੋ ਦੇ ਜਰੀਏ ਸਰਚ ਕਰਨ ਦੀ ਸਹੂਲਤ ਵੱਡੇ ਪੈਮਾਨੇ 'ਤੇ ਪੇਸ਼ ਕਰਨ ਜਾ ਰਿਹਾ ਹੈ। ਇਸ 'ਚ ਆਪਣੇ ਮੋਬਾਇਲ ਨਾਲ ਸਬੰਧਿਤ ਚੀਜ਼ ਯਾਨੀ ਮੈਨਿਯੂ ਜਾਂ ਸਾਈਨ ਬੋਰਡ ਦੀ ਫੋਟੋ ਲੈਣੀ ਹੋਵੇਗੀ। ਇਸ ਫੋਟੋ ਨੂੰ ਗੂਗਲ ਦੀ ਸਰਚ ਈਮੇਜ 'ਚ ਪਾ ਕੇ ਉਸਦੇ ਬਾਰੇ ਪੂਰੀ ਜਾਣਕਾਰੀ ਕੀਤੀ ਜਾ ਸਕਦੀ ਹੈ। ਉਹ ਵੀ ਤੁਹਾਡੀ ਸਮਝ 'ਚ ਆਉਣ ਵਾਲੀ ਭਾਸ਼ਾ 'ਚ। ਗੂਗਲ ਦੀ ਇਹ ਸਹੂਲਤ ਫਿਲਹਾਲ ਪ੍ਰਯੋਗਿਕ ਪੱਧਰ 'ਤੇ ਹੈ। ਪਰ ਅਗਲੇ ਕੁੱਝ ਸਾਲਾਂ 'ਚ ਇਸਦਾ ਵੱਡੇ ਪੈਮਾਨੇ 'ਤੇ ਇਸਤੇਮਾਲ ਸ਼ੁਰੂ ਹੋ ਜਾਵੇਗਾ।

ਕੈਲੇਫੋਰਨੀਆ ਦੇ ਵਿਗਿਆਨਕਾਂ ਨੇ ਅਜਿਹੀ ਡਿਵਾਈਸ ਬਣਾਉਣ 'ਚ ਮੱਦਦ ਕੀਤੀ ਹੈ। ਜੋ ਨੇਤਰਹੀਣਾਂ ਨੂੰ ਦੇਖਣ

'ਚ ਮੱਦਦ ਕਰੇਗੀ। ਇਸ ਨਾਲ ਸਬੰਧਿਤ ਵਿਅਕਤੀ ਨੂੰ ਕਮਰ ਨਾਲ ਸੈਂਸਰ ਯੁਕਤ ਇੱਕ ਬੈਲਟ ਅਤੇ ਅੱਖਾਂ 'ਤੇ ਕੈਮਰਾ ਯੁਕਤ ਚਸ਼ਮਾ ਲਗਾਉਣਾ ਹੋਵੇਗਾ। ਕੈਮਰਾ ਆਸ ਪਾਸ ਦੇ ਮਾਹੌਲ ਦਾ ਇੱਕ 3ਡੀ ਨਕਸ਼ਾ ਤਿਆਰ ਕਰੇਗਾ। ਕੈਮਰੇ ਦੁਆਰਾ ਲਈ ਗਈ ਫੋਟੋ ਨਾਲ ਉਸਦੇ ਰਾਹ 'ਚ ਆਉਣ ਵਾਲੀ ਰੁਕਾਵਟਾਂ ਦਾ ਪਤਾ ਚੱਲ ਜਾਵੇਗਾ। ਜਿਸ ਦੀ ਜਾਣਕਾਰੀ ਉਹ ਕਮਰ ਨਾਲ ਬੰਨੀ ਬੈਲਟ ਦੇ ਜਰੀਏ ਦੇ ਸਕੇਗਾ। ਬੈਲਟ 'ਚ ਮੋਬਾਇਲ ਨੂੰ ਵਾਈਬ੍ਰੇਟ ਮੋਡ 'ਚ ਲਿਜਾਣ ਵਾਲੇ ਸੈਂਸਰ ਲੱਗੇ ਹਨ। ਮਸਲਨ ਕੈਮਰੇ ਨੇ ਸੱਜੇ ਪਾਸੇ ਕੋਈ ਰੁਕਾਵਟ ਦੇਖੀ ਤਾਂ ਬੈਲਟ 'ਚ ਸੱਜੇ ਪਾਸੇ ਲੱਗੇ ਸੈਂਸਰ ਝਨਝਨਾਹਟ ਪੈਦਾ ਕਰਨਗੇ। ਅਜਿਹੇ ਸੰਕੇਤਾਂ ਦੇ ਜਰੀਏ ਨੇਤਰਹੀਣਾਂ ਨੂੰ ਕਈ ਕੰਮ ਕਰਨ 'ਚ ਮੱਦਦ ਦਿੱਤੀ ਜਾਵੇਗੀ।

ਇਸ ਤੋਂ ਇਲਾਵਾ ਡ੍ਰੋਨ ਦਾ ਹੋਰ ਕੰਮਾਂ 'ਚ ਵੀ ਇਸਤੇਮਾਲ ਹੋ ਸਕੇਗਾ। ਮੰਨ ਲਓ ਕਿਤੇ ਭੂਚਾਲ ਆਉਂਦਾ ਹੈ ਜਾਂ ਅੱਗ ਲੱਗ ਜਾਂਦੀ ਹੈ ਤਾਂ ਡ੍ਰੋਨ ਤੋਂ ਪ੍ਰਾਪਤ ਤਸਵੀਰਾਂ ਤੋਂ ਪਤਾ ਚਲ ਸਕੇਗਾ ਕਿ ਕਿੱਥੇ ਕਿਸਨੂੰ ਕਿੰਨੀ ਮੱਦਦ ਦੀ ਜ਼ਰੂਰਤ ਹੈ। ਇਸਦੇ ਜਰੀਏ ਬਚਾਅ ਅਭਿਆਨਾਂ ਨੂੰ ਅਤੇ ਪ੍ਰਭਾਵੀ ਤਰੀਕੇ ਨਾਲ ਚੱਲਕੇ ਜਾਨ ਮਾਲ ਦਾ ਨੁਕਸਾਨ ਘੱਟ ਤੋਂ ਘੱਟ ਰੱਖਣ 'ਚ ਮੱਦਦ ਮਿਲੇਗੀ।

ਸਿਹਤ ਦੇਖਭਾਲ 'ਚ – ਇਸ ਤਕਨੀਕ ਤੋਂ ਪ੍ਰਾਪਤ 3 ਡੀ ਫੋਟੋ ਨਾਲ ਡਾਕਟਰਾਂ ਨੂੰ ਸਰਜਰੀ 'ਚ ਮੱਦਦ ਮਿਲੇਗੀ। ਇਜਰਾਈਲ ਨੇ ਆਰਕਾਡੀਆ ਨਾਮਕ ਅਜਿਹਾ ਹੀ ਇੱਕ ਡਿਵਾਈਸ ਤਿਆਰ ਕਰਕੇ ਉਸਦਾ ਟ੍ਰਾਇਲ ਸ਼ੁਰੂ ਕਰ ਦਿੱਤਾ ਹੈ। ਇਸ ਦੁਆਰਾ ਪ੍ਰਾਪਤ ਕੀਤੀ ਜਾਣਕਾਰੀ ਦੇ ਅਧਾਰ 'ਤੇ ਡਾਕਟਰ ਤੈਅ ਕਰਦੇ ਹਨ ਕਿ ਅਪਰੇਸ਼ਨ ਦੀ ਜ਼ਰੂਰਤ ਹੈ ਜਾਂ ਨਹੀਂ। ਯਾਨੀ ਆਉਣ ਵਾਲੇ ਸਮੇਂ 'ਚ ਫੋਟੋ ਦੇ ਜਰੀਏ ਕੁੱਝ ਸਰਚ ਕਰਨ ਦੀ ਸਹੂਲਤ ਸਾਡੇ ਜੀਵਨ ਨੂੰ ਕਾਫ਼ੀ ਵੱਡੇ ਪੱਧਰ ਤੱਕ ਪ੍ਰਭਾਵਿਤ ਕਰੇਗੀ।

ਫੋਟੋਗ੍ਰਾਫ਼ੀ ਹੋਵੇਗੀ ਅਸਾਨ – ਇਸ ਤਕਨੀਕ ਨਾਲ ਕੈਮਰੇ ਨੂੰ ਜ਼ਿਆਦਾ ਸਮਾਰਟ ਬਣਾਇਆ ਜਾ ਸਕੇਗਾ। ਉਹ ਕਿਸੇ ਓਬਜੈਕਟ ਦੇ ਹਿਸਾਬ ਨਾਲ ਆਪਣੇ ਐਂਗਲ ਅਤੇ ਲਾਈਟ ਨੂੰ ਐਡਜਸਟ ਕਰ ਸਕੇਗਾ। ਗੌਰਤਲਬ ਹੈ ਕਿ ਲਿਟਰੋ ਕੰਪਨੀ ਨੇ ਇਕ ਅਜਿਹਾ ਕੈਮਰਾ ਪੇਸ਼ ਕੀਤਾ ਹੈ। ਜਿਸਦੇ ਦੁਆਰਾ ਖਿੱਚੀ ਗਈ ਫੋਟੋ ਨੂੰ ਬਾਅਦ 'ਚ ਠੀਕ ਕੀਤਾ ਜਾ ਸਕਦਾ ਹੈ।

✪ ਅਟਾਕ੍ਰਟਿਕਾ ਵਿੱਚ ਬਣ ਰਿਹਾ ਵਿਸ਼ਾਲ ਹਿਮਖੰਡ

ਅਟਾਕ੍ਰਟਿਕਾ ਵਿੱਚ ਇੱਕ ਵਿਸ਼ਾਲ ਹਿਮਖੰਡ ਦਾ ਨਿਰਮਾਣ ਹੋ ਰਿਹਾ ਹੈ। ਗਲੇਸ਼ੀਅਰ ਵਿੱਚ 30 ਕਿਲੋਮੀਟਰ ਲੰਬੀ ਤਰੇੜ ਪੈ ਗਈ ਹੈ ਆਉਣ ਵਾਲੇ ਦਿਨਾਂ ਵਿੱਚ ਨਿਊਯਾਰਕ ਸ਼ਹਿਰ ਦੇ ਬਰਾਬਰ ਵੱਡਾ ਹਿਮਖੰਡ ਗਲੇਸ਼ੀਅਰ ਤੋਂ ਟੁੱਟ ਕੇ ਵੱਖ ਹੋਣ ਜਾ ਰਿਹਾ ਹੈ।

ਅਮਰੀਕੀ ਏਜੰਸੀ ਨੇ ਚਿਤਾਵਨੀ ਦਿੰਦੇ ਹੋਏ ਕਿਹਾ ਹੈ ਕਿ ਆਉਣ ਵਾਲੇ ਮਹੀਨਿਆਂ ਵਿੱਚ ਅਟਾਕ੍ਰਟਿਕਾ ਵਿੱਚ ਨਿਊਯਾਰਕ ਦੇ ਬਰਾਬਰ ਵੱਡਾ ਹਿਮਖੰਡ ਬਣਨ ਜਾ ਰਿਹਾ ਹੈ।

ਇਹ ਦੇਖਣ ਵਿੱਚ ਆਇਆ ਹੈ ਕਿ ਪਾਇਨ ਆਇਸਲੈਂਡ ਗਲੇਸ਼ੀਅਰ ਦਾ ਇੱਕ ਵੱਡਾ ਹਿੱਸਾ ਟੁੱਟਣ ਵਾਲਾ ਹੈ ਉਸ ਵਿੱਚ 18 ਕਿਲੋਮੀਟਰ ਲੰਬੀ ਤਰੇੜ ਪੈ ਚੁੱਕੀ ਹੈ। ਜੋ 50 ਮੀਟਰ ਡੂੰਘੀ ਹੈ। ਤਰੇੜ ਪ੍ਰਤੀਦਿਨ 2 ਮੀਟਰ

ਧਰਤੀ ਤੱਕ ਆ ਸਕਦੀਆਂ ਹਨ ਸੋਲਰ ਲਪਟਾਂ

ਨਾਸਾ ਦੇ ਵਿਗਿਆਨਕਾਂ ਨੇ ਸੂਰਜ ਵਿੱਚ ਐਨਾ ਵੱਡਾ ਧੱਬਾ ਦੇਖਿਆ ਹੈ ਜਿਨ੍ਹਾਂ ਵੱਡਾ ਹੁਣ ਦੇ ਸਾਲਾਂ ਵਿੱਚ ਕਦੇ ਵੀ ਨਹੀਂ ਦੇਖਿਆ ਗਿਆ। ਇਸ ਧੱਬੇ ਨਾਲ ਧਰਤੀ ਤੱਕ ਸੌਰ ਲਪਟਾਂ ਉਠ ਸਕਦੀਆਂ ਹਨ। ਇਸ ਸੌਰ ਤੂਫਾਨ ਦੀ ਵਜ੍ਹਾ ਨਾਲ ਧਰਤੀ 'ਤੇ ਮੌਜੂਦ ਇਲੈਕਟ੍ਰੋਨਿਕ ਪ੍ਰਣਾਲੀਆਂ ਗੜਬੜਾ ਸਕਦੀਆਂ ਹਨ।

ਇਸ ਧੱਬੇ ਨੂੰ ਨਾਸਾ ਦੇ ਸੋਲਰ ਸੈਟਲਾਈਟ ਨੇ ਦੇਖਿਆ ਹੈ। ਸੈਟਲਾਈਟ ਨੇ 3 ਨਵੰਬਰ ਨੂੰ ਇਹ ਫੋਟੋਆਂ ਖਿੱਚੀਆਂ ਸਨ। ਇਸ ਧੱਬੇ ਜਾਂ ਸਨ ਸਪਾਟ ਦਾ ਨਾਮ ਏਆਰ1339 ਰੱਖਿਆ ਗਿਆ ਹੈ। ਅਨੁਮਾਨ ਹੈ ਕਿ ਇਹ ਧੱਬਾ 80 ਹਜ਼ਾਰ ਕਿਲੋਮੀਟਰ ਲੰਬਾ ਅਤੇ 40 ਹਜ਼ਾਰ ਕਿਲੋਮੀਟਰ ਚੌੜਾ ਹੈ। ਇਸਦਾ ਆਕਾਰ ਧਰਤੀ ਤੋਂ ਲੱਗਭਗ ਅੱਠ ਗੁਣਾ ਹੈ।

ਵਿਗਿਆਨਕਾਂ ਦਾ ਕਹਿਣਾ ਹੈ ਕਿ ਇਸ ਸਨ ਸਪਾਟ ਨਾਲ ਐਕਸ ਕਲਾਸ ਦੀ ਸੋਲਰ ਲਪਟ ਉਠੇਗੀ। ਲੋ ਸਕੇਲ 'ਤੇ ਇਹ ਬਹੁਤ ਖਤਰਨਾਕ ਨਹੀਂ ਹੁੰਦੀ ਪਰ ਹਾਈ ਲੇਬਲ 'ਤੇ ਇਹ ਧਰਤੀ ਉਪਰ ਵੀ ਅਸਰ ਪਾ ਸਕਦੀਆਂ ਹਨ। ਅਸਲ 'ਚ ਇਹ ਸਨ ਸਪਾਟ ਸੂਰਜ ਦੀ ਸਤ੍ਹਾ 'ਤੇ ਮੌਜੂਦ ਉਹ ਹਿੱਸੇ ਹਨ ਜਿਨਾਂ ਦਾ ਟੈਂਪਰੇਚਰ ਬਾਕੀ ਦੇ ਸੂਰਜ ਨਾਲੋਂ ਥੋੜਾ ਘੱਟ ਹੁੰਦਾ ਹੈ ਇਸ ਲਈ ਇਹ ਰੰਗ ਵਿੱਚ ਥੋੜੇ ਕਾਲੇ ਦਿਖਾਈ ਦਿੰਦੇ ਹਨ। ਸੂਰਜ ਦੇ ਤਾਪਮਾਨ ਵਿੱਚ ਇਹ ਉਤਾਰ-ਚੜ੍ਹਾਅ ਉਦੋਂ ਹੁੰਦਾ ਹੈ ਜਦ ਉਥੇ ਚੁੰਬਕੀ ਗਤੀਵਿਧੀਆਂ ਉਫਾਨ 'ਤੇ ਹੋਣ। ਇਸਦੀ ਵਜ੍ਹਾ ਨਾਲ ਵਿੱਚ ਵਿੱਚ ਥੋੜਾ ਬਹੁਤ ਇਲਾਕਾ ਠੰਡਾ ਹੋ ਜਾਂਦਾ ਹੈ।

ਚੌੜੀ ਹੁੰਦੀ ਜਾ ਰਹੀ ਹੈ।

ਨਾਸਾ ਤੋਂ ਆਇਸਬ੍ਰਿਜ ਪ੍ਰੋਜੈਕਟ ਦੇ ਵਿਗਿਆਨੀ ਮਾਇਕਲ ਦਾ ਕਹਿਣਾ ਹੈ ਕਿ ਹਿਮਖੰਡ 880 ਵਰਗ ਕਿਲੋਮੀਟਰ ਵੱਡਾ ਹੋਵੇਗਾ। ਵਿਗਿਆਨੀਆਂ ਦੇ ਮੁਤਾਬਿਕ, "ਕੁੱਝ ਸਾਲਾਂ ਤੋਂ ਹੋਣ ਵਾਲੇ ਇਹ ਚੱਕਰੀ ਘਟਨਾਕ੍ਰਮ ਹਨ। ਅਜਿਹਾ ਹੀ ਵੱਡਾ ਹਿਮਖੰਡ ਆਖਰੀ ਵਾਰ 2001 ਵਿੱਚ ਬਣਿਆ ਸੀ। ਸਾਨੂੰ ਉਮੀਦ ਹੈ ਕਿ ਇਸ ਸਾਲ ਦੇ ਅੰਤ ਜਾਂ ਅਗਲੇ ਸਾਲ ਦੀ ਸ਼ੁਰੂਆਤ ਵਿੱਚ ਕੁਦਰਤੀ ਇੱਕ ਵੱਡੇ ਹਿਮਖੰਡ ਦਾ ਨਿਰਮਾਣ ਹੋ ਜਾਵੇਗਾ।"

ਵਿਗਿਆਨੀ ਨਵੇਂ ਹਿਮਖੰਡ ਨੂੰ ਲੈ ਕੇ ਬਹੁਤ ਉਤਸ਼ਾਹਿਤ ਹਨ। ਉਹਨਾਂ ਦਾ ਕਹਿਣਾ ਹੈ ਕਿ ਹਮੇਸ਼ਾ ਅਜਿਹੀਆਂ ਘਟਨਾਵਾਂ ਦੀ ਸ਼ੁਰੂਆਤ ਦਾ ਪਤਾ ਨਹੀਂ ਚੱਲਦਾ ਹੈ ਪਰ ਇਸ ਹਿਮਖੰਡ ਦੇ ਜਨਮ ਦੀ ਰਿਪੋਰਟ ਵਿਗਿਆਨੀਆਂ ਦੇ ਕੋਲ ਹੈ। ਸਤੰਬਰ ਦੇ ਅੰਤ ਵਿੱਚ ਪਹਿਲੀ ਵਾਰ ਅਟਾਕ੍ਰਟਿਕਾ ਦੇ ਪੱਛਮੀ ਹਿੱਸੇ ਵਿੱਚ ਇੱਕ ਲਕੀਰ ਦੇਖੀ ਗਈ ਹੈ। ਇਹੀ ਲਕੀਰ ਮਹੀਨੇ ਵਿੱਚ ਹੋਰ ਵੀ ਵੱਡੀ ਤਰੇੜ ਵਿੱਚ ਬਦਲ ਚੁੱਕੀ ਹੈ।

ਹਿਮਖੰਡ ਦਾ ਨਿਰਮਾਣ ਅਪਣੇ ਆਪ ਵਿੱਚ ਬੇਹੱਦ ਦਿਲਚਸਪ ਘਟਨਾ ਹੈ। ਵਿਗਿਆਨੀ ਹੁਣ ਤੱਕ ਇਹ ਸਮਝ ਨਹੀਂ ਪਾਏ ਹਨ ਕਿ ਬਰਫ਼ ਦਾ ਇੱਕ ਖ਼ਾਸ ਹਿੱਸਾ ਹੀ ਕਿਉਂ ਟੁੱਟਦਾ ਹੈ। ਕਿੰਨਾ ਹਿੱਸਾ ਟੁੱਟੇਗਾ ਇਹ ਕਿਵੇਂ ਤਹਿ ਹੁੰਦਾ ਹੈ। ਕੁੱਝ ਵਿਗਿਆਨੀਆਂ ਦਾ ਕਹਿਣਾ ਹੈ ਕਿ ਹਿਮਖੰਡਾਂ ਦੇ ਹੇਠਾ ਬਰਫ਼ ਦੀ ਇੱਕ ਨਦੀ ਬਹਿੰਦੀ ਹੈ। ਇਹ ਨਦੀ ਅੱਗੇ ਦਾ ਰਸਤਾ ਨਹੀਂ ਖੋਜ ਪਾਉਂਦੀ ਤਾਂ ਹੀ ਇਹ ਦਬਾਉਂ ਪੈਦਾ ਕਰਕੇ ਇੱਕ ਹਿੱਸੇ ਨੂੰ ਤੋੜਣ ਦੀ ਕੋਸ਼ਿਸ਼ ਕਰਦੀ ਹੈ।

ਪਰ ਕਈ ਵਿਗਿਆਨੀ ਇਸ ਤਰਕ ਨਾਲ ਸਹਿਮਤ ਨਹੀਂ ਹਨ। ਉਹਨਾਂ ਦਾ ਮੰਨਣਾ ਹੈ ਕਿ ਬਰਫ਼ ਦੇ ਅੰਦਰ ਬਰਫ਼ ਦੀ ਨਦੀ ਕਿਵੇਂ ਵਹਿ ਸਕਦੀ ਹੈ। ਹਿਮਖੰਡ ਦੇ ਬਣਨ 'ਤੇ ਇਹ ਨਦੀ ਹੋਣ ਦੇ ਕਾਰਨ ਦਿਖਾਈ ਕਿਉਂ ਨਹੀਂ ਦਿੰਦੇ ਹਨ।

ਮੋੜਕੇ ਰੱਖ ਸਕਦੇ ਹਾਂ ਮੋਬਾਇਲ

ਸੁਣਨ 'ਚ ਭਾਵੇਂ ਹੀ ਇਹ ਕਿਸੇ ਫ਼ਿਲਮ ਦਾ ਹਿੱਸਾ ਲੱਗੇ ਪਰ ਇਹ ਸੱਚ ਹੈ ਕਿ ਕੁੱਝ ਹੀ ਮਹੀਨਿਆਂ 'ਚ ਅਸੀਂ ਮੋਬਾਇਲ ਫ਼ੋਨ ਨੂੰ ਮੋੜਕੇ ਜੇਬ 'ਚ ਰੱਖ ਸਕਾਂਗੇ। ਸੈਮਸੰਗ ਅਤੇ ਨੋਕੀਆ ਦੋਵੇਂ ਹੀ ਇਸ ਤਕਨੀਕ 'ਤੇ ਕੰਮ ਕਰ ਰਹੇ ਹਨ। ਸੈਮਸੰਗ ਦਾ ਇਰਾਦਾ ਤਾਂ ਅਗਲੇ ਸਾਲ ਦੀ ਪਹਿਲੀ ਤਿਮਾਹੀ 'ਚ ਅਜਿਹੇ ਫ਼ੋਨ ਪੇਸ਼ ਕਰਨ ਦਾ ਹੈ।

ਕੀ ਹੈ ਤਕਨੀਕ - ਸਾਲ ਦੀ ਸ਼ੁਰੂਆਤ 'ਚ ਸੈਮਸੰਗ ਨੇ ਅਜਿਹੀ ਸਕਰੀਨ ਦਾ ਪ੍ਰਦਰਸ਼ਨ ਕੀਤਾ ਸੀ। ਜੋ ਮੁੜ ਸਕਦਾ ਸੀ। 4.4 ਇੰਚ ਚੌੜੇ ਅਤੇ ਲੰਬੇ ਇਸ ਮੋਬਾਇਲ ਦੀ ਮੋਟਾਈ ਸਿਰਫ਼ 3 ਮਿ.ਮੀ ਸੀ। ਇਸ ਨੂੰ ਹੁਣ ਕੰਪਨੀ ਆਪਣੇ ਮੋਬਾਇਲ 'ਚ ਇਸਤੇਮਾਲ ਕਰੇਗੀ। ਇਹ ਸਕਰੀਨ ਕਾਰਬਨ ਨਾਲ ਤਿਆਰ ਗ੍ਰੇਫ਼ੀਨ ਨਾਮ ਦੇ ਬੇਹੱਦ ਲਚੀਲੇ ਮਟੀਰੀਅਲ ਨਾਲ ਬਣਾਈ ਗਈ ਹੈ। ਇਸ ਦੀ ਇੱਕ ਖਾਸ ਗੱਲ ਇਹ ਵੀ ਹੈ ਕਿ ਇਹ ਸਕਰੀਨ ਖੁਦ ਪ੍ਰਕਾਸ਼ ਛੱਡਦੀ ਹੈ।

ਨੋਕੀਆ ਵੀ ਹੈ ਤਿਆਰ - ਮੁੜ ਸਕਣ ਵਾਲੇ ਮੋਬਾਇਲ ਨੂੰ ਲਾਂਚ ਕਰਨ ਦੀ ਤਿਆਰੀ ਨੋਕੀਆ ਵੀ ਕਰ ਰਿਹਾ ਹੈ। ਕੁੱਝ ਸਮਾਂ ਪਹਿਲਾਂ ਉਸਨੇ ਇਸ ਤਕਨੀਕ ਦੇ ਇਕ ਪ੍ਰੋਟੋਟਾਈਪ ਡਿਵਾਈਸ ਦਾ ਪ੍ਰਦਰਸ਼ਨ ਕੀਤਾ ਸੀ। ਇਸ ਤਰ੍ਹਾਂ ਤਿਆਰ ਮੋਬਾਇਲ ਨੂੰ ਅਲੱਗ ਅਲੱਗ ਜਗ੍ਹਾ ਤੋਂ ਮੋੜਕੇ ਮਿਊਜ਼ਿਕ ਅਤੇ ਵੀਡੀਓ ਦੇ ਕਈ ਫੰਕਸ਼ਨਾਂ ਨੂੰ ਕੰਟਰੋਲ ਕੀਤਾ ਜਾਵੇਗਾ।

ਇਸਦੇ ਨਾਲ ਹੀ ਇਸ ਸਕਰੀਨ ਦਾ ਇਸਤੇਮਾਲ ਲੈਪਟਾਪ ਅਤੇ ਹੋਰ ਮਹਿੰਗੇ ਗੈਜੇਟ੍ਸ 'ਚ ਕੀਤਾ ਜਾਵੇਗਾ ਤਾਂਕਿ ਡਿੱਗਣ ਜਾਂ ਕਿਸੇ ਹੋਰ ਦੁਰਘਟਨਾ 'ਚ ਉਨ੍ਹਾਂ ਦੇ ਸਕਰੀਨ ਨੂੰ ਕੋਈ ਨੁਕਸਾਨ ਨਾ ਪਹੁੰਚੇ।

ਆਸਟਰੀਆਈ ਜਵੈਲਰ ਨੇ ਡਿਜਾਈਨ ਕੀਤਾ 81 ਲੱਖ ਰੁਪਏ ਦਾ ਆਈਫ਼ੋਨ

ਲੰਦਨ - ਆਸਟਰੀਅਨ ਜਵੈਲਰੀ ਡਿਜਾਈਨ ਪੀਟਰ ਅਲਵਾਇਸਨ ਨੇ ਦੁਨੀਆਂ ਦਾ ਸਭ ਤੋਂ ਮਹਿੰਗਾ ਆਈਫ਼ੋਨ ਡਿਜ਼ਾਈਨ ਕੀਤਾ ਹੈ। ਇਸਦੀ ਕੀਮਤ 81 ਲੱਖ ਰੁਪਏ ਹੈ। ਇਸ ਆਈਫ਼ੋਨ ਨੂੰ ਬਣਾਉਣ 'ਚ ਕੁਲ 318 ਹੀਰਿਆਂ ਦਾ ਪ੍ਰਯੋਗ ਕੀਤਾ ਗਿਆ ਹੈ। ਇਸ 'ਚ 318 ਹੀਰੇ ਫ਼ੋਨ ਦੀ ਬਾਡੀ 'ਚ ਪ੍ਰਯੋਗ ਕੀਤੇ ਗਏ ਹਨ। ਬਾਕੀ 180 ਹੀਰਿਆਂ ਨੂੰ ਫ਼ੋਨ ਦੇ ਡਿਜ਼ਾਈਨ 'ਚ ਲਗਾਇਆ ਗਿਆ ਹੈ। ਆਈਫ਼ੋਨ ਦੀ ਪੂਰੀ ਬਾਡੀ 22 ਕੈਰੇਟ ਸ਼ੁੱਧ ਸੋਨੇ ਨਾਲ ਬਣੀ ਹੋਈ ਹੈ। ਦੁਨੀਆਂ ਦੇ ਸਭ ਤੋਂ ਇਸ ਮਹਿੰਗੇ ਆਈਫ਼ੋਨ ਨੂੰ ਰੂਸ ਦੇ ਇੱਕ ਵਪਾਰੀ ਨੇ ਖਰੀਦਿਆ ਹੈ। ਇਸ ਦੇ ਲਈ ਖਾਸ ਤੌਰ 'ਤੇ ਗ੍ਰੇਨਾਈਟ ਦਾ ਇੱਕ ਬਾਕਸ ਵੀ ਡਿਜ਼ਾਈਨ ਕੀਤਾ ਗਿਆ ਹੈ।

ਮਾਨਸਿਕਤਾ ਨੂੰ ਗ੍ਰਹਿਣ

ਸੁਨੈਨਾ ਦਾ ਵੱਡਾ ਮੁੰਡਾ ਤਕਰੀਬਨ 28-29 ਕੁ ਸਾਲ ਦਾ ਹੈ ਤੇ ਉਹਦੀ ਆਪਣੀ ਉਮਰ ਤਕਰੀਬਨ 50-52 ਕੁ ਸਾਲ ਦੇ ਨੇੜੇ ਤੇੜੇ ਲੱਗਦੀ ਹੈ। ਚਿਹਰਾ ਗੋਲ-ਮਟੋਲ ਤੇ ਸਰੀਰ ਹੱਡੀਆਂ ਦੀ ਮੁੱਠ, ਇਕ ਘਰ ਕੰਮ ਕਾਜ ਕਰਕੇ ਨਿਕਲਦੀ ਹੈ ਤੇ ਦੂਸਰੇ 'ਚ ਵੜ ਜਾਂਦੀ ਹੈ। ਸਵੇਰੇ ਸੱਤ ਵਜੇ ਸੁਨੈਨਾ ਪਹਿਲੇ ਘਰ, ਸਫਾਈ ਪੋਚਾ ਕਰਨ ਲਈ ਪਹੁੰਚ ਜਾਂਦੀ। ਸਾਰਾ ਦਿਨ ਘਰਾਂ ਵਿੱਚ ਸੁਨੈਨਾਂ ਇਮਾਨਦਾਰੀ ਨਾਲ ਕੰਮ ਕਰਦੀ ਹੈ। ਬਿਨ੍ਹਾਂ ਕਿਸੇ ਟੋਕਾ ਟਕਾਈ ਕਰਾਇਆ ਸਾਰਾ ਦਿਨ ਇਹ ਕੰਮ ਕਰਦੀ ਹੈ। ਪੰਜ ਵਰ੍ਹੇ ਤਾਂ ਮੇਰੇ ਘਰ ਹੀ ਕੰਮ ਕਰਦੀ ਨੂੰ ਹੋ ਗਏ ਹਨ, ਅੱਜ ਤੱਕ ਆਪਣੇ ਮੂੰਹੋਂ ਕਦੇ ਨਾ ਖਾਣ, ਨਾ ਪੀਣ ਨੂੰ ਮੰਗਿਆ। ਜੋ ਮਰਜ਼ੀ ਹੱਥ ਨਾਲ ਦਿੱਤਾ, ਉਹ ਸਤ ਬਚਨ ਕਹਿ ਕੇ ਖਾ ਲਿਆ। ਏਨਾ ਸਬਰ ਸੰਤੋਖ ਦਿੱਤਾ ਹੈ ਉਸ ਨੂੰ ਪ੍ਰਾਕਿਤੀ ਨੇ। ਕਦੇ ਕਦਾਈ ਕੰਮ ਕਰਦੀ-ਕਰਦੀ ਕਿਸੇ ਖੁੰਜੇ ਵਿਚ ਬੈਠ ਜਾਂਦੀ ਹੈ ਤੇ ਪੁੱਛਣ 'ਤੇ ਕਹਿੰਦੀ ਹੈ 'ਬੀਬੀ ਜੀ ਕੋਈ ਗੋਲੀ ਦੇ ਦੋ" ਹੁਣ ਡੇਢ ਕੁ ਵਰ੍ਹੇ ਤੋਂ ਸੁਨੈਨਾ ਜਿਵੇਂ ਦਵਾਈ ਬੂਟੀ ਨਾਲ ਹੀ ਸਰੀਰ ਨੂੰ ਚਲਾਈ ਜਾ ਰਹੀ ਹੈ। ਉਸ ਦੇ ਸੰਘਰਸ਼ ਦੀ ਸ਼ੁਰੂਆਤ ਉਦੋਂ ਹੀ ਸ਼ੁਰੂ ਹੋ ਗਈ ਸੀ ਜਦੋਂ ਉਹ 13 ਕੁ ਵਰ੍ਹਿਆਂ ਦੀ ਸੀ ਤੇ ਉਸ ਦੇ ਪਤੀ ਦੀ 20 ਕੁ ਸਾਲ ਦੀ ਉਮਰ ਸੀ। ਉਹ ਬੀੜੀਂ ਪੀਂਦਾ, ਪੋਸਤ ਖਾਂਦਾ। ਵਿਆਹ ਦੇ 15 ਕੁ ਸਾਲਾਂ ਬਾਅਦ ਪਤਾ ਲੱਗਿਆ ਕਿ ਪਤੀ ਦਾ ਇੱਕ ਫੇਫੜਾ ਨਾਕਾਮ ਹੋਣ ਕਿਨਾਰੇ ਹੈ। ਚਾਰ ਮੁੰਡੇ ਤੇ ਇੱਕ ਕੁੜੀ ਦੀ ਮਾਂ ਸੁਨੈਨਾ ਨੇ ਪਤੀ ਦਾ ਇਲਾਜ ਜੀਅ ਜਾਨ ਨਾਲ ਕਰਵਾਇਆ ਤੇ ਇੱਕ ਦਿਨ ਅਜਿਹਾ ਆਇਆ ਕਿ ਬਿਹਾਰ ਛੱਡਣਾ ਪਿਆ। ਬਿਮਾਰ ਪਤੀ ਤੇ ਨੂੰਹ ਪੁੱਤਰ ਨੂੰ ਲੈ ਕੇ ਸੁਨੈਨਾ ਪੰਜਾਬ ਆ ਗਈ। ਨੂੰਹ ਪੁੱਤਾਂ 'ਤੇ ਸੁਨੈਨਾ ਦੀ ਸਖ਼ਸ਼ੀਅਤ ਦਾ ਕੋਈ ਅਸਰ ਨਹੀਂ ਸੀ। ਕੰਮ-ਕਾਜ, ਇਮਾਨਦਾਰੀ ਵਰਗੇ ਗੁਣ ਉਸ ਦੀ ਔਲਾਦ 'ਚ ਨਹੀਂ ਸੀ। ਸੁਨੈਨਾ 8-9 ਘਰਾਂ ਦਾ ਕੰਮ ਕਰਦੀ ਰੁੱਖੀ ਸੁੱਖੀ ਖਾ ਛੱਡਦੀ। ਇਕ ਦਿਨ ਵੀ ਮੈਂ ਉਸ ਨੂੰ ਚੈਨ ਨਾਲ ਬੈਠਿਆ ਨਹੀਂ ਦੇਖਿਆ।

ਹਰ ਵਰ੍ਹੇ ਨੂੰਹਾਂ ਕੋਲ ਨਿਆਣੇ ਹੋ ਜਾਂਦੇ ਪਰ ਜਦ ਅਪ੍ਰੇਸ਼ਨ ਜਾਂ ਇਲਾਜ ਬਾਰੇ ਆਪਣੀ ਰਾਇ ਦਿੰਦੇ ਤਾਂ ਕਹਿ ਦਿੰਦੀ, "ਨਹੀਂ, ਜੀ ਹਮਾਰੇ ਲੋਗੋ ਕੇ ਲੀਏ, ਯੇ ਬਹੁਤ ਬੁਰਾ ਹੈ, ਹਮ ਬਿਮਾਰ ਪੜ ਜਾਤੇ, ਬੱਚੋ ਕੋ ਵੀ ਨੁਕਸਾਨ ਹੋ ਜਾਤਾ ਹੈ।" ਨਾ ਪੈਣ ਨੂੰ ਮੰਜੀ, ਨਾ ਖਾਣ ਨੂੰ ਚੱਜ ਦੀ ਰੋਟੀ, ਨਾ ਕੋਈ ਚੰਗੀ ਕਮਾਈ ਕਰਨ ਵਾਲਾ ਲੜਕਾ, ਕਦੇ-ਕਦੇ ਲਗਦਾ ਕਿ ਇਸ ਦਾ ਰੱਬ ਹੀ ਰਾਖਾ ਹੈ।

ਸੁਨੈਨਾ ਨੇ ਕਦੇ ਇੱਕ ਪੈਸਾ ਵੀ ਆਪਣੇ ਲਈ ਵੱਖਰਾ ਨਹੀਂ ਰੱਖਿਆ ਸੀ। ਪਰ ਉਹਦੀ ਇੱਕ ਇੱਛਾ ਸੀ ਆਪਣੀ ਧੀ, ਜੋ ਬਿਹਾਰ ਵਿੱਚ ਸੀ ਉਸਦੇ ਨਾਲ ਗੱਲ ਕਰਨ ਦੀ। ਕਿਸੇ ਘਰ ਫੋਨ ਤਾਂ ਸੀ, ਪਰ ਧੀ ਦੀ ਸੱਸ ਗੱਲ ਸੁਣਨ ਲਈ ਨਹੀਂ ਭੇਜਦੀ ਸੀ। ਤਿੰਨ ਕੁ ਮਹੀਨੇ ਪਹਿਲਾ ਉਹ ਆਪਣੀ ਧੀ ਨੂੰ ਜਣੇਪਾ ਕਰਾਉਣ ਲਈ ਆਪਣੇ ਕੋਲ ਲੈ ਆਈ। ਬੜੀ ਦੇਰ ਬਾਅਦ ਧੀ ਨੂੰ ਮਿਲ ਕੇ ਉਹ ਖੁਸ਼ ਜਾਪੀ। ਇਕ ਦਿਨ ਉਹ ਆ ਕੇ ਕਹਿਣ ਲੱਗੀ, "ਮੈਡਮ ਜੀ, ਯੇ ਫੋਨ ਜੋ ਹੋਤਾ ਹੈ ਕਿਤਨੇ ਕਾ ਹੋਤਾ ਹੈ।" ਮੈਂ ਕਿਹਾ, "ਸਾਰਾ ਕੁਝ ਮਿਲਾ ਕੇ 12-15 ਸੌ ਕਾ। ਕਹਿੰਦੀ, "ਮੈਂ ਆਪਣੇ ਪਾਸ ਪੈਸਾ ਜਮ੍ਹਾਂ ਕਰਦੂੰਗੀ ਜਬ ਮੇਰੀ ਬੇਟੀ ਜਾਏਗੀ, ਤੋਂ ਆਪ ਯੇ ਫੂਨ ਲੇਕਰ ਦੇ ਦੇਨਾ।" ਮੈਂ ਹੱਸ ਕਿ ਕਿਹਾ, "ਮੇਰੇ ਪਾਸ ਏਕ ਪੁਰਾਨਾ ਪੜਾ ਹੈ ਵੋ ਆਪ ਬੇਟੀ ਕੋ ਦੇ ਦੇਨਾ, ਕਾਰਡ ਡਲਵਾ ਲੇਣਾ।"

ਉਸ ਤੋਂ ਬਾਅਦ ਉਹ ਫਾਲਤੂ ਕੰਮ ਘਰ ਵਿੱਚ ਕਰਦੀ 50-100 ਰੁਪਏ ਮੈਨੂੰ ਅਲੱਗ ਦੇ ਜਾਂਦੀ, ਫੋਨ ਅਤੇ ਬੇਟੀ ਦੇ ਕੱਪੜੇ-ਲੀੜੇ ਤੇ ਬਿਹਾਰ ਭੇਜਣ ਦੇ ਖਰਚੇ ਲਈ। ਦੋ-ਤਿੰਨ ਮਹੀਨਿਆਂ ਵਿਚ ਉਸ ਨੇ ਘਰਦਿਆਂ ਨੂੰ ਬਿਨ ਦੱਸੇ ਉਹਨੇ 800 ਰੁਪਇਆ ਜੋੜ ਦਿੱਤਾ। ਦੋ ਘਰਾਂ ਦਾ ਕੰਮ ਹੋਰ ਲੈ ਲਿਆ। ਬੇਸ਼ੱਕ ਵੱਧ ਗਿਆ ਸੀ ਕੰਮ ਪਰ ਉਸ ਦੇ ਚਿਹਰੇ ਤੇ ਅਜੀਬ ਸਕੂਨ ਸੀ। ਜਦ ਉਹ ਸਾੜੀ ਦੇ ਪੱਲੂ ਵਿੱਚੋਂ ਪੈਸੇ ਕੱਢ ਕੇ ਫੜਾਉਂਦੀ ਤਾਂ ਪੈਸੇ ਫੜਾ ਉਹ ਬੇਟੀ ਦੀਆਂ ਗੱਲਾਂ ਦੱਸਦੀ। ਸੁਨੈਨਾ ਦੀ ਖੁਸ਼ੀ ਚੰਗੀ ਲਗਦੀ, ਕਦੇ-ਕਦੇ ਗੱਲਾਂ ਕਰਦੀ ਇਕ ਮਾਂ-ਧੀ ਦੇ ਰਿਸ਼ਤੇ ਦੀ ਮਿੱਠੀ ਮਿਸਾਲ ਲੱਗਦੀ। ਇਕ ਦਿਨ ਸੁਨੈਨਾ ਕਹਿਣ ਲੱਗੀ, "ਮੈਡਮ ਜੀ ਮੈਂ ਬੇਟੀ ਕੋ ਬਤਾਇਆ ਤੇਰੇ ਕੋ ਫੂਨ ਦੂੰਗੀ ਤੋਂ ਬੇਟੀ ਬਹੁਤ ਖੁਸ਼ ਹੂਆ।" ਇਹ ਕਹਿ ਕਿ ਸੁਨੈਨਾ ਬਹੁਤ ਹੱਸੀ।

ਅਚਾਨਕ ਸੁਨੈਨਾ ਇਕ ਦਿਨ ਕੰਮ ਕਰਨ ਨਾ ਆਈ ਅਕਸਰ ਉਸਦਾ ਬੇਟਾ ਸੁਨੇਹਾ ਦਿੰਦਾ ਹੀ ਹੁੰਦਾ ਸੀ ਕਿ ਮਾਂ ਕੰਮ ਕਰਨ ਨਹੀਂ ਆਏਗੀ। ਬੇਟੇ ਨੇ ਸੁਨੇਹਾ ਵੀ ਦਿੱਤਾ ਕਿ ਦੋ ਦਿਨ ਮਾਂ ਨਹੀਂ ਆਏਗੀ ਨਾਲ ਕਿਹਾ, "ਮਾਂ ਨੇ ਪੈਸੇ ਮੰਗਵਾਏ ਨੇ 900 ਰੁਪਏ।" ਮੈਂ ਪੈਸੇ ਦੇ ਦਿੱਤੇ ਤੇ ਸੋਚਿਆ ਕੋਈ ਬੱਚਾ ਬਿਮਾਰ ਹੋਣਾ। ਤਿੰਨ ਦਿਨ ਸੁਨੈਨਾ ਨਹੀਂ ਆਈ ਜਦ ਅਗਲੇ ਦਿਨ ਉਹ ਕੰਮ 'ਤੇ ਆਈ ਤਾਂ ਉਹਨੇ ਰੋਂਦੇ ਰੋਂਦੇ ਜੋ ਦਾਸਤਾਂ ਸੁਣਾਈ ਉਹ ਦਰਦ ਭਰੀ ਸੀ।

21 ਜੁਲਾਈ 2009 ਨੂੰ ਸਿਆਣੇ ਨੇ ਸੁਨੈਨਾ ਨੂੰ ਭਰਮ ਪਾਇਆ ਕਿ ਕੱਲ੍ਹ ਸੂਰਜ ਗ੍ਰਹਿਣ ਹੈ, ਜਿਸ ਔਰਤ (ਬੇਟੀ) ਦੇ ਪੇਟ ਵਿੱਚ ਬੱਚਾ ਹੈ ਅਗਰ ਉਹ ਪੁੰਨ ਦਾਨ ਨਹੀਂ ਕਰਦੀ ਜਾਂ ਤਾਂ ਬੱਚਾ ਮਰ ਜਾਊਗਾ ਜਾਂ ਫਿਰ ਬੱਚਾ ਅੰਨ੍ਹਾ ਹੋ ਜਾਊਗਾ। ਉਸ ਦੇ ਉਪਾਅ ਲਈ ਉਸ ਨੇ ਤਿੰਨ ਸੌ ਦੀ ਸਮੱਗਰੀ ਨਾਰੀਅਲ, ਇਲੈਚੀ, ਮਿਸਰੀ, ਦਾਖਾਂ ਆਦਿ ਨਾਲੇ ਵੀਹ ਕਿਲੋ ਦਾਣੇ ਤਿੰਨ ਤਰ੍ਹਾਂ ਦੇ ਜਿਸ ਵਿਚ ਦਾਲ (ਮੂੰਗੀ, ਕਣਕ ਤੇ ਚਾਵਲ) ਤਿੰਨ ਮੀਟਰ ਸੂਤੀ ਚਿੱਟਾ ਕੱਪੜਾ, ਸਿੰਧੂਰ ਸਭ ਕੁਝ ਦਾਨ ਕਰਨਾ ਹੋਊਗਾ। ਸੁਨੈਨਾ ਨੇ ਦੱਸੇ ਅਨੁਸਾਰ ਸਭ ਕੁਝ ਕੀਤਾ ਤੇ ਹਨ੍ਹੇਰੇ ਵਿਚ ਸਿਆਣੇ (ਸਾਧ) ਨੂੰ ਦੇਣਾ ਸੀ ਤੇ ਨਾਰੀਅਲ ਪਾਣੀ ਵਿਚ ਤਾਰਨਾ ਸੀ।

ਸੁਨੈਨਾ ਦੇ ਦੱਸਣ ਅਨੁਸਾਰ 22 ਜੁਲਾਈ 2009 ਦੀ ਪਿਛਲੀ ਰਾਤ ਸਿਆਣੇ ਕੋਲ ਬਹੁਤ ਸਾਰੀ ਭੀੜ ਸੀ ਜਿਸ ਵਿਚ ਕਈ ਪੜ੍ਹੇ-ਲਿਖੇ ਤੇ ਕੁਝ ਬਿਹਾਰੀ ਵੀ ਸਨ। ਹਰ ਪਾਸ ਸਮੱਗਰੀ ਸੀ। ਧੂਣੀ ਲਾ ਕੇ ਬੈਠੇ ਸਿਆਣੇ ਦੇ ਚਿਹਰੇ ਵਿੱਚੋਂ ਸਭ ਨੇ ਸੂਰਜ ਤੱਕਿਆ। ਸਿਆਣੇ ਦੇ ਚੇਲੇ ਸਭ ਨੂੰ ਇਹ ਨਜ਼ਾਰਾ ਦਿਖਾ ਰਹੇ ਸਨ, ਜੋ ਕਿ ਹੱਥ ਬੰਨ੍ਹੀ ਖੜ੍ਹੇ ਬਾਬੇ (ਸਿਆਣੇ) ਦੇ ਚਿਹਰੇ ਵਿੱਚੋਂ ਸੂਰਜ ਵੇਖ ਲੈਣਗੇ। ਉਹ ਸੂਰਜ ਗ੍ਰਹਿਣ ਦੀ ਕਰੋਪੀ ਤੋਂ ਮੁਕਤ ਹੋ ਜਾਣਗੇ। ਬਾਬੇ ਦੇ ਆਸੇ-ਪਾਸੇ ਅੱਗ ਹੀ ਅੱਗ ਨਾਲ ਮੂੰਹ ਸੂਰਜ ਵਾਂਗ ਦਗ ਦਗ ਕਰ ਰਿਹਾ ਸੀ। ਮੂੰਹ ਦਗ ਦਗ ਕਰਦਾ ਵੀ ਕਿਵੇਂ ਨਾ ਡਰਾਈ ਫਰੂਟਾਂ ਨਾਲ। ਇਹ ਸਭ ਦੱਸ ਕੇ ਸੁਨੈਨਾ ਝਾੜੂ ਚੁੱਕ ਕੇ ਫਿਰ ਅਗਲੇਰੀ ਜ਼ਿੰਦਗੀ ਕੱਢਣ ਲਈ ਚੱਲ ਪਈ।

ਪਰ ਸੁਨੈਨਾ ਸਾਰੀ ਦਾਸਤਾਂ ਦੱਸਦੇ ਦੱਸਦੇ ਬਹੁਤ ਰੋਈ। ਬਹੁਤ ਸਮਝਾਉਣ ਦੇ ਬਾਵਜੂਦ ਸੁਨੈਨਾ ਦੇ ਦਿਲ ਦਾ ਫੈਸਲਾ ਸੁਨੈਨਾ ਨੂੰ ਗਲਤ ਨਹੀਂ ਲੱਗਿਆ। ਇਕ ਸਕੂਨ ਸੀ ਉਹਦੇ ਦਿਲ ਨੂੰ ਕਿ ਬੇਟੀ ਦਾ ਬੱਚਾ ਮੈਂ ਸਭ ਕੁਝ ਦਾਨ ਕਰਕੇ ਬਚਾ ਲਿਆ।

*- **ਸੁਖਵਿੰਦਰ ਕੌਰ ਖੋਸਾ**, 187, ਪਟੇਲ ਨਗਰ, ਬਠਿੰਡਾ। ਮੋਬਾਇਲ : 94172-06185*

ਤਰਕਭਾਰਤੀ ਪ੍ਰਕਾਸ਼ਨ ਦੁਆਰਾ ਪ੍ਰਕਾਸ਼ਿਤ ਪੁਸਤਕਾਂ

ਹੁਣ ਤੁਸੀਂ ਕੋਈ ਵੀ ਪੁਸਤਕ ਫ਼ੋਨ ਕਰਕੇ ਡਾਕ ਰਾਹੀਂ ਵੀ ਮੰਗਵਾ ਸਕਦੇ ਹੋ, ਸਾਡਾ ਫ਼ੋਨ ਨੰਬਰ ਹੈ : 01679-241744, 233244

■ ਭਗਤ ਸਿੰਘ ਤੇ ਸਾਥੀਆਂ ਨਾਲ ਸੰਬੰਧਤ ਕਿਤਾਬਾਂ

ਸ਼ਹੀਦ ਭਗਤ ਸਿੰਘ ਦੀਆਂ ਚੌਣਵੀਆਂ ਲਿਖਤਾਂ/*ਪ੍ਰੋ. ਵੜੈਚ*	50/-
ਭਗਤ ਸਿੰਘ ਦੀ ਜ਼ੇਲ੍ਹ ਡਾਇਰੀ/*ਸੱਤਯਮ ਵਰਮਾ*	60/-
ਇਨਕਲਾਬ (ihtBh Fjhd Grs f;zx)/ਡਾ. ਤਜਿੰਦਰ	80/-
ਸ਼ਹੀਦ ਭਗਤ ਸਿੰਘ/*ਕੰਵਰਜੀਤ*	60/-
ਸ਼ਹੀਦਾਂ ਦੇ ਅੰਗ ਸੰਗ/*ਸ਼ਿਵ ਵਰਮਾ*	60/-
ਅਮਰ ਸ਼ਹੀਦਾਂ ਦੀਆਂ ਯਾਦਾਂ/*ਰਾਜਾ ਰਾਮ ਸਾਸ਼ਤਰੀ*	40/-
ਸ਼ਹੀਦਾਂ ਦੀ ਵਿਰਸਾਤ/*ਭਗਵਾਨ, ਸਦਾਸਿਵ*	50/-
ਮੈਂ ਨਾਸਤਿਕ ਕਿਉਂ ਹਾਂ/*ਭਗਤ ਸਿੰਘ*	5/-
ਭਗਤ ਸਿੰਘ ਦੇ ਚੁਣਵੇਂ ਵਿਚਾਰ/*ਸਾਵਲਾ ਰਾਮ*	10/-
ਭਗਤ ਸਿੰਘ ਦੀ ਵਿਚਾਰਧਾਰਾ/*ਕਮਲੇਸ਼ ਮੋਹਨ*	10/-
ਭਗਤ ਸਿੰਘ ਦੀ ਨਾਸਤਿਕਤਾ/*ਅਮਰਜੀਤ ਸੂਫੀ*	20/-
ਸ਼ਹੀਦ ਚੰਦਰ ਸ਼ੇਖਰ ਅਜ਼ਾਦ /*ਸ਼ਿਵ ਵਰਮਾ*	10/-
ਸ਼ਹੀਦ ਰਾਜਗੁਰੂ /*ਸ਼ਿਵ ਵਰਮਾ*	10/-
ਸ਼ਹੀਦ ਊਧਮ ਸਿੰਘ/*ਸੁਖਦੇਵ ਸਿੱਧੂ*	10/-
ਸ਼ਹੀਦ ਕਰਤਾਰ ਸਿੰਘ ਸਰਾਭਾ/*ਵਿਸ਼ਵਭਾਰਤੀ*	10/-
ਗਾਂਧੀ ਭਗਤੀ ਤੋਂ ਕ੍ਰਾਂਤੀ ਤੱਕ/*ਬਲਵੀਰ ਚੰਦ*	10/-
ਸਾਮਰਾਜੀ ਧੌਂਸ ਨੂੰ ਵੰਗਾਰ/*ਨਵਤੇਜ ਸਿੰਘ*	300/-
ਜੀਵਨ ਤੇ ਰਚਨਾ ਲਾਲਾ ਹਰਦਿਆਲ/*ਡਾ. ਕੋਮਲ*	100/-
ਹੁਤਾਤਮਾ ਰਾਜਗੁਰੂ/ਚਰਨ ਕੌਸ਼ਲ	100/-

■ ਇਨਕਲਾਬੀ ਨਾਵਲ

ਫਾਂਸੀ ਦੇ ਤਖ਼ਤੇ ਤੋਂ/*ਜੂਲੀਅਸ ਫ਼ੀਚਕ*	50/-
ਨੀਲੇ ਪੱਤਰੇ/*ਇਮਾਨੁਅਲ ਕਜ਼ਾਕੇਵਿਚ*	50/-
ਜੰਗਲਨਾਮਾ/*ਸਤਨਾਮ*	60/-
ਪਰਬਤੋਂ ਭਾਰੀ ਮੌਤ (ਨਾਵਲ)/*ਅਨਿਲ ਵਾਰਵੇ*	20/-
ਜਦੋਂ ਖੇਤ ਜਾਗੇ (ਨਾਵਲ)/*ਕ੍ਰਿਸ਼ਨ ਚੰਦਰ*	30/-
ਬਾਲ ਸਿਪਾਹੀ (ਚੀਨੀ ਨਾਵਲ)/*ਸ਼ੀ ਕੁਆਂਗ ਯਾਓ*	30/-
ਚਮਕਦਾ ਲਾਲ ਸਿਤਾਰਾ (ਨਾਵਲ)/*ਲੀ ਸ਼ਿਨ-ਤੀਅਨ*	20/-
ਮੱਛੀ ਤੇ ਪਾਣੀ (ਚੀਨੀ ਨਾਵਲ)/*ਚੈਨ ਤੈਂਗ ਕੀ*	20/-
ਜੋ ਹਾਰੇ ਨਹੀਂ (ਨਾਵਲ)/*ਪ੍ਰੋ. ਹਰਭਜਨ ਸਿੰਘ*	250/-
ਮਾਸਟਰ ਸਾਹਿਬ/*ਮਹਾਂਸ਼ਵੇਤਾ ਦੇਵੀ*	30/-
ਸੱਚ ਦਾ ਝੰਡਾ/*ਮੋਹਨ ਸਿੰਘ ਕੁੱਕੜਪਿੰਡੀਆ*	20/-
ਪਵਿੱਤਰ ਸੂਲੀ/*ਮੋਹਨ ਸਿੰਘ ਕੁੱਕੜਪਿੰਡੀਆ*	20/-
ਤਾਰੀਖ ਗਵਾਹੀ ਦੇਵੇਗੀ/*ਮੋਹਨ ਸਿੰਘ ਕੁੱਕੜਪਿੰਡੀਆ*	20/-
ਤਾਰੀਖ ਰੋ ਨਾ ਸਕੀ/*ਮੋਹਨ ਸਿੰਘ ਕੁੱਕੜਪਿੰਡੀਆ*	20/-

■ ਇਨਕਲਾਬੀ ਗੀਤ

ਸੰਤ ਰਾਮ ਉਦਾਸੀ ਦੇ ਚੋਣਵੇਂ ਗੀਤ/*ਇਕਬਾਲ ਉਦਾਸੀ*	30/-
ਪਾਸ਼ ਦੀ ਚੋਣਵੀਂ ਕਵਿਤਾ/*ਅਵਤਾਰ ਪਾਸ਼*	40/-
ਭਰੂਣ ਹੱਤਿਆ ਇੱਕ ਸਮਾਜਿਕ ਕੋਹੜ/*ਮੱਖਣ ਸਿੰਘ ਜੌਹਲ*	50/-
ਗੂੰਜ ਬਗਾਵਤ ਦੀ/*ਜਸਦੇਵ ਲਲਤੋਂ*	30/-
ਉੱਠੋ ਨੌਜਵਾਨੋਂ/*ਕ੍ਰਿਸ਼ਨ ਕੌਰਪਾਲ*	30/-
ਖੇਤਾਂ ਦੀ ਬੁੱਕਲ 'ਚੋਂ (ਗੀਤ)/*ਮਿੰਦਰਪਾਲ ਭੱਠਲ*	30/-
ਅੱਜ ਦੇ ਜ਼ਮਾਨੇ ਵਿੱਚ/*ਦਰਸ਼ਨ ਭੋਤਨਾ*	25/-
ਸੂਹੀਆਂ ਕਿਰਨਾਂ ਦਾ ਯਾਰ ਜੈਮਲ ਪੱਡਾ/*ਤਜਿੰਦਰ*	50/-
ਨਕਸਲੀ ਸ਼ਹੀਦ ਜੈਮਲ ਸਿੰਘ ਪੱਡਾ/*ਅਜਮੇਰ ਸਿੱਧੂ*	50/-
ਛੱਲਾਂ ਲਹਿਰ ਦੀਆਂ/*ਜਸਦੇਵ ਸਿੰਘ ਲਲਤੋਂ*	30/-

■ ਇਨਕਲਾਬੀ ਵਾਰਤਕ

ਲਾਲ ਕਿਤਾਬ/*ਕਾਮਰੇਡ ਮਾਓ ਦੇ ਵਿਚਾਰ*	50/-
ਨੌਜਵਾਨਾਂ ਨੂੰ/*ਸਵੈ ਸਾਚੀ*	20/-
ਸਮਾਜ ਨੂੰ ਬਦਲ ਦਿਓ/*ਸਵੈ ਸਾਚੀ*	20/-
ਭਾਰਤ ਦਾ ਮੁਕਤੀ ਸੰਘਰਸ਼/*ਨੌਜਵਾਨ ਦਸਤਾ*	50/-
ਸੂਹੀ ਸਵੇਰ/*ਸਵੈ ਸਾਚੀ*	50/-
ਮਿਥਿਹਾਸ ਇਤਿਹਾਸ ਤੇ ਇਤਿਹਾਸਕ ਪਦਾਰਥਵਾਦ	40/-
ਸਿੱਖ ਵੀਰਾਂ ਨਾਲ ਕੁਝ ਗੱਲਾਂ/*ਮੱਖਣ ਸਿੰਘ ਜੌਹਲ*	80/-
ਕਲਾ ਜ਼ਿੰਦਗੀ ਤੇ ਨਕਸਲੀ ਸਰੋਕਾਰ/*ਬਲਵੀਰ ਪ੍ਰਵਾਨਾ*	40/-
ਇਨਕਲਾਬੀ ਇਤਿਹਾਸ ਦੇ ਸੁਨਿਹਰੀਪੰਨੇ/*ਚਮਨ ਲਾਲ*	50/-
ਪੰਜਾਬ ਦੀ ਨਕਸਲਬਾੜੀ ਲਹਿਰ/*ਬਲਵੀਰ ਪਰਵਾਨਾ*	40/-
ਰੂਸੀ ਬਾਲ ਕਹਾਣੀ 'ਲਾਖੀ'/*ਅਨੰਤ ਚੇਖ਼ਵ*	20/-
ਗੁਲਾਮੀ ਤੋਂ ਮੁਕਤੀ/*ਫਰੈਡਰਿਕ ਡਗਲਸ*	20/-
ਪ੍ਰੋ. ਰਣਧੀਰ ਸਿੰਘ ਦੇ ਚੋਣਵੇਂ ਲੇਖ	60/-
ਗੁਲਮੀ ਵਾਲੀ ਜੂਨ ਬੁਰੀ /*ਗੁਰਚਰਨ ਜੈਤੋਂ*	50/-
ਭਾਰਤੀ ਜੇਲ੍ਹਾਂ 'ਚ ਪੰਜ ਵਰ੍ਹੇ/*ਮੇਰੀ ਟਾਈਲਰ*	80/-

■ ਇਨਕਲਾਬੀ ਦੇਸ਼ ਭਗਤਾਂ ਦੀਆਂ ਜੀਵਨੀਆਂ

ਸਾਹਿਤ ਦਾ ਸਾਗਰ : ਪਾਸ਼/*ਸੋਹਣ ਸਿੰਘ ਸੰਧੂ*	400/-
ਜੋਜ਼ਫ ਸਟਾਲਿਨ (ਜੀਵਨੀ)/ਸਰਜੀਤ ਤਲਵਾਰ	50/-
ਹਾਕਮ ਸਿੰਘ ਸਮਾਉਂ/*ਸੁਖਦਰਸ਼ਨ ਨੱਤ*	150/-
ਦੇਸ਼ ਭਗਤ ਪ੍ਰਤਾਪ ਸਿੰਘ ਧਨੌਲਾ/*ਤੇਜਵੰਤ ਮਾਨ*	50/-
ਸ਼ਹੀਦ ਭਗਵਾਨ ਸਿੰਘ ਲੌਂਗੋਵਾਲੀਆ/*ਬਲਵੀਰ ਚੰਦ*	20/-
ਦੇਸ਼ ਭਗਤ-ਕਾਮਰੇਡ ਹਰਨਾਮ ਸਿੰਘ ਚਮਕ/*ਬਲਵੀਰ*	30/-
ਡਾਇਰੀ ਬਾਬਾ ਹਰੀ ਸਿੰਘ ਉਸਮਾਨ/*ਪ੍ਰੋ. ਵੜੈਚ*	50/-
ਗ਼ਦਰੀ ਬਾਬਾ ਜਵਾਲਾ ਸਿੰਘ/*ਬਲਵੀਰ ਪਰਵਾਨਾ*	30/-
ਸੰਘਰਸ਼ਸ਼ੀਲ ਯੋਧਾ ਹਰੀ ਸਿੰਘ ਤਰਕ	50/-
ਸ਼ਹੀਦ ਬਾਬਾ ਬੂਝਾ ਸਿੰਘ/*ਅਜਮੇਰ ਸਿੱਧੂ*	300/-
ਗਦਰੀ ਬਾਬਾ ਦੁੱਲਾ ਸਿੰਘ/*ਜਰਨੈਲ ਅੱਚਰਵਾਲ*	30/-
ਇਨਕਲਾਬੀ ਯੋਧਾ ਮੈਡਮ ਕਾਮਾ/*ਸੂਫ਼ੀ ਅਮਰਜੀਤ*	40/-
ਜੀਵਨ ਸੰਘਰਸ਼/*ਦਰਸ਼ਨ ਖਟਕੜ*	200/-
ਉਕਾਬਣ ਕੂੰਜਾਂ (ਸੰਸਾਰ ਪ੍ਰਸਿੱਧ ਔਰਤਾਂ ਦੀਆਂ ਜੀਵਨੀਆਂ)	100/-

■ ਹੋਰ ਇਨਕਲਾਬੀ ਪੁਸਤਕਾਂ

ਚੀਨੀ ਸਾਹਿਤ ਦੀ ਅਲੋਚਨਾ ਦੇ ਸਿਧਾਂਤ/ਅਮਰਜੀਤ ਸੂਫ਼ੀ	50/-
ਤਾਮਿਲ ਗੁਰਿਲਿਆਂ ਦੇ ਦੇਸ਼ 'ਚ/*ਹਰਜਿੰਦਰ*	40/-
ਸੰਗਰਾਮੀ ਪਿੰਡ/*ਜਰਨੈਲ ਸਿੰਘ ਅੱਚਰਵਾਲ*	60/-
ਕਿਊਬਾ ਸਫ਼ਰਨਾਮਾ/*ਪ੍ਰੋ. ਗੁਰਮੀਤ ਟਿਵਾਣਾ*	150/-
ਸਿੱਖ ਵੀਰਾਂ ਦੇ ਨਾਮ ਖੁੱਲ੍ਹੇ ਖ਼ਤ/*ਮੱਖਣ ਸਿੰਘ ਜੌਹਲ*	30/-
ਸਾਮਰਾਜੀ ਤਾਕਤਾਂ ਇਰਾਕ ਜੰਗ/*ਬਲਜਿੰਦਰ ਕੋਟਭਾਰਾ*	20/-
ਸਮਕਾਲ ਦੇ ਸਨਮੁੱਖ/*ਬਲਵਿੰਦਰ*	70/-
ਜਿੱਤਾਂਗੇ ਹਨੇਰੇ ਨੂੰ/*ਮਣੀਮਾਲਾ*	50/-
ਜੋਗਿੰਦਰ ਬਾਹਰਲਾ/*ਇੰਦਰਜੀਤ ਨੰਦਨ*	40/-
ਪੰਜਾਬ 'ਚ ਕੌਮੀਅਤ ਤੇ ਜ਼ਰੱਈ ਸਵਾਲ/*ਕਰਮ ਬਰਸਟ*	50/-
ਗਾਥਾ ਕਿਸ਼ਨਗੜ੍ਹ/*ਦੇਸ ਰਾਜ ਛਾਜਲੀ*	30/-
ਪੱਤਣੋਂ ਲੰਘੇ ਪਾਣੀ/ਰਣਧੀਰ ਗਿੱਲ ਪੱਤੀ	40/-



■ **ਹਿਪਨੋਟੀਜ਼**

ਹਿਪਨੋਟਿਜ਼ਮ ਕੀ, ਕਿਉਂ ਤੇ ਕਿਵੇਂ???/*ਸਰਜੀਤ ਤਲਵਾਰ*	10/-
ਹਿਪਨੋਟਿਜ਼ਮ ਤੁਹਾਡੇ ਲਈ/*ਟੀ. ਐਸ. ਰਾਓ*	25/-
ਹਿਪਨੋਟਿਜ਼ਮ ਕਿਵੇਂ ਸਿੱਖੀਏ ?/*ਸਰਜੀਤ ਤਲਵਾਰ*	20/-

■ **ਜਾਦੂ ਦੀਆਂ ਕਿਤਾਬਾਂ**

ਜੀਵਨ ਦੀਆਂ ਗਣਿਤਕ ਉਲਝਣਾਂ/ਹੇਮ ਰਾਜ ਗਰਗ	50/-
ਤਰਕਸ਼ੀਲ ਦਿਮਾਗੀ ਕਸਰਤਾਂ /*ਮੇਘ ਰਾਜ ਮਿੱਤਰ*	30/-
ਦਿਮਾਗੀ ਵਿਕਾਸ ਕਿਵੇਂ ਕਰੀਏ?/*ਮੇਘ ਰਾਜ ਮਿੱਤਰ*	20/-
ਅੰਕਾਂ ਦਾ ਜਾਦੂ/*ਸਰਜੀਤ ਤਲਵਾਰ*	40/-
ਵਿਗਿਆਨਕ ਜਾਦੂਗਰ/*ਸਰਜੀਤ ਤਲਵਾਰ*	30/-
ਤਰਕਸ਼ੀਲ ਜਾਦੂਗਰ/*ਸਰਜੀਤ ਤਲਵਾਰ*	30/-
ਸਟੇਜ ਦੇ ਜਾਦੂ/*ਨਰਿੰਦਰ*	30/-
ਨੰਨ੍ਹਾ ਜਾਦੂਗਰ/*ਨਰਿੰਦਰ*	20/-
ਚਮਤਕਾਰਾਂ ਪਿੱਛੇ ਵਿਗਿਆਨ/*ਬੀ. ਪ੍ਰੇਮਾਨੰਦ*	40/-
ਰਸਾਇਣਕ ਜਾਦੂਗਰ/*ਸਰਜੀਤ ਤਲਵਾਰ*	20/-
ਰਸੋਈ ਵਿੱਚ ਵਿਗਿਆਨ/*ਸਰਜੀਤ ਤਲਵਾਰ*	30/-

■ **ਗਿਆਨ ਵਿਗਿਆਨ ਦੀਆਂ ਪੁਸਤਕਾਂ**

ਮਾਦੇ ਤੋਂ ਮਨੁੱਖ ਤੱਕ/*ਮੇਘ ਰਾਜ ਮਿੱਤਰ*	10/-
ਕਣ-ਕਣ ਵਿੱਚ ਵਿਗਿਆਨ/*ਮੇਘ ਰਾਜ ਮਿੱਤਰ*	15/-
ਸਮੇਂ ਦਾ ਇਤਿਹਾਸ/*ਮੇਘ ਰਾਜ ਮਿੱਤਰ*	30/-
ਪ੍ਰਸਿੱਧ ਵਿਗਿਆਨਕ ਖੋਜਾਂ/*ਡਾ. ਜਤਿੰਦਰਪਾਲ ਸਿੰਘ*	50/-
ਵਿਗਿਆਨ ਦੇ ਚਮਤਕਾਰ/*ਡਾ. ਜਤਿੰਦਰਪਾਲ ਸਿੰਘ*	50/-
ਸਾਡਾ ਦੋਸਤ ਵਿਗਿਆਨ/*ਡਾ. ਜਤਿੰਦਰਪਾਲ ਸਿੰਘ*	50/-
ਮਹਾਨ ਵਿਗਿਆਨੀ/ਡਾ. ਜਤਿੰਦਰਪਾਲ	70/-
ਵਿਗਿਆਨ ਦੀ ਅਦਭੁੱਤ ਦੁਨੀਆ/ਡਾ. ਜਤਿੰਦਰਪਾਲ	80/-
ਵਾਤਾਵਰਣ ਦਾ ਪ੍ਰਦੂਸ਼ਣ/ਡਾ. ਜਤਿੰਦਰਪਾਲ	80/-
ਫੈਲ ਰਹੀ ਮਹਾਂਮਾਰੀ ਏਡਜ਼/*ਡਾ. ਜਤਿੰਦਰਪਾਲ*	40/-
ਮਨੋਰੰਜਨ ਰਾਹੀਂ ਵਿਗਿਆਨ/*ਸਰਜੀਤ ਤਲਵਾਰ*	30/-
ਵਿਗਿਆਨ ਹੀ ਵਿਗਿਆਨ/*ਸਰਜੀਤ ਤਲਵਾਰ*	20/-
ਗ੍ਰਹਿਣਾਂ ਦੀ ਕਹਾਣੀ/*ਸਰਜੀਤ ਤਲਵਾਰ*	20/-
ਜੱਗ ਰਚਨਾ ਦਾ ਸੱਚ/*ਅਮਰਜੀਤ ਢਿੱਲੋਂ*	20/-
ਵਿਗਿਆਨ ਦਾ ਸਮਾਜ 'ਤੇ ਪ੍ਰਭਾਵ/*ਬਰਟਰੈਂਡ ਰਸਲ*	40/-
ਖੇਡ ਖੇਡ 'ਚ ਵਿਗਿਆਨ/*ਬਰਜਿੰਦਰਪਾਲ ਸਿੰਘ*	20/-
ਆਓ ਵਿਗਿਆਨ ਪ੍ਰਯੋਗ ਕਰਕੇ ਸਿੱਖੀਏ/*ਬਲਜਿੰਦਰਪਾਲ*	30/-
ਬੋਦੀ ਵਾਲੇ ਤਾਰੇ/*ਸਰਜੀਤ ਤਲਵਾਰ*	30/-
ਮੁਨੱਖ ਮਹਾਂਬਲੀ ਕਿਵੇਂ ਬਣਿਆ/ਐਮ. ਇਲੀਨ	100/-
ਮਨੁੱਖ ਦੀ ਉਤਪਤੀ/*ਚਾਰਲਸ ਡਾਰਵਨ*	100/-
ਜੀਵ ਦੀ ਉਤਪਤੀ/*ਚਾਰਲਸ ਡਾਰਵਨ*	150/-
ਜੀਵ ਜੰਤੂਆਂ ਦੀ ਅਦਭੁੱਤ ਦੁਨੀਆਂ/ਰਣਜੀਤ ਝਨੇਰ	80/-
ਸਾਇੰਸ ਸਿਟੀ/ਮੇਘ ਰਾਜ ਮਿੱਤਰ	50/-

■ **ਤਰਕਸ਼ੀਲ ਸਾਹਿਤ**

....ਤੇ ਦੇਵ ਪੁਰਸ਼ ਹਾਰ ਗਏ/*ਅਬਰਾਹਮ ਟੀ. ਕਾਵੂਰ*	30/-
ਦੇਵ, ਦੈਂਤ ਤੇ ਰੂਹਾਂ/*ਅਬਰਾਹਮ ਟੀ. ਕਾਵੂਰ*	30/-
ਰੌਸ਼ਨੀ/*ਮੇਘ ਰਾਜ ਮਿੱਤਰ*	20/-
ਤਰਕਬਾਣੀ/*ਮੇਘ ਰਾਜ ਮਿੱਤਰ*	20/-
ਤਰਕਜੋਤੀ/*ਮੇਘ ਰਾਜ ਮਿੱਤਰ*	20/-
ਭੂਤਾਂ-ਪ੍ਰੇਤਾਂ ਨਾਲ ਯੁੱਧ ਕਿਵੇਂ?/*ਮੇਘ ਰਾਜ ਮਿੱਤਰ*	30/-
ਜੋਤਿਸ਼ ਝੂਠ ਬੋਲਦਾ ਹੈ/*ਮਨਜੀਤ ਬੋਪਾਰਾਏ*	20/-
ਬਾਬਾ ਰਾਮਦੇਵ ਤਰਕ ਦੀ ਕਸੌਟੀ 'ਤੇ/*ਮੇਘ ਰਾਜ ਮਿੱਤਰ*	40/-
ਰੱਬ ਕਦੋਂ, ਕਿੱਥੇ ਤੇ ਕਿਵੇਂ?/*ਰਾਜਾ ਰਾਮ*	30/-
ਕਿਹੜਾ ਗੁਰੂ, ਕਿਹੜੀ ਮੁਕਤੀ?/*ਰਾਜਾ ਰਾਮ*	40/-
ਔਰਤਾਂ ਅਤੇ ਮਾਨਸਿਕ ਰੋਗ/*ਸਰਜੀਤ ਤਲਵਾਰ*	30/-
ਨੌਜਵਾਨਾਂ ਦੇ ਮਾਨਸਿਕ ਰੋਗ/*ਸਰਜੀਤ ਤਲਵਾਰ*	20/-
ਤਰਕਸ਼ੀਲ ਬੋਲੀਆ/*ਰਾਮ ਸਰੂਪ ਸ਼ਰਮਾ*	25/-
ਵਾਸਤੂ ਸ਼ਾਸਤਰ ਕੋਰਾ ਝੂਠ/*ਬਹਾਦਰ ਸਿੰਘ ਧੌਲਾ*	40/-
ਮਾਨਸਿਕ ਰੋਗ ਤੇ ਸਾਡਾ ਸਮਾਜ/*ਡਾ. ਦੀਪਤੀ*	20/-
ਚਮਤਕਾਰਾਂ ਦੀ ਦੁਨੀਆਂ/*ਅਜਮੇਰ ਸਿੱਧੂ*	50/-
ਰਜ਼ਨੀਸ਼ ਬੇਨਕਾਬ/*ਡਾ. ਕਰਮਜੀਤ ਸਿੰਘ*	30/-
ਵਿਗਿਆਨ ਤੇ ਪਰਾਵਿਗਿਆਨ/*ਮੇਘ ਰਾਜ ਮਿੱਤਰ*	40/-
ਧਰਮ ਕੀ ਹੈ?/*ਗਰੀਨ ਇੰਗਰਸੋਲ*	10/-
ਕਸਰਾਂ ਕਿਉਂ ਹੁੰਦੀਆਂ ਨੇ/*ਸਰਜੀਤ ਤਲਵਾਰ*	40/-
ਝਮੇਲਾ ਰੱਬ ਦਾ/ਡਾ. ਹਰੀਸ਼ ਮਲਹੋਤਰਾ	50/-
ਪ੍ਰੇਤ, ਆਤਮਾ, ਪੁਨਰ ਜਨਮ ਤੇ ਕਸਰਾਂ/*ਡਾ. ਕੋਵੂਰ*	50/-
ਕਰਾਮਾਤਾਂ ਦਾ ਪ੍ਰਦਾਫਾਸ਼/*ਡਾ.ਅਬਰਾਹਮ ਟੀ ਕੋਵੂਰ*	50/-
ਪੈੜ ਜੋ ਕਾਫ਼ਲਾ ਬਣੀ (ਸਵੈ ਜੀਵਨੀ)/*ਮੇਘ ਰਾਜ ਮਿੱਤਰ*	50/-
ਮਾਓ ਦੇ ਦੇਸ਼ 'ਚ/*ਮੇਘ ਰਾਜ ਮਿੱਤਰ*	20/-
ਗਿਆਨ ਸਾਗਰ ਦੀ ਯਾਤਰਾ/*ਸੰਪਾ. ਮੇਘ ਰਾਜ ਮਿੱਤਰ*	20/-
ਸ਼ੰਕਾ ਨਵਿਰਤੀ/*ਮੇਘ ਰਾਜ ਮਿੱਤਰ*	50/-
ਜੋਤਿਸ਼ ਤੇ ਵਿਗਿਆਨ/ਮੇਘ ਰਾਜ ਮਿੱਤਰ	50/-
ਰੱਬਾਂ ਬਿਨਾਂ ਮੁਕਤੀ/*ਸਰਜੀਤ ਤਲਵਾਰ*	20/-
ਮੈਂ ਰੱਬ ਨੂੰ ਕਿਉਂ ਨਹੀਂ ਮੰਨਦਾ/*ਸਰਜੀਤ ਤਲਵਾਰ*	40/-
ਤਰਕਸ਼ੀਲ ਹੇਕਾਂ/*ਮੱਖਣ ਸਿੰਘ ਜੌਹਲ*	60/-
ਤਰਕਸ਼ੀਲ ਸੁਨੇਹੇ/*ਮੱਖਣ ਸਿੰਘ ਜੌਹਲ*	60/-
ਫਿਰ ਸੁਲਗੇ ਨਾ ਚੰਗਿਆੜੀ/*ਮੱਖਣ ਸਿੰਘ ਜੌਹਲ*	40/-
ਤਰਕਸ਼ੀਲ ਦਰਸ਼ਨ/*ਮੱਖਣ ਸਿੰਘ ਜੌਹਲ*	30/-
ਤਰਕਸ਼ੀਲ ਕਾਵਿ ਵਿਅੰਗ/*ਮੱਖਣ ਸਿੰਘ ਜੌਹਲ*	30/-
ਚਮਤਕਾਰਾਂ ਦੇ ਰਹੱਸ/*ਜ਼ੋਮਜ਼ ਰਾਂਡੀ*	200/-
ਸਤਯੁੱਗ ਤੋਂ ਕਲਯੁੱਗ ਤੱਕ/*ਖੁਸ਼ਵੰਤ ਬਰਗਾੜੀ*	30/-
ਤਰਕਸ਼ੀਲ ਵਾਰਤਾ/*ਮੱਖਣ ਸਿੰਘ ਜੌਹਲ*	40/-
ਜੋਤਿਸ਼ ਅਤੇ ਤਾਂਤ੍ਰਿਕ/*ਡਾ. ਆਰ. ਜੇ ਸਿੰਘ*	30/-
ਤਰਕਸ਼ੀਲ ਕਾਵਿ ਵਿਅੰਗ/*ਅਮਰਜੀਤ ਢਿੱਲੋਂ*	30/-
ਗੇੜ ਚੁਰਾਸੀ ਦਾ/*ਗੁਰਚਰਨ ਨੂਰਪੁਰ*	30/-
ਕੀ ਝੂਠ ਕੀ ਸੱਚ/*ਗੁਰਚਰਨ ਨੂਰਪੁਰ*	40/-
ਕ੍ਰਿਸ਼ਨ ਬਰਗਾੜੀ/*ਖੁਸ਼ਵੰਤ ਬਰਗਾੜੀ*	50/-
ਦਰਸ਼ਨ ਪਰੰਪਰਾ/*ਗਿਆਨ ਸਿੰਘ ਬੱਲ*	50/-
ਇੰਗਰਸੋਲ ਦੇ ਅਨਮੋਲ ਬਚਨ/*ਸੰਪਾ. ਅਮਿੱਤ ਮਿੱਤਰ*	40/-
ਆਤਮਾ ਮੁੜਜਨਮ ਤੇ ਅਦਾਲਤ/*ਸੀਮਾ ਸਬਲੋਕ*	40/-
ਪਿੰਡ ਦੀ ਸੱਥ/*ਰਣਜੀਤ ਝਨੇਰ*	30/-
ਤਰਕਵਾਰਤਾ/*ਰਣਜੀਤ ਝਨੇਰ*	50/-
ਧੁਖਦੀ ਵਰਣਮਾਲਾ ਦਾ ਸੰਵਾਦ ਮਨੁੱਖ/*ਮੀਤ ਖੱਟੜਾ*	20/-
ਓਪਰੀ ਕਸਰ/*ਸਰਬਜੀਤ ਉੱਖਲਾ*	40/-
ਬਾਬਿਆਂ ਦਾ ਬਾਬਾ/*ਰਣਜੀਤ ਸਿੰਘ ਪ੍ਰੀਤ*	30/-
ਨਾਸਟ੍ਰੇਡਰਮਸ ਬੇਨਕਾਬ/*ਜੇਮਜ਼ ਰੇਡੀ*	150/-
ਧਰਮ ਦੇ ਅੰਗ ਸੰਗ/*ਰਣਜੀਤ ਝਨੇਰ*	50/-
ਅੰਧਵਿਸ਼ਵਾਸ ਮੁਰਦਾਬਾਦ/*ਸਰਜੀਤ ਤਲਵਾਰ*	40/-

■ **ਵਿਦੇਸ਼ੀ ਵਿਦਵਾਨਾਂ ਦੀਆਂ ਅਨੁਵਾਦਤ ਪੁਸਤਕਾਂ**

ਮਨੋਵਿਸ਼ਲੇਸ਼ਣ/*ਸਿਗਮੰਡ ਫਰਾਇਡ*	50/-
ਪ੍ਰਮਾਤਮਾ ਦੀ ਉਤਪਤੀ, ਇਸ ਭਰਮ ਦਾ ਭਵਿੱਖ/*ਫਰਾਇਡ*	50/-
ਪੈਗੰਬਰ ਮੂਸਾ ਤੇ ਇੱਕ ਈਸ਼ਵਰਵਾਦ/*ਸਿਗਮੰਡ ਫਰਾਇਡ*	40/-
ਸਭਿਅਤਾ ਵਰ ਕਿ ਸਰਾਪ/*ਸਿਗਮੰਡ ਫਰਾਇਡ*	50/-
ਰਚਨਾਤਮਕ ਸਾਹਿਤ ਤੇ ਮਨੋਵਿਸ਼ਲੇਸ਼ਣ/*ਫਰਾਇਡ*	50/-
ਪੁਰਾਤਨ ਸਮਾਜ/*ਐਲ. ਐਚ. ਮੌਰਗਨ*	150/-



ਟੈਕਨੀਕਲ

ਜ਼ਮੀਨ ਦੀ ਪੈਮਾਇਸ਼ ਅਤੇ ਫੁੱਟਕਲ ਜਾਣਕਰੀ	150/-
ਪੰਜਾਬ ਵਸੀਕਾ ਨਵੀਸੀ/ਆਰ. ਕੇ ਭਰਦਵਾਜ਼	250/-
ਕਚਹਿਰੀ ਸ਼ਬਦ ਕੋਸ਼/ਆਰ. ਕੇ ਭਰਦਵਾਜ਼	150/-
ਜਨਰਲ ਨਾਲਿਜ/*ਹਰਬੰਸ ਸਿੰਘ ਵਾਰਵਲ*	50/-
ਕੰਪਿਊਟਰ ਬਾਰੇ ਮੁੱਢਲੀ ਜਾਣਕਾਰੀ/*ਸੀ.ਪੀ.ਕੰਬੋਜ*	60/-
ਆਓ ਕੰਪਿਓਟਰ ਸਿੱਖੀਏ/*ਕ੍ਰਿਪਾਲ ਸਿੰਘ ਪੰਨੂ*	50/-
ਸੂਚਨਾ ਦਾ ਅਧਿਕਾਰ ਕਾਨੂੰਨ-2005	30/-
ਭਵਨ ਨਿਰਮਾਣ ਕਿਵੇਂ ਕਰੀਏ?/*ਇੰਜ.ਰਾਜ ਕੁਮਾਰ*	50/-
ਮਸਤਾਨਾ ਮੋਟਰ ਮਿਸਤਰੀ/*ਪ੍ਰੇਮ ਸਿੰਘ ਮਸਤਾਨਾ*	40/-
ਪੰਜਾਬੀ ਭਾਸ਼ਾ ਦਾ ਅਧਿਆਪਨ/*ਪ੍ਰੋ. ਇਕਬਾਲ ਸਿੰਘ*	70/-
ਇੰਜੀਨੀਅਰਿੰਗ ਕੋਰਸਾਂ ਵਿੱਚ ਦਾਖਲਾ ਕਿਵੇਂ	80/-
ਟੈਲੀਵਿਜ਼ਨ/*ਸੀ.ਪੀ. ਕੰਬੋਜ*	20/-
ਮੋਬਾਇਲ ਫੋਨ/*ਸੀ.ਪੀ. ਕੰਬੋਜ*	20/-
ਕੰਪਿਊਟਰ/*ਸੀ.ਪੀ. ਕੰਬੋਜ*	20/-
ਰੋਬੋਟ/*ਸੀ.ਪੀ. ਕੰਬੋਜ*	20/-
ਸੰਚਾਰ ਦੇ ਸਾਧਨ/*ਸੀ.ਪੀ. ਕੰਬੋਜ*	20/-
ਦੁਨੀਆਂ ਦੀਆਂ ਭਾਸ਼ਾਵਾਂ/*ਕੁੰਦਨ ਲਾਲ ਭੱਟੀ*	70/-

ਸਿਹਤ ਸਬੰਧੀ ਸਾਹਿਤ

ਦਿਲ ਦੀ ਵਿਗੜ ਰਹੀ ਸਿਹਤ/*ਡਾ. ਸ਼ਿਆਮ ਸੁੰਦਰ ਦੀਪਤੀ*	60/-
ਸਿਹਤ ਅਤੇ ਵਹਿਮ ਭਰਮ/*ਡਾ. ਸ਼ਿਆਮ ਸੁੰਦਰ ਦੀਪਤੀ*	80/-
ਮਾਨਸਿਕ ਰੋਗ-ਕਾਰਣ,ਲੱਛਣ ਤੇ ਇਲਾਜ/ਡਾ. ਸੰਦੀਪ	50/-
ਸਾਡੇ ਬੱਚੇ ਸਾਡੇ ਚਿਾਰਗ/*ਡਾ. ਹਰਸ਼ਿੰਦਰ ਕੌਰ*	60/-
ਬੱਚਿਆਂ ਦੀਆਂ ਮਨੋਵਿਗਿਆਨਕ ਸਮੱਸਿਆਵਾਂ	100/-
ਬੱਚਿਆਂ ਬਾਰੇ ਗਿਆਨ, ਵਿਗਿ. ਤੇ ਮਨੋਵਿਗਿਆਨ	100/-
ਬਾਲ ਮਨਾਂ ਵਿੱਚ	120/-
ਸਿਹਤ ਸੰਭਾਲ/*ਡਾ. ਅਜੀਤਪਾਲ ਸਿੰਘ*	50/-
ਤੰਦਰੁਸਤ ਕਿਵੇਂ ਰਹੀਏ/*ਡਾ. ਅਜੀਤਪਾਲ ਸਿੰਘ*	40/-
ਡਾਕਟਰ ਦੀ ਸਲਾਹ/*ਡਾ. ਅਜੀਤਪਾਲ ਸਿੰਘ*	40/-
ਸਿਹਤ ਫੁਲਵਾੜੀ/*ਡਾ. ਅਜੀਤਪਾਲ ਸਿੰਘ*	50/-
ਤੰਦਰੁਸਤੀ ਇਕ ਨਿਆਮਤ ਹੈ/ਡਾ. ਅਜੀਤਪਾਲ	100/-
ਸ਼ੂਗਰ ਰੋਗ/*ਡਾ. ਸ਼ਿਆਮ ਸੁੰਦਰ ਦੀਪਤੀ*	10/-
ਬੲਲੱਡ ਪ੍ਰੈਸ਼ਰ/*ਡਾ. ਸ਼ਿਆਮ ਸੁੰਦਰ ਦੀਪਤੀ*	15/-
ਕੈਂਸਰ/*ਡਾ. ਸ਼ਿਆਮ ਸੁੰਦਰ ਦੀਪਤੀ*	10/-
ਏਡਜ਼/*ਡਾ. ਸ਼ਿਆਮ ਸੁੰਦਰ ਦੀਪਤੀ*	10/-
ਪਿਤਾ-ਪੁਤਰੀ ਸੰਵਾਦ: ਸਿਹਤ ਦੇ ਪਹਿਲੂ	20/-
ਉਦਾਸੀ ਰੋਗ/*ਡਾ. ਪਰਮਜੀਤ ਸਿੰਘ*	10/-
ਮਿਰਗੀ ਰੋਗ/*ਡਾ. ਪਰਮਜੀਤ ਸਿੰਘ*	10/-
ਅੱਖਾਂ ਦੀ ਸੰਭਾਲ/*ਡਾ. ਬਲਜੀਤ ਸਿੰਘ ਢਿੱਲੋਂ*	10/-
ਸੁਖਾਵੇਂ ਪਿਆਰ ਸਬੰਧ/*ਡਾ. ਰਣਜੀਤ ਸਿੰਘ*	30/-
ਆਉ ਸੇਹਤ ਪ੍ਰਤੀ ਜਾਣੀਏ/*ਡਾ. ਮੋਹਣ*	30/-
ਨਸ਼ੇ ਕਿਵੇਂ ਛੱਡੀਏ/*ਰਣਜੀਤ ਝਨੇਰ*	70/-
ਬਾਲ ਮਨੋਵਿਗਿਆਨ/*ਬਲਵਿੰਦਰ ਬਰਨਾਲਾ*	30/-

■ ਬੱਚਿਆਂ ਲਈ ਪੁਸਤਕਾਂ

ਬਾਲ ਖੇਡ ਵੰਨਗੀ/*ਕੁੰਦਨ ਲਾਲ ਭੱਟੀ*	70/-
ਸੰਗੀ ਸਾਥੀ/*ਸੁਲੱਖਣ ਮੀਤ (ਪ੍ਰੋ:)*	50/-
ਮੇਰੀ ਪੁਸਤਕ ਤੇਰੀ ਪੁਸਤਕ/*ਸੁਲੱਖਣ ਮੀਤ (ਪ੍ਰੋ:)*	50/-
ਫੁੱਲਾਂ ਵਰਗੇ ਬੱਚੇ/ਅਮਰੀਕ ਸਿੰਘ ਤਲਵੰਡੀ	50/-
ਛਹਿਬਰ/ਨਵਰਾਹੀ ਘੁਗਿਆਣਵੀ	50/-
ਆਓ ਕਰੀਏ ਪੜ੍ਹਾਈ/ਕੰਚਨ	50/-
ਅਮਰ ਕਹਾਣੀਆਂ (ਸੌ ਦੰਦ ਕਥਾਵਾਂ)/*ਡਾ. ਅਮਰ ਕੋਮਲ*	50/-
ਗੁਲੀਵਰ ਦੀਆਂ ਯਾਤਰਾਵਾਂ/*ਜੋਨਾਥਨ ਸਵਿਫਟ*	15/-
ਬਾਲ਼ ਚਿਰਾਗ/*ਬਲਜਿੰਦਰ ਮਾਨ*	25/-
ਸੁਨਿਹਰੀ ਭਵਿੱਖ/*ਬਲਜਿੰਦਰ ਮਾਨ*	25/-
ਸੀਰਤ ਨਾਮਾ/*ਨਵਰਾਹੀ ਘੁਗਿਆਣਵੀ*	25/-
ਗਨੇਰੀਆਂ/*ਨਵਰਾਹੀ ਘੁਗਿਆਣਵੀ*	40/-
ਆ ਜਾ ਮੋਰਾ/*ਸੁਲੱਖਣ ਮੀਤ (ਪ੍ਰੋ:)*	20/-
ਲੋੜ ਕਾਢ ਦੀ ਮਾਂ/*ਸੁਲੱਖਣ ਮੀਤ (ਪ੍ਰੋ:)*	20/-
ਖੰਡ ਖਿਡਾਉਣੇ/*ਸੁਲੱਖਣ ਮੀਤ (ਪ੍ਰੋ:)*	20/-
ਮੋਟੇ ਆਂਟੀ/*ਸੁਲੱਖਣ ਮੀਤ (ਪ੍ਰੋ:)*	30/-
ਜਲਵਾ ਰੁੱਤਾਂ ਦਾ/*ਸੁਲੱਖਣ ਮੀਤ*	20/-
ਮੇਰਾ ਇਹ ਸਕੂਲ/*ਤਰਸੇਮ ਮਹਿਤੋ*	30/-
ਜੈਜ਼ੀਨਾਮਾ/*ਹਰਨੇਕ ਸਿੰਘ ਰਾਣਾ*	30/-
ਮੇਰਾ ਬਸਤਾ/*ਅਮਰੀਕ ਸਿੰਘ ਤਲਵੰਡੀ*	30/-
ਕਾਵਿ ਪਹਾੜੇ/*ਅਮਰੀਕ ਤਲਵੰਡੀ*	20/-
ਘਰ ਦੀ ਰੌਣਕ/*ਅਮਰੀਕ ਤਲਵੰਡੀ*	30/-
ਸਾਡੇ ਗੁਰੂ/*ਅਮਰੀਕ ਸਿੰਘ ਤਲਵੰਡੀ*	30/-
ਸਾਡੇ ਦੇਸ਼ਭਗਤ/*ਅਮਰੀਕ ਸਿੰਘ ਤਲਵੰਡੀ*	30/-
ਨਮੋਲੀਆਂ/*ਨਵਰਾਹੀ ਘੁਗਿਆਣਵੀ*	30/-
ਬੱਚੇ ਮਨ ਦੇ ਸੱਚੇ/*ਅਜਮੇਰ ਸਿੰਘ ਮੋਹੀ*	50/-
ਹੀਰੇ ਪੁੱਤਰ ਮਾਵਾਂ ਦੇ/*ਅਮਰੀਕ ਤਲਵੰਡੀ*	30/-
ਸਾਡਾ ਸਕੂਲ/*ਅਮਰੀਕ ਤਲਵੰਡੀ*	50/-
ਮਾਸੂਮ/*ਨਵਰਾਹੀ ਘੁਗਿਆਣਵੀ*	40/-
ਕਵਿਤਾ ਰਾਹੀਂ ਵਿਗਿਆਨ/*ਪ੍ਰੋ. ਬਲਵਿੰਦਰ ਚਾਹਲ*	50/-
ਸਾਡੇ ਅਧਿਆਪਕ/*ਅਮਰੀਕ ਸਿੰਘ ਤਲਵੰਡੀ*	30/-
ਚੰਗੇ ਬੱਚੇ /*ਗੁਰਮੇਲ ਚਹਿਲ*	50/-
ਗਿਆਨ ਸਾਗਰ ਰਮਾਇਣ / *ਬਲਜਿੰਦਰ ਮਾਨ*	60/-
ਗੁਰੂ ਸਹਿਬਾਨ ਤੇ ਕਥਾ ਕਹਾਣੀਆਂ /*ਬਲਜਿੰਦਰ ਮਾਨ*	80/-

■ ਡਾ. ਅਜੀਤਪਾਲ ਐਮ. ਡੀ. ਦੁਆਰਾ ਲਿਖ਼ੀਆਂ ਪੁਸਤਕਾਂ

ਅਜੋਕਾ ਸਭਿਆਚਾਰ ਬੇਨਕਾਬ	50/-
ਸਾਮਰਾਜੀ ਝੱਖੜ	80/-
ਸਾਮਰਾਜ ਦੇ ਮਾਰੂ ਪ੍ਰਭਾਵ	70/-
ਸਾਮਰਾਜੀ ਜੋਕਾਂ	100/-
ਵਿਸ਼ਵਵਿਆਪੀ ਆਰਥਿਕ ਮੰਦੀ	100/-
ਕਿਵ ਕੂੜੈ ਤੁਟੈ ਪਾਲਿ	80/-
ਜੰਜ਼ੀਰਾਂ ਬਨਾਮ ਮੇਹਨਕਸ਼	80/-
ਵਪਾਰੀਕਰਨ ਦੇ ਦੁਰਪ੍ਰਭਾਵ	100/-
ਮੌਜੂਦਾ ਵਿਕਾਸ ਬਨਾਮ ਮੇਹਨਤਕਸ਼	100/-
ਪੂੰਜੀਵਾਦ ਦਾ ਵਿਨਾਸ਼ ਜਰੂਰੀ	100/-
ਕਟਿਹਰੇ 'ਚ ਰਾਜਨੀਤੀ	100/-
ਦਾਗੀ ਰਾਜਨੀਤੀ ਦੇ ਨਾਇਕ	100/-
ਆਲਮੀ ਤਪਸ਼ ਤੇ ਮਹਿੰਗਾਈ	100/-
ਸ਼ੀਸ਼ਾ ਬੋਲਦਾ ਹੈ	100/-
ਸ਼ਬਦ ਬੂੰਦ	100/-
ਨੰਗੇ ਹਰਫ਼	100/-

■ ਪ੍ਰੋ. ਕਿਸ਼ਨ ਸਿੰਘ ਦੁਆਰਾ ਲਿਖ਼ੀਆਂ ਪੁਸਤਕਾਂ

ਆਜ਼ਾਦ ਔਰਤ	100/-
ਆਦਮ ਜਾਤ ਦਾ ਮਸਲਾ ਤੇ ਸਾਹਿਤ	70/-
ਇਨਕਲਾਬੀ ਵਿਰਸਾ	70/-
ਵਾਰ ਮਲ੍ਹਾਰ ਦੀ ਮਹਲਾ੧ ਅਤੇ ਆਸਾ ਦੀ ਵਾਰ	100/-
ਵਾਰ ਮਾਝ ਅਤੇ ਸਿਧ ਗੋਸਟਿ	100/-

ਵਿਸ਼ਵਭਾਰਤੀ ਪ੍ਰਕਾਸ਼ਨ ਦੁਆਰਾ ਪ੍ਰਕਾਸ਼ਿਤ ਪੁਸਤਕਾਂ





■ ਓਮ ਪ੍ਰਕਾਸ਼ ਗਾਸੋ ਦੁਆਰਾਂ ਲਿਖੀਆਂ ਪੁਸਤਕਾਂ

ਇਤਿਹਾਸ ਦੀ ਅਵਾਜ਼ (ਨਾਵਲ)	30/–
ਤਾਂਬੇ ਦਾ ਰੰਗ	20/–
ਮੌਤ ਦਰ ਮੌਤ	30/–
ਬੰਦ ਗਲੀ ਦੇ ਬਸ਼ਿੰਦੇ	30/–
ਰੱਤਾ ਥੇਹ	30/–
ਘਰਕੀਣ	30/–
ਮਿੱਟੀ ਦਾ ਮੁੱਲ	30/–
ਅਰਥਾਤ	30/–
ਇਤਫ਼ਾਕ	30/–
ਜੁਆਬ ਦੇਹ ਕੌਣ	30/–
ਤੁਰਦਿਆਂ ਤੁਰਦਿਆਂ	30/–
ਮਲਵਈ ਸੱਭਿਆਚਾਰ	30/–
ਪੰਜਾਬੀ ਦਿੱਖ ਤੇ ਦਰਸ਼ਨ	40/–
ਫਲੋਰੰਜਨੀ ਦੇ ਫੁੱਲ	25/–
ਜ਼ਿੰਦਗੀ ਦੀ ਸੌਗਾਤ	50/–
ਸਿੱਖਿਆ ਤੇ ਸਬਕ	30/–

■ ਨਾਵਲ

ਬੇ ਵਜ੍ਹਾ/*ਸਿਕੰਦਰ ਝਨੇਰ*	100/–
ਰਿਸ਼ਤਿਆਂ ਦੇ ਰੰਗ/*ਇੰਦਰ ਸਿੰਘ ਖ਼ਾਮੋਸ਼*	15/–
ਕਰਜ਼ਈ ਸੁਪਨੇ/*ਇੰਦਰ ਸਿੰਘ ਖ਼ਾਮੋਸ਼*	20/–
ਕੋਲਿਆਂ ਦੇ ਦਲਾਲ/*ਕੌਰ ਚੰਦ ਰਾਹੀ*	20/–
ਵਾ ਵਰੋਲੇ/*ਬੀਰ ਇੰਦਰ ਸਿੰਘ ਢਿੱਲੋਂ*	50/–
ਵਿੰਗ ਤੜਿੰਗੇ ਰਾਹ/*ਪ੍ਰੋ. ਹਰਭਜਨ ਸਿੰਘ*	40/–
ਕਾਤਿਲ ਕੌਣ (ਜਸੂਸੀ ਨਾਵਲ)/*ਰਮਨਪਾਲ ਰਿਸ਼ੀ*	20/–
ਇੱਕ ਸੀ ਸਰੀਫ਼ਾਂ/*ਸਰਦੂਲ ਸਿੰਘ ਦਰਦ*	20/–
...ਤੇ ਲਹੂ ਵਹਿੰਦਾ ਰਿਹਾ/*ਡਾ. ਬਿੱਲੂ ਰਾਏਸਰ*	30/–
ਮਰਜੀਵੜਾ/*ਕਰਤਾਰ ਸਿੰਘ ਮਾਨ*	150/–
ਗਲੀ ਨੰ: 4/*ਬਿਕਰਮਜੀਤ ਨੂਰ*	50/–
ਰਾਹੂਕੇਤੂ/*ਬਾਬੂ ਸਿੰਘ ਬਰਾੜ*	40/–
ਪਾਪੀ/*ਬਿਕਰਮਜੀਤ ਨੂਰ*	20/–
ਸਰਕਲ/*ਗੁਰਪ੍ਰੀਤ ਸਿਹਜੀ*	30/–
ਯਾਦਾਂ ਦਾ ਪੁਤਲਾ/*ਧਰਮਿੰਦਰ ਬਾਵਾ*	50/–
ਬਲਦੇ ਸ਼ਿਵਿਆਂ ਦਾ ਸੇਕ/*ਪ੍ਰੋ. ਹਰਭਜਨ*	100/–
ਕੌਣ ਜਿੱਤਿਆ/*ਹਰਚੰਦ ਗਿੱਲ ਮਿਆਣੀ*	30/–
ਪਿੱਪਲ ਵਾਲਾ ਮੋੜ/*ਜੀਤ ਸਿੰਘ ਸੰਧੂ*	40/–
ਜੱਟ ਦੀ ਜੂਨ/*ਡਾ. ਰਾਜ ਕੁਮਾਰ ਗਰਗ*	100/–
ਰੂਪ ਦੇ ਰੰਗ/*ਬਾਬੂ ਸਿੰਘ ਬਰਾੜ*	40/–
ਦਿਨ ਚੜ੍ਹਨ ਤੱਕ/*ਜੀਤ ਸਿੰਘ ਸੰਧੂ*	40/–
ਚਿਹਰੇ/*ਮਹਿੰਦਰ ਪਾਲ ਸਿੰਘ ਧਾਲੀਵਾਲ*	100/–
ਬਾਪੂ ਦਾ ਵਿਆਹ/*ਸੁਰਜੀਤ ਸਿੰਘ ਸੁਹਿਰਦ*	50/–
ਵੈਰਨ ਵਲਾਇਤ/ਮੋਹਣ ਸਿੰਘ ਕੁੱਕੜਪਿਡੀਆ	50/–
ਅਰਥੀਅਨ/ਰਾਜ਼ਨ ਸਿੰਘ ਸਿੱਧੂ	100/–
ਸੂਲੀ ਤੇ ਟੰਗੀ ਰੂਹ/ਸੁਖਮੰਦਰ ਸਿੰਘ ਸਿਤਾਰਾ	40/–

■ ਹਾਸ ਵਿਅੰਗ

ਡੰਗ ਅਤੇ ਚੋਭਾਂ/*ਕੁਲਵੰਤ ਰਾਏ ਸ਼ਰਮਾ*	10/–
ਪਰਵਾਸੀ ਧੰਦੇ/*ਕੁਲਵੰਤ ਰਾਏ ਸ਼ਰਮਾ*	10/–
ਮੇਰੇ ਸ਼ਾਗਿਰਦ/*ਕੁਲਵੰਤ ਰਾਏ ਸ਼ਰਮਾ*	20/–
ਹੋਰ ਫਿਰ/*ਨਿਰੰਜਨ ਸ਼ਰਮਾ*	30/–
ਰੋਵਤੁ ਜਾਇ ਸੁ ਹਸੈ/*ਜਸਵੰਤ ਸਿੰਘ ਅਗਿਆਨੀ*	15/–
ਮਸਲਾ ਲਟਕ ਗਿਆ/*ਮੰਗਤ ਕੁਲਜਿੰਦ*	40/–
ਹੱਸੋ ਪੈਥੀ/*ਮੰਗਤ ਕੁਲਜਿੰਦ*	40/–

■ ਸਫ਼ਰਨਾਮੇ

ਸਮੁੰਦਰਾਂ ਦੇ ਓਹਲੇ/ਰਣਜੀਤ ਝਨੇਰ	100/–
ਮੇਰੀ ਡੈਨਮਾਰਕ ਫੇਰੀ/*ਕੇ. ਐਲ. ਗੋਇਲ*	20/–
ਮੇਰੀ ਧਰਤੀ ਮੇਰੇ ਲੋਕ(ਭਾਰਤ ਯਾਤਰਾ)/*ਰਾਮ ਮੂਰਤ*	30/–
ਪਰਿਕਰਮਾ (ਦੱਖਣੀ ਭਾਰਤ ਯਾਤਰਾ)/*ਰਾਮ ਮੂਰਤ ਸਿੰਘ*	15/–
ਗੌਤਮ ਦੀ ਗੋਦ (ਨਿਪਾਲ ਯਾਤਰਾ)/*ਰਾਮ ਮੂਰਤ ਸਿੰਘ*	15/–
ਪਤਾਲ (ਅਮਰੀਕਾ ਕਨੈਡਾ ਯਾਤਰਾ)/*ਰਾਮ ਮੂਰਤ ਸਿੰਘ*	30/–
ਦੀਰਾ ਟਾਵਰ (ਡੁਬਈ ਯਾਤਰਾ)/*ਰਾਮ ਮੂਰਤ ਸਿੰਘ*	30/–
ਪੂਰਬੀ ਬੂਹਾ (ਸਿੰਘਾਪੁਰ ਯਾਤਰਾ)/*ਰਾਮ ਮੂਰਤ ਸਿੰਘ*	30/–
ਪੱਥਰ ਬੋਲਦੇ ਹਨ/*ਰਾਮ ਮੂਰਤ ਸਿੰਘ*	40/–
ਬੇਗਾਨੀ ਧਰਤੀ ਆਪਣੇ ਲੋਕ/*ਮੇਘ ਰਾਜ ਮਿੱਤਰ*	40/–
ਵੱਖਰੀ ਧਰਤੀ ਵੱਖਰੇ ਲੋਕ/*ਹਰਭਜਨ ਹਲਵਾਰਵੀ*	30/–
ਮੇਰੀ ਅਮਰੀਕਾ ਫੇਰੀ/*ਨਿੰਦਰ ਘੁਗਿਆਣਵੀ*	40/–
ਅੱਖੀਂ ਦੇਖ ਨਾ ਰੱਜੀਆਂ/*ਨਿਰਪਾਲ ਜਲਾਲਦੀਵਾਲ*	30/–
ਸੁਨਹਰੀ ਦਿਨਾਂ ਦਾ ਸਫ਼ਰ/*ਹਰਭਜਨ ਹਲਵਾਰਵੀ*	30/–

■ ਅਲੋਚਨਾ

ਮੋਹਨ ਭੰਡਾਰੀ-ਕਹਾਣੀ ਜਗਤ	140/–
ਸੰਤ ਸਿੰਘ ਸੇਖੋਂ ਦਾ ਨਾਟ ਸ਼ਾਸਤਰ	60/–
ਕੈਨੇਡੀਅਨ ਪੰਜਾਬੀ ਸਾਹਿਤ / *ਸੁਖਜਿੰਦਰ*	350/–
ਕੈਨੇਡੀਅਨ ਪੰਜਾਬੀ ਸਾਹਿਤ (ਭਾਗ ਦੂਜਾ)	250/–
ਅਮਰੀਕੀ ਪੰਜਾਬੀ ਕਹਾਣੀ : ਮੁਲਾਂਕਣ	200/–

■ ਖੇਡ ਖਿਡਾਰੀ

ਸਦੀਆਂ ਤੇ ਸਦੀਆਂ ਤੱਕ ਕਬੱਡੀ/ਰਣਜੀਤ ਝਨੇਰ	300/–
ਕਬੱਡੀ ਕੱਪ ਦੇ ਧਰੂ ਤਾਰੇ/ਅਜਮੇਰ ਸਿੰਘ	150/–
ਵਿਸ਼ਵ ਕੱਪ ਕ੍ਰਿਕਟ ਦੀ ਰੋਚਕ ਦਾਸਤਾਨ	80/–
ਏਸ਼ੀਆਈ ਖੇਡਾਂ ਦੀ ਰੋਚਿਕ ਕਹਾਣੀ/ਰਣਜੀਤ ਪ੍ਰੀਤ	60/–
ਉਲੰਪਿਕ ਖੇਡਾਂ ਦੀ ਰੋਚਿਕ ਗਾਥਾ/*ਰਣਜੀਤ ਪ੍ਰੀਤ*	80/–

■ ਜੀਵਨੀਆਂ

ਅਮਰੀਕੀ ਰਾਸ਼ਟਰਪਤੀ ਓਬਾਮਾ ਤੱਕ/ ਭੌਰਾ	100/–
ਕੰਪਿਊਟਰ ਦਾ ਧਨੰਤਰ-ਕਿਰਪਾਲ ਸਿੰਘ ਪੰਨੂੰ	100/–
ਪਿੰਡ ਦੀਨਾ ਸਾਹਿਬ ਦਾ ਇਤਿਹਾਸ/ਤੋਤਾ ਸਿੰਘ	150/–
ਵਡਮੁੱਲਾ ਪਾਰਸ/*ਨਿੰਦਰ ਘੁਗਿਆਣਵੀ*	50/–
ਧਰਤੀ ਪੁੱਤਰ/*ਵਿਜੈ ਬੰਬੇਲੀ*	50/–
ਠਰੀ ਚਾਨਣੀ ਦਾ ਗੀਤ/*ਡਾ. ਅਮਰ ਕੋਮਲ*	30/–
ਗੁਰਪਾਲ ਸਿੰਘ ਪਾਲ ਦਾ ਗਾਇਕੀ ਸਫ਼ਰ/*ਟਹਿਣਾ*	25/–
ਜਿੰਨੀ ਰਾਹੀਂ ਮੈਂ ਤੁਰਿਆ/*ਗੁਰਬਖ਼ਸ਼ ਸਿੰਘ ਰਾਹੀ*	50/–
ਸੱਚੇ ਦਿਲੋਂ/*ਨਿੰਦਰ ਘੁਗਿਆਣਵੀ*	30/–
ਟੂਸੇ ਦੀ ਟਹਿਕ/*ਸੀ. ਮਾਰਕੰਡਾ*	150/–
ਪੰਜਾਬ ਦੇ ਸੱਗੀ ਫੁੱਲ/*ਬਲਜਿੰਦਰ ਮਾਨ*	50/–
ਮੇਰਾ ਪਿੰਡ ਬਹਾਦਰਪੁਰ/*ਰਣਜੀਤ ਸਿੰਘ*	60/–
ਭਾਈ ਰੂਪ ਚੰਦ ਜੀ/*ਗਿਆਨੀ ਪ੍ਰੀਤਮ ਸਿੰਘ*	100/–
ਹਰਨਾਮ ਦਾਸ ਸਹਿਰਾਈ/*ਨਿੰਦਰ ਘੁਗਿਆਣਵੀ*	50/–
ਸਤਰੰਗੀ ਸਿਆਸਤ/*ਜਗਸੀਰ ਪੱਖੀ*	50/–
ਬਾਬਾ ਫਰੀਦ ਸ਼ੱਕਰ ਗੰਜ/*ਪ੍ਰੋ. ਗੁਰਮੀਤ ਟਿਵਾਣਾ*	50/–
ਹਨੇਰੇ 'ਚ ਚਾਨਣ ਦੀ ਲੋਅ-ਡਾ. ਰਮੇਸ਼/*ਰਣਜੀਤ*	150/–
ਭਾਈ ਰੂਪ ਚੰਦ/*ਹਰਚਰਨ ਸਿੰਘ*	100/–
ਝੱਖੜਾਂ 'ਚ ਵਗਦਾ ਦਰਿਆ/*ਰਣਜੀਤ ਪ੍ਰੀਤ*	100/–
ਸੁਰਾਂ ਦੇ ਵਾਰਿਸ/*ਸਵਰਣ ਟਹਿਣਾ*	150/–
ਹਰਦਿਆਲ ਚੰਦ ਜੈਦਕਾ/*ਤੋਤਾ ਸਿੰਘ ਦੀਨਾ*	100/–

■ **ਨਾਟਕ**

ਸੱਤੀ ਵੀਹੀਂ ਸੌਂ/*ਪ੍ਰੋ. ਸਰਬਜੀਤ*	20/-
ਸੂਰਜ ਡੁੱਬਣ ਤੋਂ ਬਾਅਦ/*ਜੋਗੇ ਭੰਗਲ*	15/-
ਸੀਤਾਇਣ/*ਡਾ. ਪ੍ਰੀਤਮ ਸੈਨੀ*	20/-
ਗਾਥਾ ਕਾਲੇ ਪਾਣੀਆਂ ਦੀ/*ਹਰਨੇਕ ਚੌਧਰੀ*	40/-
ਸਜ਼ਾ ਸੱਚ ਨੂੰ/*ਬਾਰੂ ਸਤਵਰਗ*	30/-
ਜੀਵਨ ਦੇ ਰੰਗ ਮੰਚ ਤੇ/*ਗੁਰਚਰਨ ਕੌਰ ਚਪਰਚਿੜੀ*	50/-
ਮੇਰਾ ਪਿਆਰ ਕਬੂਲ ਕੀਜੀਏ/*ਨਰਿੰਦਰ ਸਿੰਘ ਹਰੀਕਾ*	30/-

■ **ਕੁਟੇਸ਼ਨਾਂ**

ਪ੍ਰਸਿੱਧ ਕੁਟੇਸ਼ਨਾਂ (ਪ੍ਰਸਿੱਧ ਕੁਟੇਸ਼ਨਾਂ ਦਾ ਸੰਗ੍ਰਹਿ)	150/-
ਜੀਵਨ ਸੋਝੀ / ਮਹਿੰਦਰ ਸਿੰਘ ਵਾਲੀਆ	30/-
ਨਿਸ਼ਚੈ ਕਰ ਆਪਣੀ ਜੀਤ ਕਰੂੰ / ਮਹਿੰਦਰ ਸਿੰਘ	30/-
ਵਿਚਾਰ ਦਰਸ਼ਨ/*ਡਾ. ਅਮਰ ਕੋਮਲ*	30/-
ਕਤਰਾ ਕਤਰਾ ਸਮੁੰਦਰ/*ਡਾ. ਅਮਰ ਕੋਮਲ*	40/-
ਜ਼ਿੰਦਗੀ ਦੇ ਸਿਰਨਾਵੇਂ/*ਡਾ. ਅਮਰ ਕੋਮਲ*	40/-

■ **ਸੱਭਿਆਚਾਰ/ਕਵੀਸ਼ਰੀ**

ਸਿੱਖੀ ਕਾਵਿ/*ਬਾਬੂ ਰਜਬ ਅਲੀ*	280/-
ਬਾਬੂ ਰਜਬ ਅਲੀ ਦੀ ਚੋਣਵੀਂ ਕਵਿਤਾ	200/-
ਢੰਡ ਸਾਰੰਗੀ ਦੇ ਗੌਣ/ਡਾ. ਚਰਨਜੀਤ	200/-
ਪੰਜਾਬ ਦੇ ਲੋਕ ਸਾਜ਼/ਐਸ. ਅਸ਼ੋਕ ਭੌਰਾ	60/-
ਕਿੱਸਾ ਇੰਦਰ ਬੇਗੋ/*ਮੱਖਣ ਸਿੰਘ ਨਿਰਮਲ*	50/-
ਪੰਜਾਬੀ ਗਾਇਕੀ ਤੇ ਪ੍ਰਮੁੱਖ ਸਰੋਕਾਰ/	30/-
ਮਾਡਰਨ ਜੁਗਨੀ/*ਮਨਜੀਤ ਸਿੰਘ ਸਾਗਰ*	30/-
ਮੇਰੀ ਮਿੱਟੀ ਮੇਰੇ ਲੋਕ-ਪਿੰਡ ਖੁੱਡੀ ਕਲਾਂ/*ਸ਼ਰਮਾ*	100/-
ਕਵੀਸ਼ਰੀ ਮਾਰਤੰਡ	600/-
ਲੋਕ ਗਾਥਾਵਾਂ/*ਮੋਹਣ ਸਿੰਘ ਬਾਸੀ*	30/-
ਪਾਓ ਭੰਗੜਾ/*ਮੋਹਣ ਸਿੰਘ ਬਾਸੀ*	30/-

■ **ਕਹਾਣੀਆਂ**

ਬੁੜਾਂ ਮਾਰੇ ਲੋਕ/ਜਗਤਾਰ ਸਿੰਘ ਬੈਂਸ	80/-
ਰਹਿਮਤੇ /*ਪ੍ਰਿੰ. ਗੁਰਦੇਵ ਸਿੰਘ*	125/-
ਪਾਰੋ /*ਪ੍ਰਿੰ. ਗੁਰਦੇਵ ਸਿੰਘ*	125/-
ਓਪਰਾ ਖੇਤ /*ਦਰਸ਼ਨ ਸਿੰਘ ਗੁਰੂ*	100/-
ਧੁੰਏਂ ਹੇਠਲੀ ਅੱਗ /*ਦਰਸ਼ਨ ਸਿੰਘ ਗੁਰੂ*	120/-
ਅੰਜ ਮਾਰੇ ਰੁੱਖ/ਨਛੱਤਰ ਗਿੱਲ	120/-
ਕਣੀਆਂ/*ਰਾਮ ਮੂਰਤ ਸਿੰਘ*	10/-
ਕਿਊੜੇ ਦੀ ਮਹਿਕ/*ਚੇਤਨ ਸਿੰਘ*	20/-
ਨਿਰਾਲਾ ਦੀਆਂ ਚੋਣਵੀਆਂ ਕਹਾਣੀਆਂ/*ਡਾ. ਨਿਰਾਲਾ*	30/-
ਇਤਹਾਸ ਦੇ ਖਾਲੀ ਪੰਨੇ/*ਨਿੰਦਰ ਘੁਗਿਆਣਵੀ*	30/-
ਸੁਪਨੇ ਤੇ ਸੰਤਾਪ (ਅਮਰੀਕੀ ਕਹਾਣੀਆਂ)/*ਪ੍ਰੋ. ਹਰਭਜਨ*	50/-
ਅਣਗੌਲੇ ਆਦਮੀ/*ਗੁਰਮੇਲ ਮਡਾਹੜ*	30/-
ਕੱਚੇ ਕੋਠਿਆਂ ਦੇ ਵਾਸੀ/*ਗੁਰਮੇਲ ਮਡਾਹੜ*	30/-
ਜਾਗਦੇ ਲੋਕ/*ਗੁਰਮੇਲ ਮਡਾਹੜ*	30/-
ਧਰਤੀ ਲਹੂ ਲੁਹਾਣ/*ਗੁਰਮੇਲ ਮਡਾਹੜ*	30/-
ਜੰਗ ਜਾਰੀ ਹੈ/*ਗੁਰਮੇਲ ਮਡਾਹੜ*	30/-
ਵਿਵਰਜਿਤ ਪੁਸਤਕ/*ਸੁਲੱਖਣ ਮੀਤ (ਪ੍ਰੋ:)*	30/-
ਕੇਸ਼ੂ ਦੀ ਟਹਿਕ/*ਗੁਰਪਾਲ ਸਿੰਘ ਨੂਰ*	30/-
ਅਹਿਸਾਸ/*ਸਵਰਨ ਸਿੰਘ ਟਹਿਣਾ*	25/-
ਚਿੜੀਆਂ ਦਾ ਚੰਬਾ/*ਭੁਪਿੰਦਰ ਸਿੰਘ ਬੇਦੀ*	50/-
ਮਿਲਿ ਕੈ ਕਰਹ ਕਹਾਣੀਆ/*ਭੁਪਿੰਦਰ ਸਿੰਘ ਬੇਦੀ*	50/-
ਅੰਦਰਲੀਆਂ ਲਾਸਾਂ/*ਸੁਲੱਖਣ ਮੀਤ (ਪ੍ਰੋ:)*	30/-
ਦਾਨਾ ਦੁਸ਼ਮਣ/*ਸੁਲੱਖਣ ਮੀਤ (ਪ੍ਰੋ:)*	30/-
ਸ੍ਵਣੀ ਸੁਣੀ ਕਹਾਣੀਆਂ	20/-
ਢਲਦੀ ਦੁਪਹਿਰ/*ਭੋਲਾ ਸਿੰਘ ਸੰਘੇੜਾ*	50/-
ਅੱਲ੍ਹੇ ਜ਼ਖ਼ਮ/*ਗੁਰਮੇਲ ਸਿੰਘ ਚਾਹਲ*	20/-
ਬਦਲਦੀ ਸੋਚ/*ਅਮਨ ਰਣਜੀਤ*	10/-
ਓਪਰਾ ਖੇਤ/*ਦਰਸ਼ਨ ਸਿੰਘ ਗੁਰੂ*	80/-
ਲੱਪ ਚਿਣਗਾਂ ਦੀ/*ਸ਼ਿਵ ਇੰਦਰ ਸਿੰਘ*	50/-
ਕਾਹੀ ਵੱਢ/*ਜੋਗੇ ਭੰਗਲ*	50/-
ਚਿੜੀਆਂ/*ਪਰਮਜੀਤ ਪੰਮਾ ਪੇਂਟਰ*	30/-
ਲੇਖਾ/*ਬੂਟਾ ਸਿੰਘ ਧਾਲੀਵਾਲ*	30/-
ਪੰਖ ਪਿੰਜਰਾ ਦੇ ਪਰਵਾਸ/*ਪ੍ਰੋ. ਹਰਭਜਨ ਸਿੰਘ*	100/-
ਸਿਲਤ/*ਸੁਰਿੰਦਰ ਬਰਾੜ*	50/-
ਆਦਿ ਅੰਤ/*ਅਮਰ ਕੋਮਲ*	100/-
ਚੁੱਪ ਦੇ ਬੋਲ/*ਭੁਪਿੰਦਰ 'ਜੈਤੋ*	30/-
ਅਸੀਂ ਤੁਸੀਂ/*ਡਾ. ਅਮਰ ਕੋਮਲ*	50/-
ਸੋਨ ਮਿਰਗ ਦੀ ਵਾਰਤਾ/*ਜਸਪਾਲ ਮਾਨ*	200/-
ਖਰੀਆਂ ਖਰੀਆਂ/*ਅਮਰੀਕ ਤਲਵੰਡੀ*	50/-
ਹਾਰੀ ਜੰਗ ਦਾ ਨਾਇਕ/*ਗੁਰਚਰਨ ਨੂਰਪੁਰ*	30/-
ਘੋੜੇ ਵਾਲਾ ਚੌਂਕ/*ਅਮਰੀਕ ਤਲਵੰਡੀ*	50/-
ਗਮਾਂ ਦੀ ਪੰਡ/*ਪ੍ਰਿੰ. ਗੁਰਦੇਵ ਸਿੰਘ*	50/-
ਵਿਲਕਦੀ ਗਰੀਬੀ/*ਪ੍ਰਿੰ. ਗੁਰਦੇਵ ਸਿੰਘ*	50/-
ਪਾਲੀ/*ਪ੍ਰਿੰ. ਗੁਰਦੇਵ ਸਿੰਘ*	125/-
ਸੋਮਪ੍ਰਭਾ/*ਪ੍ਰਿੰ. ਗੁਰਦੇਵ ਸਿੰਘ*	125/-
ਸ਼ਬਦਾਂ ਦੀ ਪੁਸ਼ਾਕ/*ਬੂਟਾ ਪੈਰਿਸ*	50/-
ਸਮੇਂ ਦਾ ਹਨੇਰਾ/*ਮਹਿੰਦਰ ਸਿੰਘ ਢਿੱਲੋਂ*	50/-
ਚਾਨਣ ਮੁਨਾਰੇ /*ਨਰਿੰਦਰ ਸਿੰਘ ਹਰੀਕਾ*	30/-
ਜ਼ਿੰਦਗੀ ਦੇ ਪੰਨੇ /*ਅਮਰੀਕ ਸਿੰਘ ਸੰਘਰੇੜੀ*	40/-

■ **ਲੇਖ**

ਆਪਣਾ ਪੰਜਾਬੀ ਕੈਨੇਡਾ/ਤਰਲੋਚਨ ਸਿੰਘ ਗਿੱਲ	140/-
ਅਮਰੀਕਾ ਕੈਨੇਡਾ ਤੇ ਪੰਜਾਬੀ/ਤਰਲੋਚਨ ਸਿੰਘ ਗਿੱਲ	140/-
ਬਾਨਾਰਸਿ ਕੇ ਠਗ/ਡਾ. ਕੁਲਵੰਤ ਸਿੰਘ	150/-
ਸਿੱਧੀਆਂ ਸਪਸ਼ਟ ਗੱਲਾਂ/ਸੁਖਿੰਦਰ	200/-
ਜ਼ਿੰਦਾ ਦਿਲੀ ਹੈ ਜ਼ਿੰਦਗੀ/*ਸੁਖਮਿੰਦਰ ਸ਼ਹਿਣਾ*	40/-
ਚੱਲਣਾ ਹੀ ਹੈ ਜ਼ਿੰਦਗੀ/*ਡਾ. ਅਮਰ ਕੋਮਲ*	50/-
ਜੀਵਨ ਤਲਬ ਨਿਵਾਰਿ/*ਜਸਵੰਤ ਸਿੰਘ ਅਗਿਆਨੀ*	50/-
ਵੇਲੇ ਕੁਵੇਲੇ/*ਨਿੰਦਰ ਘੁਗਿਆਣਵੀ*	30/-
ਤੀਜੀ ਅੱਖ/*ਅਮਰ ਕੋਮਲ*	50/-
ਵੰਨ-ਸੁਵੰਨ/*ਪ੍ਰੋ. ਮਨਜੀਤ ਸਿੰਘ ਸਿੱਧੂ*	100/-
ਅੰਦਰ ਬਾਹਰ/*ਡਾ. ਅਮਰ ਕੋਮਲ*	50/-
ਸੱਚ ਨੂੰ ਤੇ...../*ਨਰਿੰਦਰ ਸਿੰਘ ਹਰੀਕਾ*	50/-
ਚੋਣਵੇਂ ਲੇਖ/*ਪ੍ਰੋ. ਗੁਰਮੀਤ ਸਿੰਘ ਟਿਵਾਣਾ*	100/-
ਸੰਜੀਵਨੀ/*ਡਾ. ਅਮਰ ਕੋਮਲ*	100/-
ਮੇਰੀ ਪੱਤਰਕਾਰੀ ਦੇ ਰੰਗ/*ਪ੍ਰੋ. ਮਨਜੀਤ ਸਿੱਧੂ*	100/-
ਰਿਸ਼ਤਿਆਂ ਦਾ ਕਤਲ/*ਡਾ. ਹਰੀਸ਼ ਮਲਹੋਤਰਾ*	70/-
ਮਸਤਕ ਦੀ ਦਸਤਕ /*ਗਰਮੇਲ ਬੌਂਡੇ*	150/-
ਪੋਥੀ ਪਰਮੇਸ਼ਵਰ ਕਾ ਥਾਨੁ /*ਜਸਵੰਤ ਅਗਿਆਨੀ*	20/-

ਤੁਸੀਂ ਕੋਈ ਪੁਸਤਕ ਹੁਣ ਘਰ ਬੈਠੇ ਹੀ ਫ਼ੋਨ ਕਰਕੇ ਵੀਪੀਪੀ ਰਾਹੀਂ ਮੰਗਵਾ ਸਕਦੇ ਹੋ, ਸਾਡੇ ਨੰਬਰ ਹਨ :

01679-241744, 233244

ਨੋਟ : 200 ਰੁਪੈ ਦੀ ਕੀਮਤ ਤੋਂ ਉੱਪਰ ਦੀਆਂ ਕਿਤਾਬਾਂ ਮੰਗਵਾਉਣ 'ਤੇ ਹੁਣ ਡਾਕ ਖਰਚ ਵੀ ਨਹੀਂ ਲੱਗੇਗਾ।

ਸ਼ੰਕਾ ਨਵਿਰਤੀ....?

ਪ੍ਰਸ਼ਨ : ਕੀ ਪੁਲਾੜ ਵਿੱਚ ਦੋ ਵਿਅਕਤੀ ਇੱਕ ਦੂਜੇ ਦੀ ਗੱਲ ਸੁਣ ਸਕਦੇ ਹਨ?

ਉੱਤਰ : ਜੀ ਨਹੀਂ ਕਿਉਂਕਿ ਆਵਾਜ਼ ਊਰਜਾ ਦੀ ਇੱਕ ਕਿਸਮ ਹੈ। ਕਿਸੇ ਕਿਸਮ ਦੀ ਊਰਜਾ ਦੇ ਇੱਕ ਥਾਂ ਤੋਂ ਦੂਜੇ ਥਾਂ ਤੇ ਜਾਣ ਲਈ ਮਾਧਿਅਮ ਦੀ ਲੋੜ ਹੁੰਦੀ ਹੈ। ਪੁਲਾੜ ਖਲਾਅ ਹੈ ਭਾਵ ਖਾਲੀ ਹੈ ਕੋਈ ਮਾਧਿਅਮ ਨਹੀਂ ਇਸ ਲਈ ਆਵਾਜ਼ ਇੱਕ ਥਾਂ ਤੋਂ ਦੂਜੇ ਥਾਂ ਤੇ ਨਹੀਂ ਜਾ ਸਕਦੀ।

ਪ੍ਰਸ਼ਨ : ਜੇ ਪੁਲਾੜ ਵਿੱਚ ਇੱਕ ਪਾਣੀ ਦੀ ਬਾਲਟੀ ਵਿਚਲਾ ਪਾਣੀ ਸੁੱਟ ਦਿੱਤਾ ਜਾਵੇ ਤਾਂ ਇਸ ਪਾਣੀ ਦਾ ਆਕਾਰ ਕਿਹੋ ਜਿਹਾ ਹੋਵੇਗਾ।

ਉੱਤਰ : ਪੁਲਾੜ ਵਿੱਚ ਛੱਡਿਆ ਗਿਆ ਪਾਣੀ ਇੱਕ ਗੋਲੇ ਦਾ ਰੂਪ ਧਾਰਨ ਕਰ ਲਵੇਗਾ। ਇਹ ਸਾਰਾ ਕੁਝ ਤਲੀ ਤਣਾਉ ਨੂੰ ਘਟਾਉਣ ਲਈ ਹੋਵੇਗਾ।

ਪ੍ਰਸ਼ਨ : ਅਗਸਤ 2006 ਵਿੱਚ ਵਿਗਿਆਨਕਾਂ ਨੇ ਪਲੂਟੋ ਨੂੰ ਗ੍ਰਹਿ ਮੰਨਣ ਤੋਂ ਇਨਕਾਰ ਕਰ ਦਿੱਤਾ। ਅਜਿਹਾ ਕਿਉਂ ਕੀਤਾ ਗਿਆ?

ਉੱਤਰ : ਅੰਤਰਰਾਸ਼ਟਰੀ ਪੁਲਾੜ ਦੇ ਵਿਗਿਆਨਕਾਂ ਦੀ ਜਥੇਬੰਦੀ ਨੇ ਕਿਸੇ ਵੀ ਪੁਲਾੜੀ ਪਦਾਰਥ ਨੂੰ ਗ੍ਰਹਿ ਮੰਨਣ ਲਈ ਇੱਕ ਪਰਿਭਾਸ਼ਾ ਬਣਾਈ ਹੈ। ਪਲੂਟੋ ਇਸ ਪਰਿਭਾਸ਼ਾ ਦੀਆਂ ਸ਼ਰਤਾਂ ਪੂਰੀਆਂ ਨਹੀਂ ਸੀ ਕਰਦਾ। ਜੇ ਕੋਈ ਪਦਾਰਥ ਹੇਠ ਲਿਖੀਆਂ ਤਿੰਨ ਸ਼ਰਤਾਂ ਪੂਰੀਆਂ ਕਰਦਾ ਹੈ ਤਾਂ ਹੀ ਉਸਨੂੰ ਗ੍ਰਹਿ ਮੰਨਿਆ ਜਾ ਸਕਦਾ ਹੈ।

1. ਇਹ ਆਪਣੇ ਸੂਰਜ ਦੇ ਗਿਰਦ ਚੱਕਰ ਲਾਉਂਦਾ ਹੋਵੇ।

2. ਇਸਦਾ ਭਾਰ ਘੱਟੋ ਘੱਟ ਐਨਾ ਜ਼ਰੂਰ ਹੋਵੇ ਕਿ ਇਹ ਆਪਣੀ ਗੁਰੂਤਾ ਖਿੱਚ ਕਾਰਨ ਇੱਕ ਗੋਲੇ ਦਾ ਰੂਪ ਧਾਰਨ ਕਰਨ ਦੇ ਯੋਗ ਹੋਵੇ।

3. ਇਸ ਵਿੱਚ ਐਨੀ ਗੁਰੂਤਾ ਖਿੱਚ ਜ਼ਰੂਰ ਹੋਵੇ ਕਿ ਉਹ ਆਪਣੇ ਨਜ਼ਦੀਕ ਪਦਾਰਥਾਂ ਨੂੰ ਆਪਣੇ ਵੱਲ ਖਿੱਚ ਸਕਦਾ ਹੋਵੇ।

ਪਲੂਟੋ ਵਿੱਚ ਐਨੀ ਗੁਰੂਤਾ ਖਿੱਚ ਨਹੀਂ ਹੈ ਕਿ ਉਹ ਆਪਣੇ ਨਜ਼ਦੀਕੀ ਪਦਾਰਥਾਂ ਨੂੰ ਖਿੱਚ ਰਿਹਾ ਹੋਵੇ। ਨੈਪਚੂਨ ਨਜ਼ਦੀਕੀ ਪਦਾਰਥਾਂ ਨੂੰ ਖਿੱਚ ਰਿਹਾ ਹੈ। ਇਸ ਗੱਲ ਦੀ ਸੰਭਾਵਨਾ ਹੈ ਕਿ ਕਿਸੇ ਦਿਨ ਪਲੂਟੋ ਖੁਦ ਵੀ ਨੈਪਚੂਨ ਵੱਲ ਖਿੱਚਿਆ ਜਾਵੇਗਾ।

ਪ੍ਰਸ਼ਨ : ਕੀ ਧਰਤੀ ਤੇ ਰਹਿਣ ਵਾਲੇ ਸਾਰੇ ਮਨੁੱਖ ਪੁਲਾੜੀ ਰਹਿੰਦ ਖੂੰਹਦ ਵਿੱਚੋਂ ਹੋਂਦ ਵਿੱਚ ਆਏ ਹਨ।

ਉਤਰ : ਸਾਡੇ ਖੂਨ ਦਾ ਸਾਰਾ ਲੋਹਾ, ਸਾਡੇ ਫੇਫੜਿਆਂ ਦੀ ਸਾਰੀ ਆਕਸੀਜਨ ਅਤੇ ਸਾਡੀਆਂ ਹੱਡੀਆਂ ਦਾ ਸਾਰਾ ਕੈਲਸੀਅਮ ਕਿਸੇ ਵੇਲੇ ਕਿਸੇ ਵੱਡੇ ਤਾਰੇ ਦਾ ਭਾਗ ਸੀ। ਬ੍ਰਹਿਮੰਡ ਦੇ ਫੱਟਣ ਵੇਲੇ ਇਸ ਵਿੱਚ ਸਿਰਫ਼ ਹਾਈਡ੍ਰੋਜਨ ਤੇ ਹੀਲੀਅਮ ਸੀ। ਬਾਕੀ ਸਾਰੇ ਤੱਤਾਂ ਤੇ ਪਦਾਰਥਾਂ ਦਾ ਨਿਰਮਾਣ ਸਿਰਫ਼ ਹਾਈਡ੍ਰੋਜਨ ਤੇ ਹੀਲੀਅਮ ਤੋਂ ਹੋਇਆ ਹੈ। ਹਾਈਡ੍ਰੋਜਨ ਤੇ ਹੀਲੀਅਮ ਤੋਂ ਪਦਾਰਥਾਂ ਦਾ ਨਿਰਮਾਣ ਸਿਰਫ਼ ਕਿਸੇ ਤਾਰੇ ਦੇ ਗਰਭ ਵਿੱਚ ਹੀ ਹੋ ਸਕਦਾ ਹੈ। ਤਾਰੇ ਦੇ ਫੱਟਣ ਨਾਲ ਇਸ ਤਰ੍ਹਾਂ ਬਣੇ ਇਹ ਪਦਾਰਥ ਬ੍ਰਹਿਮੰਡ ਵਿੱਚ ਖਿਲਰ ਜਾਂਦੇ ਹਨ।

ਪ੍ਰਸ਼ਨ : ਕੀ ਵਿਗਿਆਨ ਦੇ ਨਿਯਮ ਬ੍ਰਹਿਮੰਡ ਵਿੱਚ ਕਿਸੇ ਹੋਰ ਸਥਾਨ ਤੇ ਜਾ ਕੇ ਬਦਲ ਜਾਂਦੇ ਹਨ।

ਉਤਰ : ਭੌਤਿਕ ਵਿਗਿਆਨ ਦੇ ਪ੍ਰਕ੍ਰਿਤਕ ਨਿਯਮ ਸਦੀਵੀ ਸੱਚ ਹੁੰਦੇ ਹਨ। ਜਿਵੇਂ ਨਿਊਟਨ ਦੇ ਗੁਰੂਤਾ ਖਿੱਚ ਦੇ ਨਿਯਮ ਨੂੰ ਹੀ ਲੈ ਲਈਏ। ਧਰਤੀ ਚੀਜ਼ਾਂ ਨੂੰ ਆਪਣੇ ਵੱਲ ਖਿੱਚਦੀ ਹੈ। ਪਰ ਸੂਰਜ ਦੇ ਨਜ਼ਦੀਕ ਜਾਣ ਤੇ ਸੂਰਜ ਆਪਣੇ ਵੱਲ ਚੀਜ਼ਾਂ ਨੂੰ ਖਿੱਚੇਗਾ ਕਿਉਂਕਿ ਨਿਊਟਨ ਅਨੁਸਾਰ ਬ੍ਰਹਿਮੰਡ ਵਿੱਚ ਹਰ ਵਸਤੂ ਦੂਸਰੀ ਵਸਤੂ ਨੂੰ ਆਪਣੇ ਵੱਲ ਖਿੱਚਦੀ ਹੈ ਇਹ ਖਿੱਚ ਸ਼ਕਤੀ ਦੋਹਾਂ ਦੇ ਭਾਰ ਤੇ ਦੋਹਾਂ ਦੇ ਕੇਂਦਰਾਂ ਵਿਚਲੀ ਦੂਰੀ ਤੇ ਨਿਰਭਰ ਕਰਦੀ ਹੈ।

ਪ੍ਰਸ਼ਨ : ਧਰਤੀ ਚੰਦਰਮਾ ਨੂੰ ਖਿੱਚਦੀ ਹੈ ਪਰ ਚੰਦਰਮਾ ਧਰਤੀ ਤੇ ਡਿੱਗਦਾ ਕਿਉਂ ਨਹੀਂ?

ਉੱਤਰ : ਚੰਦਰਮਾ ਧਰਤੀ ਦੇ ਗਿਰਦ ਚੱਕਰ ਲਾਉਂਦਾ ਹੈ। ਜਿਸ ਦਿਨ ਇਹ ਚੱਕਰ ਲਾਉਣਾ ਬੰਦ ਕਰ ਦੇਵੇਗਾ ਉਸ ਦਿਨ ਇਹ ਧਰਤੀ ਵੱਲ ਖਿੱਚਿਆ ਜਾਵੇਗਾ। ਇਹ ਗੱਲ ਤੁਸੀਂ ਇੱਕ ਸੁਖਾਲੇ ਪ੍ਰਯੋਗ ਰਾਹੀਂ ਵੇਖ ਸਕਦੇ ਹੋ। ਇੱਕ ਬਾਲਟੀ ਵਿੱਚ ਪਾਣੀ ਪਾ ਲਵੋ ਤੇ ਇਸਨੂੰ ਆਪਣੀ ਬਾਂਹ ਵਿੱਚ ਫੜਕੇ ਲੰਬੇ ਹੱਥ ਨਾਲ ਆਪਣੇ ਗਿਰਦ ਘੁੰਮਾਉਣਾ ਸ਼ੁਰੂ ਕਰ ਦੇਵੋਂ। ਜਿੰਨਾ ਚਿਰ ਬਾਲਟੀ ਤੁਹਾਡੇ ਗਿਰਦ ਘੁੰਮਦੀ ਰਹੇਗੀ ਉਨ੍ਹਾਂ ਚਿਰ ਪਾਣੀ ਉਸ ਵਿਚੋਂ ਧਰਤੀ ਵੱਲ ਨਹੀਂ ਡਿੱਗੇਗਾ। ਪਰ ਜਦੋਂ ਤੁਸੀਂ ਸਪੀਡ ਹੌਲੀ ਕਰ ਦੇਵੋਗੇ ਜਾਂ ਰੁਕ ਜਾਵੋਗੇ ਪਾਣੀ ਡਿੱਗ ਪਵੇਗਾ। ਇਸੇ ਤਰ੍ਹਾਂ ਬ੍ਰਹਿਮੰਡ ਵਿੱਚ ਸਾਰੇ ਪਦਾਰਥ ਇੱਕ ਦੂਜੇ ਦੇ ਦੁਆਲੇ ਚੱਕਰ ਲਾ ਰਹੇ ਹਨ ਜਿਸ ਦੀ ਗਤੀ ਘੱਟ ਜਾਂਦੀ ਹੈ ਉਹ ਦੂਜੇ ਉਪਰ ਜਾ ਡਿੱਗਦਾ ਹੈ। ਚੰਦਰਮਾ ਵੀ ਆਪਣੀ ਗਤੀ ਕਾਰਨ ਟਿਕਿਆ ਹੋਇਆ ਹੈ।

ਪ੍ਰਸ਼ਨ : ਮੈਂ ਆਪਣੇ ਆਪ ਨੂੰ ਤਰਕਸ਼ੀਲ ਤਾਂ ਨਹੀਂ ਕਹਾਂਗੀ ਕਿਉਂਕਿ 'ਤਰਕਸ਼ੀਲ' ਸ਼ਬਦ ਬਹੁਤ ਵਿਸ਼ਾਲ ਅਰਥ ਰੱਖਦਾ ਹੈ ਪਰ ਇਨ੍ਹਾਂ ਜ਼ਰੂਰ ਕਹਾਂਗੀ ਕਿ ਮੈਂ ਧਾਰਮਿਕ ਕਰਮ-ਕਾਡਾਂ ਤੇ ਅੰਧਵਿਸ਼ਵਾਸਾਂ ਦੇ ਵਿਰੁੱਧ ਹਾਂ। ਮੈਂ ਆਪ ਜੀ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਕੀ ਤਰਕਸ਼ੀਲ ਲੋਕ ਪ੍ਰਕਿਰਤੀਵਾਦੀ ਹੋਣ ਕਾਰਨ ਹਰ ਤਰ੍ਹਾਂ ਦੇ ਸਮਾਜਿਕ ਰੀਤੀ-ਰਿਵਾਜ਼ਾਂ ਅਤੇ ਰਿਸ਼ਤੇ-ਨਾਤਿਆਂ ਦੇ ਵਿਰੁੱਧ ਹੁੰਦੇ ਹਨ?

ਉੱਤਰ : ਤਰਕਸ਼ੀਲ ਉਨ੍ਹਾਂ ਰਸਮਾਂ ਰਿਵਾਜਾਂ ਨੂੰ ਬਦਲਣਾ ਚਾਹੁੰਦੇ ਹਨ ਜਿਹੜੇ ਅੰਧਵਿਸ਼ਵਾਸਾਂ ਨੂੰ ਵਧਾਉਂਦੇ ਹਨ ਅਤੇ ਕਿਸੇ ਇੱਕ ਧਰਮ ਨਾਲ ਹੀ ਜੁੜੇ ਹੋਏ ਹਨ।

- ਸਰਬਜੀਤ ਕੌਰ ਜੱਸ

'ਸ਼ੰਕਾ ਨਵਿਰਤੀ' ਕਾਲਮ ਲਈ ਆਪਣੇ ਪ੍ਰਸ਼ਨ ਹੇਠ ਲਿਖੇ ਪਤੇ ਤੇ ਭੇਜੋ :

ਮੇਘ ਰਾਜ ਮਿੱਤਰ

ਤਰਕਸ਼ੀਲ ਨਿਵਾਸ, ਗਲੀ ਨੰ. 8, ਕੇ.ਸੀ. ਰੋਡ, ਬਰਨਾਲਾ

ਦੂਜਾ ਟੋਭਾ ਟੇਕ ਸਿੰਘ

ਗੁਰਸ਼ਰਨ ਸਿੰਘ

ਗੁਰਸ਼ਰਨ ਸਿੰਘ ਸਾਡੇ ਸਮਿਆਂ ਦਾ ਸੂਹਾ ਸੂਰਜ ਰਿਹਾ ਹੈ ਅਤੇ ਰਹੇਗਾ। ਸੂਰਜ ਦੀ ਧੁੱਪ, ਲੋਅ ਨੂੰ ਤੇ ਹਵਾ ਨੂੰ ਜਿਵੇਂ ਵੰਡਿਆ ਨਹੀਂ ਜਾ ਸਕਦਾ ਉਸੇ ਤਰ੍ਹਾਂ ਗੁਰਸ਼ਰਨ ਸਿੰਘ ਜੀ ਨੂੰ ਵੰਡਿਆ ਨਹੀਂ ਜਾ ਸਕਦਾ। ਸੂਰਜ ਕੋਈ ਲੱਕੜ ਦਾ ਬਲ਼ਦਾ ਟੁੱਕੜਾ ਨਹੀਂ ਹੈ ਜਿਸਦੀ ਹਸਤੀ ਨੂੰ ਸੁਆਰਥੀ ਰੋਟੀਆਂ ਸੇਕਣ ਲਈ ਚੁੱਲ੍ਹਿਆਂ ਦੀ ਹੋਂਦ ਤੱਕ ਸੀਮਤ ਕਰ ਦਿੱਤਾ ਜਾਵੇ। ਆਉਣ ਵਾਲੇ ਸਮਿਆਂ 'ਚ ਨਵੀਂ ਪੀੜ੍ਹੀ ਸਵਾਲ ਕਰੇਗੀ ਕਿ ਭਾਅ ਜੀ ਗੁਰਸ਼ਰਨ ਸਿੰਘ ਕੀ ਸਨ? ਪਰ ਇਹ ਸਵਾਲ ਇੰਜ ਹੋਵੇ ਕਿ ਗੁਰਸ਼ਰਨ ਸਿੰਘ ਕੀ ਨਹੀਂ ਸਨ? ਉਹ ਇੱਕ ਵਧੀਆ ਮਨੁੱਖ, ਕਿਰਤੀ ਲੋਕਾਂ ਦੀ ਸਥਿਤੀ ਸੁਧਾਰਨ ਲਈ ਪ੍ਰਤੀਬੱਧ, ਚੇਤਨਾ ਦੇ ਸਰੋਤ, ਸਮਾਜ ਦੀ ਅੱਧ ਔਰਤਾਂ ਦੀ ਬਰਾਬਰੀ ਦੇ ਝੰਡਾ ਬਰਦਾਰ ਲੇਖਕ, ਸੰਪਾਦਕ, ਲੋਕਾਂ ਦੇ ਨਾਟਕਕਾਰ, ਇੱਕ ਪ੍ਰਤੀਬੱਧ ਇਨਕਲਾਬੀ ਕਮਿਊਨਿਸਟ ਸਨ।

ਧੜਿਆਂ ਵਿਚ ਵੰਡੇ ਮਨੁੱਖ ਦੀ ਸੋਚ ਹਮੇਸ਼ਾ ਸੌੜੀ ਰਹੀ ਹੈ। ਉਸਨੇ ਗੁਰੂਆਂ ਦੇ ਇਤਿਹਾਸ, ਫਲਸਫੇ ਨੂੰ ਵੀ ਵੰਡ ਲਿਆ ਹੈ। ਸ਼ਹੀਦ ਕਰਤਾਰ ਸਿੰਘ ਸਰਾਭਾ, ਭਗਤ ਸਿੰਘ ਨੂੰ ਸੌੜੀ ਦ੍ਰਿਸ਼ਟੀ ਨੇ ਇੱਕ ਚਿੰਨ ਤੱਕ ਸੀਮਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਹਕੂਮਤੀ ਢਾਣਿਆਂ ਤੇ ਫਿਰਕੂ ਲਾਣਿਆਂ ਵੰਡਣ ਦੀ ਕੋਸ਼ਿਸ਼ ਕੀਤੀ ਹੈ। ਦੂਸਰੇ ਪਾਸੇ ਆਪਣੇ ਆਪ ਨੂੰ ਹਾਕਮਾਂ ਤੇ ਮਹਿਕੂਮਾਂ ਵਿੱਚ ਯੁੱਧ ਦੀ ਲਕੀਰ ਖਿਚਣ ਵਾਲੇ ਖੱਬੇ ਪੱਖੀ ਮੁਹਾਜ ਵੀ ਇਸ ਬਿਰਤੀ ਤੋਂ ਬਚ ਨਹੀਂ ਸਕੇ। ਪਾਰਲੀਮਾਨੀ ਢਾਂਚੇ ਵਿੱਚ ਨਿਹਚਾ ਰੱਖਣ ਵਾਲੇ ਕਮਿਊਨਿਸਟ ਭਗਤ ਸਿੰਘ ਦੇ ਸ਼ਹੀਦੀ ਦਿਵਸ ਤੇ ਜਨਮ ਦਿਨ ਮਨਾਉਂਦੇ ਹੋਏ ਇਹ ਭੁੱਲ ਜਾਂਦੇ ਹਨ ਕਿ ਪਾਰਲੀਮੈਂਟ ਉਹ ਸਥਾਨ ਹੈ ਜਿੱਥੇ ਬੋਲੇ ਕੰਨਾਂ ਨੂੰ ਸੁਣਾਉਣ ਲਈ ਧਮਾਕੇ ਕੀਤੇ ਸਨ। ਓਦੋਂ ਤੋਂ ਲੈ ਕੇ ਹੁਣ ਤੱਕ ਇਸ ਪਾਰਲੀਮੈਂਟ ਤੱਕ ਆਮ ਕਿਰਤੀ ਦੀ ਆਵਾਜ਼ ਨਹੀਂ ਪਹੁੰਚ ਸਕੀ ਅਤੇ ਇਹ ਲੋਕ ਉਸ ਪਾਰਲੀਮੈਂਟ ਵਿੱਚ ਉਹ ਸਾਰੇ ਢੰਗ ਵਰਤ ਕੇ ਸ਼ਸ਼ੋਭਤ ਹੋਣਾ ਚਾਹੁੰਦੇ ਹਨ ਜੋ ਦੂਸਰੀਆਂ ਪਾਰਟੀਆਂ ਵਰਤਦੀਆਂ ਹਨ। ਜਿੰਨਾ ਸੂਬਿਆਂ ਵਿੱਚ ਇਹਨਾਂ ਦਾ ਦਾਰੋਮਾਰ ਹੈ ਉਥੇ ਟਾਟਾ ਕੰਪਨੀ ਨੂੰ ਜ਼ਮੀਨ ਦੇਣ ਦੇ ਮਾਮਲੇ 'ਚ ਉਜਾੜੇ ਗਏ ਕਿਰਤੀ ਲੋਕਾਂ ਦੀ ਆਵਾਜ਼ ਵੀ ਨਹੀਂ ਪਹੁੰਚੀ। ਸਾਮਰਾਜਵਾਦ ਦਾ ਖਾਤਮਾ ਤੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖ਼ਤਮ ਕਰਨ ਦਾ ਕਾਰਜ ਅਜੇ ਏਹਨਾਂ ਦੇ ਏਜੰਡੇ ਤੇ ਨਹੀਂ ਹੈ। ਗੁਰਸ਼ਰਨ ਸਿੰਘ ਦਾ ਏਜੰਡਾ ਬੜਾ ਸਾਫ਼ ਤੇ ਸਪਸ਼ਟ ਸੀ। ਉਹਨਾਂ ਜ਼ਿੰਦਗੀ ਵਿੱਚ ਕਦੇ ਵੀ ਕਿਸੇ ਧਿਰ ਨੂੰ ਵਿਧਾਨ ਸਭਾ ਜਾਂ ਲੋਕ ਸਭਾ ਵਿੱਚ ਪੁੱਜਣ ਲਈ ਤਰਲੋਮੱਛੀ ਹੋ ਰਹੀਆਂ ਕੋਸ਼ਿਸ਼ਾਂ ਨੂੰ ਹੁਲਾਰਾ ਦੇਣ ਲਈ ਲੋਕ-ਪੱਖੀ ਨਾਟ ਕਲਾ ਅਰਪਤ ਨਹੀਂ ਸੀ ਕੀਤੀ। ਉਹ ਸਪਸ਼ਟ ਐਲਾਨ ਕਰਦੇ ਸਨ ਕਿ ਪਿੰਡ ਦੀ ਮੈਂਬਰੀ, ਸਰਪੰਚੀ ਤੋਂ ਲੈ ਕੇ ਵਿਧਾਨ ਸਭਾ ਜਾਂ ਲੋਕ ਸਭਾ ਵਾਲਾ ਪੰਜ ਲੱਖ ਤੋਂ ਪੰਜਾਹ ਕਰੋੜ ਦੇ ਖਰਚੇ ਦੀ ਲੱਤ ਘੁੱਤ ਵਾਲਾ ਰਾਹ ਲੋਕਾਂ ਦੀ ਮੁਕਤੀ ਦਾ ਰਾਹ ਨਹੀਂ ਹੈ। ਲੋਕ ਸੱਥਾਂ ਵਿੱਚ ਉਹ ਪਾਰਲੀਮਾਨੀ ਰਾਹ ਨੂੰ ਮੁੱਢੋਂ ਰੱਦ ਕਰਦੇ ਸਨ।

ਗੁਰਮੇਲ ਸਿੰਘ 'ਬੌਡੇ'

ਦੂਸਰੇ ਪਾਸੇ ਪਾਰਲੀਮਾਨੀ ਪ੍ਰਬੰਧ ਨੂੰ ਰੱਦ ਕਰਨ ਵਾਲੀਆਂ ਧਿਰਾਂ ਤਬਕਾਤੀ ਘੋਲਾਂ ਦੇ ਤਜਰਬੇ ਕਰਨ 'ਚ ਮਸ਼ਰੂਫ ਤੇ ਸੀਮਿਤ ਸਨ। ਉਹ ਇਹਨਾਂ ਵਰਗ ਸੰਘਰਸ਼ਾਂ 'ਚੋਂ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖ਼ਤਮ ਹੋਣ ਦੇ ਸਿੱਟੇ ਕੱਢ ਰਹੀਆਂ ਹਨ। ਵੀਹਵੀ ਸਦੀ ਦੇ ਪੰਜਵੇਂ ਦਹਾਕੇ ਤੋਂ ਬਾਅਦ ਦੇਸ਼ ਵਿੱਚ ਮੁਜਾਰਾ ਘੋਲ ਵਰਗੀਆਂ ਲਹਿਰਾਂ ਚੱਲੀਆਂ ਪਰ ਉਹ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖ਼ਤਮ ਹੋਣ ਲਈ ਮਜ਼ਬੂਤ ਅਧਾਰ ਨਹੀਂ ਬਣ ਸਕੇ। ਉਹ ਵੀ ਉਸ ਸਮੇਂ ਜਦੋਂ ਸਟੇਟ ਪਾਵਰ ਐਨੀ ਤਾਕਤਵਰ ਨਹੀਂ ਸੀ। ਤਬਕਾਤੀ ਹਿੱਤ ਪੂਰਾ ਹੋਣ ਤੇ ਲੜਨ ਵਾਲੀ ਧਿਰ ਨਿੱਸਲ ਹੋ ਕੇ ਭੌਤਿਕ ਬਿਰਤੀਆਂ 'ਚ ਖਚਤ ਹੋ ਗਈ। ਇਕ ਤਬਕਾਤੀ ਧਿਰ ਦੀ ਪੂਰਤੀ ਦੂਸਰੀ ਤਬਕਾਤੀ ਧਿਰ ਦਾ ਵਿਰੋਧੀ ਹੋ ਨਿਬੜਦਾ ਹੈ। ਫਰਜ਼ ਕਰੋ ਜੇ ਸਭ ਨੂੰ ਪੂਰਨ ਰੁਜਗਾਰ ਮਿਲ ਵੀ ਜਾਵੇ ਤੇ ਸਭ ਲਈ ਰੋਟੀ ਕੱਪੜੇ ਤੇ ਮਕਾਨ ਦਾ ਜੁਗਾੜ ਹੋ ਜਾਵੇ ਤਾਂ ਕੀ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖ਼ਤਮ ਹੋ ਜਾਵੇਗੀ? ਪੂੰਜੀਵਾਦੀ ਨਿਜਾਮ ਵਿੱਚ ਇਹ ਸੰਭਵ ਨਹੀਂ। ਗੁਰਸ਼ਰਨ ਸਿੰਘ ਦੀ ਬੌਧਕਿਤਾ ਇਸ ਤੱਥ ਨੂੰ ਮਹਿਸੂਸ ਕਰਦੀ ਸੀ। ਜਿੰਨਾਂ ਤਬਕਾਤੀ ਘੋਲਾਂ ਰਾਹੀਂ ਅਸੀਂ ਆਰਥਿਕ ਸੁਧਾਰ ਦੀ ਤਵੱਕੋਂ ਕਰਦੇ ਹਾਂ ਗੁਰਸ਼ਰਨ ਸਿੰਘ ਨੇ ਮਿਲੇ ਹੋਏ ਰੁਜਗਾਰ ਨੂੰ ਠੁਕਰਾਕੇ ਲੋਕ ਮੁਕਤੀ ਦਾ ਮਾਰਗ ਚੁਣਿਆ। ਆਰਥਿਕ ਹਿੱਤਾਂ ਨੂੰ ਕੁਰਬਾਨ ਕਰਕੇ ਹੀ ਇਸ ਰਾਹ ਤੇ ਤੁਰਿਆ ਜਾ ਸਕਦਾ ਸੀ। ਉਹਨਾਂ ਦੇ ਜਾਣ ਤੋਂ ਬਾਅਦ ਸਭ ਕਾਰਜਸ਼ੀਲ ਗਰੁੱਪ ਚਾਹੁੰਦੇ ਹਨ ਕਿ ਗੁਰਸ਼ਰਨ ਸਿੰਘ ਸਿਰਫ਼ ਉਹਨਾਂ ਦਾ ਹੈ ਜਦ ਕਿ ਇਸ ਯਥਾਰਥ ਨੂੰ ਕੋਈ ਵੀ ਅੱਗੇ ਨਹੀਂ ਲਿਜਾ ਰਿਹਾ ਕਿ ਗੁਰਸ਼ਰਨ ਸਿੰਘ ਹਰ ਕਿਰਤੀ ਮਨੁੱਖ ਦਾ ਹੈ। ਕਿਸੇ ਧੜੇ ਜਾਂ ਗਰੁੱਪ ਦਾ ਨਹੀਂ ਹੈ ਜਿਵੇਂ ਅਸਮਾਨ ਵਿੱਚ ਏਧਰ-ਓਧਰ ਡਿਕਡੋਲੇ ਖਾ ਰਹੇ ਪਤੰਗ ਨੂੰ ਇੱਕ ਲੀਰ ਦੇ ਪੂੰਛੇ ਦੀ ਲੋੜ ਹੁੰਦੀ ਹੈ। ਉਸੇ ਤਰ੍ਹਾਂ ਵੱਖ-ਵੱਖ ਧੜਿਆਂ ਨੂੰ ਖਲਾਅ ਵਿੱਚ ਟਿਕਾਓ ਲਈ ਗੁਰਸ਼ਰਨ ਸਿੰਘ ਦੀ ਲੋੜ ਉਭਾਸਰ ਰਹੀ ਹੈ ਕਿਉਂਕਿ ਸ਼ਹੀਦ ਭਗਤ ਸਿੰਘ ਤੋਂ ਬਾਅਦ ਵੀਹਵੀਂ ਸਦੀ ਦਾ ਦੂਸਰਾ ਲੋਕ ਨਾਇਕ ਗੁਰਸ਼ਰਨ ਸਿੰਘ ਹੈ ਜੋ ਸਰਵ ਪ੍ਰਵਾਨਤ

ਹੈ। ਗੁਰਸ਼ਰਨ ਸਿੰਘ ਯੁੱਗ ਗਰਦੀ ਲਈ, ਲੋਕ ਪੱਖੀ ਤਬਦੀਲੀ ਲਈ ਭਗਤ ਸਿੰਘ ਦੀ ਵਿਚਾਰਧਾਰਾ ਨੂੰ ਅਮਲੀ ਜਾਮਾ ਪਹਿਨਾਉਣ ਲਈ ਸਭ ਧਿਰਾਂ ਦੀ ਏਕਤਾ ਦੇ ਮੁਦੱਈ ਸਨ। ਇਸ ਯਤਨ ਲਈ ਉਹ 1977-78 ਵਿੱਚ ਏਕਤਾ ਕਮੇਟੀ ਵਿੱਚ ਆਏ। ਪਰ ਇਹ ਧੜੇ ਇੱਕ ਨਹੀਂ ਹੋਏ। ਇਹ ਗੁਰਸ਼ਰਨ ਸਿੰਘ ਦੇ ਨਮਿੱਤ ਸਿਰਫ ਇੱਕ ਸ਼ਰਧਾਂਜਲੀ ਸਮਾਗਮ ਕਰਨ ਲਈ ਵੀ ਸਹਿਮਤੀ ਨਹੀਂ ਦੇ ਸਕੇ। ਇਹ ਆਪੋ ਧਾਪੀ ਕੋਈ ਸ਼ੁਭ ਸੰਕੇਤ ਨਹੀਂ ਹੈ।

ਦੂਸਰਾ ਸਵਾਲ ਕਿ ਇਹ ਧੜੇ ਗੁਰਸ਼ਰਨ ਸਿੰਘ ਦੀ ਸਖਸ਼ੀਅਤ ਨੂੰ ਕੀ ਮੰਨਦੇ ਹਨ? ਸਿਰਫ਼ ਨਾਟਕਕਾਰ, ਸਾਹਿਤਕਾਰ ਜਾਂ ਕਲਾਕਾਰ? ਹੁਣ ਤੱਕ ਹੋਏ ਦੋ ਵੱਡੇ ਸਮਾਗਮ ਉਹਨਾਂ ਨੂੰ ਏਥੋਂ ਤੱਕ ਹੀ ਸੀਮਤ ਕਰਦੇ ਹਨ। ਉਹਨਾਂ ਦੇ ਇਸ ਪੱਖ ਨੂੰ ਤਾਂ ਸਰਕਾਰ ਦਾ ਦੂਰਦਰਸ਼ਨ ਕੇਂਦਰ ਵੀ ਮੰਨਦਾ ਹੈ। ਕਿਸੇ ਵੀ ਧੜੇ ਨੇ ਉਹਨਾਂ ਨੂੰ ਇੱਕ ਸੱਚੇ ਸੁੱਚੇ ਕਮਿਊਨਿਸਟ ਇਨਕਲਾਬੀ ਨਹੀਂ ਮੰਨਿਆ। ਗੁਰਸ਼ਰਨ ਸਿੰਘ ਦੀ ਸਖਸ਼ੀਅਤ ਨੂੰ ਇਸ ਪੱਖੋਂ ਦਰ ਕਿਨਾਰ ਕਰਨਾ ਇੱਕ ਬਹੁਤ ਵੱਡੀ ਇਤਿਹਾਸਕ ਭੁੱਲ ਹੋਵੇਗੀ। ਇਹ ਸੱਚ ਅਵਾਮ ਤੱਕ ਲੈ ਕੇ ਜਾਣਾ ਹੋਵੇਗਾ ਕਿ ਗੁਰਸ਼ਰਨ ਸਿੰਘ ਇੱਕ ਸੱਚੇ ਸੁੱਚੇ ਕਮਿਊਨਿਸਟ ਇਨਕਲਾਬੀ ਦੇ ਨਾਲ-ਨਾਲ ਪ੍ਰਤੀਬੱਧ ਨਾਟਕਕਾਰ ਵੀ ਸਨ। ਇਸ ਕਮਿਊਨਿਸਟ ਇਨਕਲਾਬੀ ਨੇ ਨਾਟਕ ਕਲਾਂ ਨੂੰ ਲੋਕਾਂ ਵਿੱਚ ਜਾਣ ਲਈ ਇੱਕ ਜਰੀਆ ਬਣਾਇਆ। ਜਿਵੇਂ ਭਾਸ਼ਾ ਇੱਕ ਜਰੀਆ ਹੈ। ਭਗਤ ਸਿੰਘ ਦੇ ਵਿਚਾਰਾਂ ਨੂੰ ਪੰਜਾਬ ਵਿੱਚ ਪੰਜਾਬੀ ਭਾਸ਼ਾ, ਦੱਖਣੀ ਭਾਰਤ ਵਿੱਚ ਅੰਗਰੇਜੀ, ਤਾਮਿਲ, ਮਰਾਠੀ ਤੇ ਬੰਗਾਲ ਵਿੱਚ ਬੰਗਲਾ ਭਾਸ਼ਾ ਦੇ ਜ਼ਰੀਏ ਰਾਹੀਂ ਲੋਕਾਂ ਵਿੱਚ ਲਿਜਾਇਆ ਜਾ ਸਕਦਾ ਹੈ। ਗੁਰਸ਼ਰਨ ਸਿੰਘ ਨੇ ਆਪਣੀ ਨਾਟ ਕਲਾ ਰਾਹੀਂ ਗੁਰੂ ਨਾਨਕ ਦੇਵ ਜੀ ਦਾ "ਸੋ ਕਿਓ ਮੰਦਾ ਆਖੀਐ" "ਸਭੈ ਸਾਂਝੀਵਾਲ ਸਦਾਇਨ ਕੋਊ ਨਾ ਦੀਸੈ ਬਾਹਰਾ ਜੀਓ" ਗੁਰੂ ਗੋਬਿੰਦ ਸਿੰਘ ਜੀ ਦਾ "ਚੁੰਕਾਰ ਅਜ ਹੁਮਾ ਹੀਲਤੇ ਦਰ ਗੁਜਸ਼ਤ ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ॥ ਦੇ ਹਥਿਆਰ ਬੰਦ ਘੋਲ ਦਾ ਪੈਗਾਮ, ਮਾਰਕਸਵਾਦ ਦਾ ਸੁਨੇਹਾ, ਸ਼ਹੀਦ ਭਗਤ ਸਿੰਘ ਦਾ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖ਼ਤਮ ਕਰਨ ਦਾ ਪੈਗਾਮ ਤੇ ਸਾਮਰਾਜਵਾਦ-ਮੁਰਦਾਬਾਦ ਦਾ ਸੰਦੇਸ਼ ਇਸ ਨਾਟ ਕਲਾ ਦੇ ਜ਼ਰੀਏ ਲੋਕ ਸੱਥਾਂ ਵਿੱਚ ਲੈ ਕੇ ਗਏ। ਇਹ ਉਹਨਾਂ ਦੀ ਇਨਕਲਾਬੀ ਪ੍ਰਤੀਬੱਧਤਾ ਸੀ। ਦੂਸਰੇ ਪਾਸੇ 1947 ਤੋਂ ਬਾਅਦ ਆਏ ਉਭਾਰਾਂ 'ਚੋਂ ਪੁੰਗਰੇ ਹਜ਼ਾਰਾਂ ਇਨਕਲਾਬੀ ਹੋਣਗੇ ਜੋ ਇਨਕਲਾਬੀ ਯਤਨਾਂ ਦਾ ਮੇਲਾ ਦੇਖਕੇ ਵਿਦੇਸ਼ਾ ਵਿੱਚ ਧਨਾਢ ਬਣੇ ਬੈਠੇ ਇਨਕਲਾਬੀ ਠਰਕ ਭੋਰ ਰਹੇ ਹਨ। ਹਜ਼ਾਰ ਏਥੇ ਵੱਖ-ਵੱਖ ਕਿਸਮਾਂ 'ਚ ਖਪਤ ਹੋ ਕੇ ਦੌਲਤ ਇਕੱਠੀ ਕਰਕੇ ਆਲੀਸ਼ਾਨ ਬੰਗਲਿਆਂ ਵਿੱਚ ਰਹਿ ਰਹੇ ਹਨ। ਉਹ ਲੋਟੂ ਪਾਰਟੀਆਂ ਦੇ ਦੁੰਮ ਛੱਲੇ ਤਾਂ ਬਣ ਗਏ ਹੋਣਗੇ ਪਰ ਉਹ ਕਦੇ ਮਜ਼ਦੂਰ ਬਸਤੀਆਂ ਵਿੱਚ ਨਹੀਂ ਗਏ। ਜ਼ਰਾ ਸੋਚੋਂ ਕੀ ਗੁਰਸ਼ਰਨ ਸਿੰਘ ਅਜਿਹੇ ਬਣੇ? ਜੇ ਉਹ ਨਹੀਂ ਬਣੇ ਤਾਂ ਉਹ ਕਿਹੜੀ ਭਾਵਨਾ ਸੀ ਜਿਸਨੇ ਉਹਨਾਂ ਨੂੰ ਐਨੀ ਮਾਨਸਿਕ ਤਾਕਤ ਪ੍ਰਦਾਨ ਕੀਤੀ। ਬਿਨਾਂ ਸ਼ੱਕ ਕਹਿ ਸਕਦੇ ਹਾਂ ਕਿ ਉਹ ਪ੍ਰਤੀਬੱਧ ਕਮਿਊਨਿਸਟ ਇਨਕਲਾਬੀ ਸਨ ਫਿਰ ਕਮਿਊਨਿਸਟ ਗਰੁੱਪਾਂ ਨੂੰ ਇਹ ਸਵੀਕਾਰਨ ਵਿੱਚ ਇਹ ਝਿਜਕ ਕਿਉਂ? ਇਸ ਤੋਂ ਅੱਗੇ ਚਲਦੇ ਹਾਂ। ਨਾਟਕਕਾਰ ਤਾਂ ਹੋਰ ਵੀ ਹਨ ਉਹ ਲੋਕ ਪੱਖੀ ਗੱਲ ਵੀ ਕਰਦੇ ਹਨ। ਗੁਰਸ਼ਰਨ ਸਿੰਘ ਦੀ ਹਸਤੀ ਅੱਗੇ ਉਹ ਦਾਅਵਾ ਵੀ ਕਰਦੇ ਹਨ ਸੰਕਲਪ ਵੀ ਲੈ ਰਹੇ ਹਨ ਪਰ ਕੀ ਉਹ ਕਮਿਊਨਿਸਟ ਇਨਕਲਾਬੀ ਹਨ? ਇਸਦਾ ਜਵਾਬ ਸ਼ਾਇਦ ਉਹ ਵੀ ਨਾ ਦੇ ਸਕਣ ਪਰ ਗੁਰਸ਼ਰਨ ਸਿੰਘ ਕਿਰਤੀ ਲੋਕਾਂ ਦਾ ਕਮਿਊਨਿਸਟ ਕਲਾਕਾਰ ਸੀ। ਉਹਨਾਂ ਨੂੰ ਕਿਰਤੀ ਲੋਕਾਂ ਵਾਂਗ ਹੱਥ ਤੇ ਸਾਦੀ ਰੋਟੀ ਰੱਖਕੇ ਅਚਾਰ ਨਾਲ ਖਾਣ ਤੋਂ ਸੰਕੋਚ ਨਹੀਂ ਸੀ। ਮਜ਼ਦੂਰਾਂ ਦੀ ਬਸਤੀ ਦਾ ਥੜ੍ਹਾ ਨੁੱਕੜ ਨਾਟਕਾਂ ਲਈ ਕਿਸੇ ਗਲੀ ਦਾ ਖੂੰਜਾ ਉਹਨਾਂ ਦਾ ਲੋਕ ਮੰਚ ਸੀ। ਆਪਣੀ ਕਲਾ ਲਈ ਉਹਨਾਂ ਕਦੇ ਕੋਈ ਰੇਟ ਤਹਿ ਨਹੀਂ ਸੀ ਕੀਤਾ। ਦੂਸਰੇ ਪਾਸੇ ਇਕ ਸਵਾਲ ਉਹ ਆਪਣੇ ਨਾਟ-ਵਾਰਸਾਂ ਲਈ ਵੀ ਛੱਡ ਗਏ ਹਨ ਜਿੰਨਾ ਉਹਨਾਂ ਦੀ ਉਂਗਲ ਫੜ੍ਹਕੇ ਨਾਟ ਕਲਾ ਵਿੱਚ ਪ੍ਰਵੇਸ਼ ਕੀਤਾ। ਕੱਲ੍ਹ ਨੂੰ ਜੇ ਉਹ ਇਹ ਕਹਿਣ ਕਿ ਉਹਨਾਂ ਵਲੋਂ ਸੈਟ ਲਗਾਕੇ ਖੇਡੇ ਜਾਣ ਵਾਲੇ ਨਾਟਕਾਂ ਦਾ ਰੇਟ 10-15 ਹਜ਼ਾਰ ਤੋਂ ਦੋ ਲੱਖ ਤੱਕ ਹੈ ਤਾਂ ਗੁਰਸ਼ਰਨ ਸਿੰਘ ਦਾ ਪੈਗਾਮ ਤੇ ਅਧੂਰਾ ਕਾਜ ਝੋਂਪੜ ਪੱਟੀਆਂ, ਮਜ਼ਦੂਰ ਬਸਤੀਆਂ ਅਤੇ ਕਿਰਤੀ ਲੋਕਾਂ ਦੇ ਥੜ੍ਹੇ ਤੇ ਕਿਵੇਂ ਪਹੁੰਚੇਗਾ? ਜਿਸ ਗੁਰਸ਼ਰਨ ਸਿੰਘ ਦੀ ਉਂਗਲ ਫੜ੍ਹਕੇ ਉਹਨਾਂ ਨੇ ਨਾਟ ਕਲਾ ਸਿੱਖੀ ਹੈ ਉਸ ਉਂਗਲੀ ਦੀ ਆਪਣੇ ਲੋਕਾਂ ਪ੍ਰਤੀ ਕਮਿਊਨਿਸਟ ਇਨਕਲਾਬੀ ਪ੍ਰਤੀਬੱਧਤਾ ਸਿੱਖਣੀ ਤੇ ਮਹਿਸੂਸ ਕਰਨੀ ਪਹਿਲੀ ਪਹੁੰਚ ਬਣਨੀ ਜ਼ਰੂਰੀ ਹੈ।

ਗੁਰਸ਼ਰਨ ਸਿੰਘ ਵਰਗ ਬੰਦਸਾਂ ਤੋਂ ਉਪਰ ਉੱਠੇ ਹੋਏ ਮਨੁੱਖ ਸਨ। ਉਹਨਾਂ ਕਦੇ ਵੀ ਆਪਣੀ ਸਖ਼ਸ਼ੀਅਤ ਨੂੰ ਸਿੱਖ ਹੋਣ ਨਾਲ, ਜੱਟਵਾਦ ਨਾਲ ਜੁੜੇ ਢਿੱਲੋਂ, ਬਰਾੜ, ਗਿੱਲ ਦੇ ਦਾਇਰੇ ਵਿੱਚ ਸੀਮਤ ਨਹੀਂ ਕੀਤਾ। ਉਹਨਾਂ ਕਦੇ ਵੀ ਉੱਚ ਜਾਤੀ 'ਚੋਂ ਹੋਣ ਦਾ ਦਾਅਵਾ ਨਹੀਂ ਕੀਤਾ ਨਾ ਹੀ ਉਹਨਾਂ ਆਪਣੇ ਆਪ ਨੂੰ ਕਿਸੇ ਕਾਰਜਸ਼ੀਲ ਕਮਿਊਨਿਸਟ ਗਰੁੱਪਾਂ ਦੇ ਵਿਅਕਤੀਵਾਦੀ ਗਰੁੱਪ ਨਾਲ ਜੋੜਿਆ। ਪਰ ਅੱਜ ਇਹ ਗਰੁੱਪਾਂ ਦੀ ਲੋੜ ਬਣ ਗਈ ਹੈ ਕਿ ਉਹ ਗੁਰਸ਼ਰਨ ਸਿੰਘ ਨੂੰ ਆਪਣੇ ਗਰੁੱਪ ਦੇ ਨਾਪ ਦਾ ਬਣਾ ਸਕਣ। ਦੇਸ਼ ਦੀ ਵੰਡ ਸਮੇਂ ਜਦ ਉਹ ਭਰ ਜਵਾਨ ਸਨ। ਜਦੋਂ ਅੰਮ੍ਰਿਤਧਾਰੀ-ਜ਼ਹਿਰਧਾਰੀ ਹੋ ਕੇ ਲੁੱਟਮਾਰ ਤੇ ਕਤਲੇਆਮ ਕਰ ਰਹੇ ਸਨ ਤਾਂ ਅੰਮ੍ਰਿਤਸਰ ਵਿਚ ਨੌਜਵਾਨ ਲੜਕੀਆਂ ਨੂੰ ਅਲਫ ਨੰਗਿਆਂ ਕਰਕੇ ਬਜ਼ਾਰਾਂ ਵਿਚ ਫੇਰਿਆ ਜਾ ਰਿਹਾ ਸੀ ਤਾਂ ਗੁਰਸ਼ਰਨ ਸਿੰਘ ਦੇ ਸਿਰ ਦੀ ਦਸਤਾਰ ਨੇ ਉਨ੍ਹਾਂ ਅਬਲਾਵਾਂ ਦੇ ਨੰਗੇਜ ਕੱਜਣ ਦਾ ਅਹਿਮ ਕਾਰਜ ਕੀਤਾ ਸੀ। ਅਜਿਹਾ ਸੁਭ ਕਰਮਨ ਤਾਂ ਕਰਤਾਰ ਸਿੰਘ ਤੇ ਮਾਸਟਰ ਤਾਰਾ ਸਿੰਘ ਦੇ ਹਿੱਸੇ ਨਹੀਂ ਆ ਸਕਿਆ। ਜਦੋਂ ਭਾਖੜਾ ਡੈਮ ਨੂੰ ਲੋਕਾਂ ਦੇ ਅਰਪਨ ਕੀਤਾ ਗਿਆ ਤੇ ਇਸ ਸਮੇਂ ਨਹਿਰੂ ਦਾ ਹਕੂਮਤੀ ਲਾਣਾ ਪਧਾਰਿਆ ਤਾਂ ਆਮ ਕਿਰਤੀਆਂ ਨੂੰ ਸ਼ਿਰਕਤ ਕਰਨ ਦੀ ਆਗਿਆ ਨਹੀਂ ਸੀ। ਉਸ ਸਮੇਂ ਨਹਿਰੂ ਨੇ ਭਾਖੜਾ ਡੈਮ ਨੂੰ ਵੀਹਵੀਂ ਸਦੀ ਦਾ ਆਧੁਨਿਕ ਮੰਦਰ ਕਿਹਾ ਸੀ। ਇਸ ਤੋਂ ਪਹਿਲੀਆਂ ਸਦੀਆਂ ਵਿੱਚ ਵੀ ਕਿਰਤੀ ਲੋਕਾਂ ਨੂੰ ਪ੍ਰੰਪਰਾਗਤ ਮੰਦਰਾਂ ਵਿੱਚ ਆਉਣ ਦੀ ਇਜਾਜਤ ਨਹੀਂ ਸੀ। 20 ਵੀਂ ਸਦੀ ਦੇ ਇਸ ਮੰਦਰ ਵਿਚ ਕਿਰਤੀਆਂ ਦੀ ਆਮਦ ਨੂੰ ਵਰਜਿਤ ਕਰਕੇ ਨਹਿਰੂ ਨੇ ਆਪਣੇ ਪੁਰਖਿਆਂ ਦੀ ਨੀਤੀ ਦਾ ਸਬੂਤ ਦੇ ਦਿੱਤਾ। ਪਰ ਗੁਰਸ਼ਰਨ ਸਿੰਘ ਨੇ ਕਿਰਤੀ ਹੱਥਾਂ ਦੀ ਬਰਕਤ ਨੂੰ ਮਹਿਸੂਸ ਕਰਦਿਆਂ ਉਨ੍ਹਾਂ ਨੂੰ ਵਿਸ਼ੇਸ਼ ਮਾਣ ਦੇ ਕੇ "ਲੋਹੜੀ ਦੀ ਹੜਤਾਲ" ਨਾਟਕ ਖੇਡਿਆ ਕਿਉਂਕਿ ਭਾਖੜਾ ਡੈਮ ਇਹਨਾਂ ਕਿਰਤੀ ਹੱਥਾਂ ਦੀ ਸਿਰਜਣਾ ਸੀ ਜਿੰਨਾ ਆਪਣੇ ਸਿਰਾਂ ਤੇ ਟੋਕਰੀਆਂ ਚੁੱਕੀਆਂ ਸਨ।

1975 ਵਿਚ ਐਮਰਜੈਂਸੀ ਲਗਾਈ ਗਈ। ਕਾਲੇ ਕਾਨੂੰਨਾਂ ਤਹਿਤ ਭਾਅ ਜੀ ਨੂੰ ਜੇਲ੍ਹ ਡੱਕਿਆ ਗਿਆ। ਗਿਆਨੀ ਜੈਲ ਸਿੰਘ ਨੂੰ ਗੁਰਸ਼ਰਨ ਸਿੰਘ ਦੇ ਸਿੱਖ ਇਤਿਹਾਸ ਨਾਲ ਸਬੰਧਿਤ ਨਾਟਕਾਂ ਤੋਂ

ਬਗਾਵਤ ਦੀ ਬੋ ਮਹਿਸੂਸ ਹੋਈ ਸੀ ਉਨ੍ਹਾਂ ਪੰਜਾਬ ਤੋਂ ਬਾਹਰ ਇਹਨਾਂ ਦੀ ਪ੍ਰਸੰਸਾ ਕੀਤੀ ਤੇ ਪੰਜਾਬ ਵਿੱਚ ਨਾਟਕਾਂ ਤੇ ਪਾਬੰਦੀ ਲਗਾਈ। ਮਾਰਚ 1977 ਵਿਚ ਹਕੂਮਤਾਂ ਬਦਲੀਆਂ ਤੇ ਉਨ੍ਹਾਂ ਲਈ ਐਮਰਜੈਂਸੀ ਕੁਰਸੀ ਬਦਲਣ ਦਾ ਅਧਾਰ ਬਣੀ ਉਥੇ ਗੁਰਸ਼ਰਨ ਸਿੰਘ ਨੇ ਸਰਕਾਰੀ ਨੌਕਰੀ ਠੁਕਰਾ ਕੇ ਕਿਰਤੀ ਲੋਕਾਂ ਦੇ ਜਜਬਿਆਂ ਨੂੰ ਇਨਕਲਾਬੀ ਸੇਧ ਦੇਣ, ਭਗਤ ਸਿੰਘ ਦੇ ਪੈਗਾਮ ਨੂੰ ਪਿੰਡ-ਪਿੰਡ ਲਿਜਾਣ ਦਾ ਰਾਹ ਚੁਣਿਆਂ। ਫਿਰ ਦੋ-ਤਿੰਨ ਸਾਲਾਂ ਬਾਅਦ ਫਿਰਕੂ ਐਮਰਜੈਂਸੀ ਦੌਰਾਨ ਧੜੱਲੇ ਨਾਲ ਇਸ ਦਾ ਵਿਰੋਧ ਕੀਤਾ। "ਏਤੀ ਮਾਰ ਪਈ ਕੁਰਲਾਣੇ" ਦੀ ਸੁਰ ਨੂੰ ਬੁਲੰਦ ਕੀਤਾ। ਕੀ ਇਸ ਦੌਰਾਨ ਨਾਮੀ ਗ੍ਰਾਮੀ ਨਾਟਕਕਾਰ ਪੰਜਾਬ ਵਿੱਚ ਨਹੀਂ ਸਨ? ਜ਼ਰੂਰ ਸਨ ਜੋ ਜੋਖਮ ਲੈ ਕੇ ਕਿਸੇ ਵੀ ਕੀਮਤ ਤੇ ਲੋਕ ਸੱਥਾਂ ਵਿਚ ਆਉਣ ਲਈ ਤਿਆਰ ਨਹੀਂ ਸਨ। ਜ਼ਿੰਦਗੀ ਦੀ ਗਰੰਟੀ ਉਨ੍ਹਾਂ ਦੀ ਪਹਿਲੀ ਸ਼ਰਤ ਸੀ। ਪਰ ਇਹ ਕਾਰਜ ਸਿਰਫ ਗੁਰਸ਼ਰਨ ਸਿੰਘ ਦੇ ਹਿੱਸੇ ਆਇਆ। ਇਹ ਕਿਉਂ ਆਇਆ?...ਉਹ ਲੋਕਪੱਖੀ ਤੇ ਪ੍ਰਤੀਬੱਧ ਕਮਿਊਨਿਸਟ ਇਨਕਲਾਬੀ ਸਨ। ਪੂਰੀ ਅੱਧੀ ਸਦੀ ਉਹ ਕਾਰਜਸ਼ੀਲ ਰਹੇ। ਅੱਜ ਉਹ ਭੌਤਿਕ ਰੂਪ ਵਿਚ ਸਾਡੇ ਦਰਮਿਆਨ ਨਹੀਂ ਹਨ। ਉਨ੍ਹਾਂ ਦੀ ਆਵਾਜ਼ ਅੱਜ ਵੀ ਕੰਨਾਂ ਵਿਚ ਗੂੰਜਦੀ ਹੈ ਤੇ ਗੂੰਜਦੀ ਰਹੇਗੀ। ਉਹ ਬਕਮਾਲ-ਜੁਅਰਤ ਸਨ। ਕਿਸੇ ਇਨਕਲਾਬੀ ਮੰਚ ਤੇ ਜਦ ਉਹ ਲੱਚਰ ਗੀਤ ਦੀ ਆਵਾਜ਼ ਸੁਣਦੇ ਤਾਂ ਤੜਫ ਉਠਦੇ। ਗੁੱਸੇ ਵਿੱਚ ਲਾਲ ਹੋ ਜਾਂਦੇ ਤੇ ਉਸ ਗੀਤ ਨੂੰ ਬੰਦ ਕਰਵਾ ਦਿੰਦੇ ਕੀ ਉਨ੍ਹਾਂ ਦੇ ਵਾਰਸ ਕਹਾਉਂਦੇ ਨਾਟਕਕਾਰ ਇਹ ਜੁਅਰਤ ਪੈਦਾ ਕਰ ਸਕਣਗੇ ਜਾਂ ਮੂਕ ਦਰਸ਼ਕ ਬਣ ਕੇ ਬਰਦਾਸ਼ਤ ਕਰਨਗੇ।

ਹਰ ਸਾਲ ਪਹਿਲੀ ਮਈ ਤੇ ਪਹਿਲੀ ਨਵੰਬਰ ਦੇ ਮੇਲਾ ਗਦਰੀ ਬਾਬਿਆਂ ਦੇ ਸਮਾਗਮਾਂ ਤੇ ਉਨ੍ਹਾਂ ਦੀ ਅਵਾਜ਼ ਗੂੰਜਦੀ। ਉਨ੍ਹਾਂ ਨੂੰ ਮਿਲਣ ਦੀ, ਉਹਨਾਂ ਨੂੰ ਦੇਖਣ ਦੀ ਹਰ ਦਰਸ਼ਕ ਅੰਦਰ ਇੱਕ ਸਿੱਕ ਹੁੰਦੀ। ਆਪਣੀਆਂ ਸਿਹਤ ਸਮੱਸਿਆਵਾਂ ਦੇ ਬਾਵਜੂਦ ਵੀ ਉਹ ਹਾਜ਼ਰੀ ਲੁਆਉਂਦੇ। ਇਸ ਸਾਲ ਅਜਿਹੇ ਇੱਕ ਸਮਾਗਮ ਤੇ ਉਨ੍ਹਾਂ ਦੀ ਡਾਕਟਰ ਬੇਟੀ ਨੇ ਪ੍ਰਬੰਧਕਾਂ ਤੇ ਮੰਚ ਸੰਚਾਲਕ ਨੂੰ ਗੁਜਾਰਿਸ਼ ਕੀਤੀ ਕਿ ਉਨ੍ਹਾਂ ਦਾ ਨਾਟਕ 10-11 ਵਜੇ ਕਰਵਾ ਦਿੱਤਾ ਜਾਵੇ ਤਾਂ ਜੋ ਉਹ ਅਰਾਮ ਕਰ ਸਕਣ। ਪਰ ਮੰਚ ਸੰਚਾਲਕ ਤੇ ਪ੍ਰਬੰਧਕਾਂ ਨੇ ਇਨਕਾਰ ਕਰ ਦਿੱਤਾ ਤੇ ਭਾਅ ਜੀ ਦਾ ਨਾਟਕ ਢਾਈ ਤਿੰਨ ਵਜੇ ਹੀ ਕਰਵਾਇਆ ਗਿਆ। ਇਸ ਵਰਤਾਰੇ ਤੇ ਇੱਕ ਸਵਾਲ ਜ਼ਰੂਰ ਉਠਿਆ ਕਿ ਕੀ ਇਨਕਲਾਬੀ ਐਹੋ ਜੇਹੇ ਹੁੰਦੇ ਹਨ? ਫਿਰ ਇਨ੍ਹਾਂ ਵਿਚ ਤੇ ਮਾਨਸਿਕ ਤਸੀਹੇ ਦੇਣ ਵਾਲੇ ਪੁਲਸੀਏ ਵਿੱਚ ਕੀ ਫਰਕ ਰਹਿ ਗਿਆ। ਕੀ ਉਨ੍ਹਾਂ ਦੀ ਐਨੀ ਘਾਲਣਾ ਤੇ ਸਰੀਰਕ ਤਕਲੀਫ ਇਸ ਕਾਬਲ ਨਹੀਂ ਸੀ ਕਿ ਗੁਰਸ਼ਰਨ ਭਾਅ ਜੀ ਦਾ ਨਾਟਕ 10-11 ਵਜੇ ਕਰਵਾਕੇ ਉਨ੍ਹਾਂ ਨੂੰ ਅਰਾਮ ਕਰਨ ਦਿੱਤਾ ਜਾਂਦਾ। ਕੀ ਅਜਿਹੇ ਇਨਕਲਾਬੀਆਂ ਨੂੰ ਉਨ੍ਹਾਂ ਪ੍ਰਤੀ ਕੀਤਾ ਇਹ ਵਤੀਰਾ ਯਾਦ ਆਇਆ ਹੋਵੇਗਾ? ਪਰ ਅੱਜ ਉਨ੍ਹਾਂ ਦੇ ਗਰੁੱਪ ਦੀ ਇਹ ਇੱਛਾ ਹੋਵੇਗੀ ਕਿ ਗੁਰਸ਼ਰਨ ਸਿੰਘ ਦੀ ਹਸਤੀ ਉਹਨਾਂ ਦੇ ਧੜੇ ਦੇ ਮੰਚ ਦੀ ਹੋਵੇ। ਗੁਰਸ਼ਰਨ ਸਿੰਘ ਉਨ੍ਹਾਂ ਦੇ ਮਨ ਦੀ ਕੰਨਸ ਦਾ ਸ਼ਿੰਗਾਰ ਬਣੇ। ਇਸ ਮੌਕੇ ਇਕ ਸ਼ਾਇਰ ਦੀਆਂ ਸਤਰਾਂ ਯਾਦ ਆ ਰਹੀਆਂ ਹਨ। ਉਂਜ ਇਹ ਕਾਵਿ-ਸਤਰਾਂ ਸਾਮਰਾਜ ਵੱਲੋਂ ਹਰ ਸ਼ੈ-ਹਥਿਆਉਣ ਤੇ ਉਸ ਤੇ ਕਬਜਾ ਕਰਨ ਦੀ ਬਦਨੀਤ ਨੂੰ ਉਜਾਗਰ ਕਰਦੀਆਂ ਹਨ। ਬਕੌਲ ਸ਼ਾਇਰ:-

ਉਹ ਚਾਹੁੰਦੇ ਨੇ ਕਿ,
ਇਸ ਧਰਤੀ ਤੇ ਕੋਈ ਫੁੱਲ ਨਾ ਖਿੜੇ।
ਜੇ ਖਿੜੇ ਤਾਂ ਸਿਰਫ ਤੇ
ਸਿਰਫ ਉਹਨਾਂ ਦੀ ਕਨਸ ਦਾ ਸ਼ਿੰਗਾਰ ਬਣੇ।

ਪਰ ਆਪਣੇ ਆਪ ਨੂੰ ਲੋਕ-ਪੱਖੀ ਤੇ ਇਨਕਲਾਬੀ ਕਹਾਉਂਦੀਆਂ ਧਿਰਾਂ ਵਿੱਚ ਇੱਕ ਹੋੜ ਲੱਗੀ ਹੋਈ ਕਿ ਗੁਰਸ਼ਰਨ ਸਿੰਘ ਨਾਂ ਦਾ ਸੂਹਾ ਫੁੱਲ ਸਿਰਫ ਉਨ੍ਹਾਂ ਦੇ ਮੱਠ ਦਾ ਸ਼ਿੰਗਾਰ ਬਣੇ।

ਇਹ ਲੇਖ ਗੁਰਸ਼ਰਨ ਸਿੰਘ ਦੀ ਸ਼ਖਸ਼ੀਅਤ, ਕਲਾ ਤੇ ਉਨ੍ਹਾਂ ਦੀਆਂ ਜੀਵਨ ਘਾਲਣਾਵਾਂ ਦਾ ਇੱਕ ਕਤਰਾ ਵੀ ਨਹੀਂ ਹੈ। ਇੱਕ ਸਰਸਰੀ ਝਾਤ ਹੈ। ਪਰ ਉਨਾਂ ਦੇ ਜਾਣ ਤੋਂ ਬਾਅਦ ਸਮੁੱਚੀਆਂ ਸਥਿਤੀਆਂ ਨੂੰ ਦੇਖਦਿਆਂ ਸਦਾਅਤ ਹਸਨਮੰਟੋ ਦੀ ਕਹਾਣੀ ਦੇ ਪਾਤਰ ਟੋਭਾ ਟੇਕ ਸਿੰਘ ਦਾ ਬਿਤਰਾਤ ਚੇਤੇ ਆਉਂਦਾ ਹੈ ਕਿ ਉਹ ਵੰਡੇ ਹੋਏ ਦੇਸ਼ ਦੇ ਕਿਹੜੇ ਹਿੱਸੇ ਨੂੰ ਅਪਾਣਾ ਕਹੇ? ਕਿਹੜੇ ਪਾਸੇ ਜਾਵੇ? ਇਸ ਤਰ੍ਹਾਂ ਲੱਗਦੈ ਜਿਵੇਂ ਗੁਰਸ਼ਰਨ ਸਿੰਘ ਟੋਭਾ ਟੇਕ ਸਿੰਘ ਦਾ ਪਾਤਰ ਬਣ ਕੇ ਬੋਲ ਰਿਹਾ ਹੋਵੇ। ਉਸ ਨੂੰ ਤਾਂ ਸਾਰੇ ਹੀ ਆਪਣੇ ਲੱਗਦੇ ਹਨ। ਪਰ ਉਸ ਨੂੰ ਸਾਂਝਾ ਮੰਨਣ ਤੋਂ ਇਨਕਾਰੀ ਹੋ ਗਏ ਹਨ। ਇਸੇ ਕਰਕੇ ਇੱਕ ਸ਼ਰਧਾਂਜਲੀ ਸਮਾਗਮ ਕਰਨ ਲਈ ਸਹਿਮਤੀ ਨਹੀਂ ਬਣ ਸਕੀ। ਆਪਣੀ ਮੱਠ ਹਿਊਮੇ ਤਿਆਗ ਨਹੀਂ ਸਕੇ। ਇਸ ਹਿਊਮੈ ਤੇ ਗੁਰਸ਼ਰਨ ਸਿੰਘ ਟੋਭਾ ਟੇਕ ਸਿੰਘ ਵਾਲੀ ਮਾਨਸਿਕ ਸਥਿਤੀ ਵਿੱਚੋਂ ਗੁਜਰਦਾ ਮਹਿਸੂਸ ਹੁੰਦਾ ਹੈ। ਉਹ ਕਮਿਊਨਿਸਟ ਇਨਕਲਾਬੀ ਧੜਿਆ ਦੀਆਂ ਹੱਦਾਂ ਸਰਹੱਦਾਂ ਤੇ ਪਏ ਹਨ। ਜੋ ਕਮਿਊਨਿਸਟ ਹੋ ਕੇ ਵੀ ਗੁਰਸ਼ਰਨ ਸਿੰਘ ਨੂੰ ਕਮਿਊਨਿਸਟ ਇਨਕਲਾਬੀ ਮੰਨਣ ਤੋਂ ਝਿਜਕ ਰਹੇ ਹਨ। ਇੰਜ ਲੱਗਦੈ ਜਿਵੇਂ ਉਹ ਕਹਿ ਰਹੇ ਹੋਣ "ਮੇਰੇ ਕਿਰਤੀ ਲੋਗੋ, ਮੈਂ ਸਾਰੀ ਜ਼ਿੰਦਗੀ ਇਨਕਲਾਬ ਲਈ ਕੰਮ ਕੀਤਾ ਹੈ। ਮੈਂ ਤੁਹਾਡਾ ਸਭ ਦਾ ਸਾਂਝਾ ਇਨਕਲਾਬ ਹਾਂ। ਆਓ ਮੈਨੂੰ ਅਪਣਾਓ, ਨਾ ਕਿ ਆਪੋ ਆਪਣੇ ਧੜੇ ਦੀ ਬੋਤਲ ਵਿੱਚ ਕੈਦ ਕਰਨ ਦੀ ਕੋਸ਼ਿਸ ਹਰਗਿਜ ਨਾ ਕਰੋ ਏਅ ਅ ਅ ਦੂਰਸਤ ਨਹੀਂ ਹੈ। ਤੁਹਾਡੀ ਇਹ ਕੋਸ਼ਿਸ਼ ਮੈਨੂੰ ਪ੍ਰਵਾਨ ਨਹੀਂ ਹੈ। ਮੈਨੂੰ ਪ੍ਰਵਾਨ ਨਹੀਂ ਐ-ਐ ਮੇਰੇ ਕਿਰਤੀ ਲੋਗੋ, ਤੁਸੀਂ ਸਿਆਨੇ ਬਨੋ ਪੜੋ ਸੋਚੋ, ਵਿਚਾਰੋ ਤੇ ਸੰਘਰਸ਼ ਕਰੋ ਏ-ਅ-ਨਾ ਨੂੰ ਸਮਝਾਓ ਕਿ ਮੈਂ ਤਾ ਇਨਕਲਾਬ ਦੀ ਮਿਸ਼ਾਲ ਹਾਂ। ਮੇਰੇ ਵਿਚਾਰਾਂ ਦੀ ਸੂਹੀ ਰੋਸ਼ਨੀ ਵਿਚ ਨਗਾਰੇ ਤੇ ਧਮਕ ਲਗਾਓ ਦੁੱਲੇ ਭੱਟੀ ਦੇ ਵਾਰਸੋ ਸਾਂਦਲ ਬਾਰ 'ਚ ਛਵੀਆਂ ਤਿੱਖੀਆਂ ਕਰੋ। ਸਾਮਰਾਜ ਦੇ ਕਿਲੇ ਨੂੰ ਤੋੜਨ ਲਈ ਅੱਗੇ ਵਧੋ। ਆਪਣੀ ਤਾਕਤ ਨੂੰ ਧੜਿਆਂ ਦੇ ਗਜ ਨਾਲ ਨਾ ਨਾਪੋ ਦੁਸ਼ਮਣ ਤੁਹਾਡੀ ਇਸ ਤੰਗ ਦਿਲੀ ਤੇ ਖੁੱਲ ਕੇ ਹੱਸ ਰਿਹਾ ਹੈ।

ਜਾਗੋ, ਜਾਗੋ ਮੇਰੇ ਸੂਝਵਾਨ ਲੋਗੋ ਜਾਗੋ, ਤੇ ਸਾਮਰਾਜੀਆਂ ਦੇ ਵਹਿਸ਼ੀ ਹਾਸੇ ਨੂੰ ਨੋਚ ਦਿਓ"

ਨੋਟ : ਗੁਰਮੇਲ ਸਿੰਘ 'ਬੌਡੇ' ਤਰਕਸ਼ੀਲ ਸੁਸਾਇਟੀ ਭਾਰਤ ਦੇ ਸੂਬਾਈ ਆਗੂ ਹਨ। ਇਸ ਲੇਖ ਵਿਚਲੇ ਵਿਚਾਰ ਉਹਨਾਂ ਦੇ ਨਿੱਜੀ ਹਨ, ਜੇ ਕੋਈ ਸਾਥੀ ਇਸ ਦੇ ਪ੍ਰਤੀਕਰਮ ਵੱਜੋਂ ਕੁਝ ਲਿਖਣਾ ਚਹੁੰਦਾ ਹੈ ਤਾਂ ਅਸੀਂ ਛਾਪਣ ਦੀ ਖੁਸ਼ੀ ਲਵਾਂਗੇ।

ਸਿਹਤ ਦੇ ਝਰੋਖੇ 'ਚੋਂ.....

ਡਾ. ਵਿਸ਼ਾਲ ਭਾਰਤੀ
ਬਲਵੀਰ ਬਾਸੀ, ਕੈਲੇਫੋਰਨੀਆ

✪ ਮੋਟਾਪੇ ਨੂੰ ਘੱਟ ਕਰਨ ਵਾਲੀ ਦਵਾਈ

ਇੱਕ ਅਜਿਹੀ ਦਵਾਈ ਬਣਾਈ ਗਈ ਹੈ ਜੋ ਮੋਟਾਪੇ ਵਾਲੀਆਂ ਕੋਸ਼ਿਕਾਵਾਂ ਵਿੱਚ ਖੂਨ ਦੀ ਸਪਲਾਈ ਨੂੰ ਰੋਕ ਸਕਦੀਆਂ ਹਨ। ਮੋਟੇ ਬਾਂਦਰਾਂ 'ਤੇ ਇਸ ਦਾ ਪ੍ਰਯੋਗ ਕੀਤਾ ਗਿਆ ਹੈ ਤੇ ਉਹ ਪਤਲੇ ਹੋ ਗਏ। ਅਮਰੀਕੀ ਵਿਗਿਆਨੀ ਇਹ ਉਮੀਦ ਕਰ ਰਹੇ ਹਨ ਕਿ ਇਹ ਦਵਾਈ ਇਨਸਾਨਾਂ 'ਤੇ ਵੀ ਕੰਮ ਕਰ ਸਕਦੀ ਹੈ।

ਇਡੀਪੋਟਾਈਡ ਨਾਂ ਦੀ ਇਸ ਦਵਾਈ ਦੇ ਕੰਮ ਕਰਨ ਦਾ ਤਰੀਕਾ ਮੋਟਾਪਾ ਘਟਾਉਣ ਦੇ ਲਈ ਹੁਣ ਤੱਕ ਬਣਾਈਆਂ ਗਈਆਂ ਸਭ ਦਵਾਈਆਂ ਤੋਂ ਅਲੱਗ ਹੈ। ਹੁਣ ਤੱਕ ਉਪਲੱਬਦ ਦਵਾਈਆਂ ਆਮ ਤੌਰ ਤੇ ਭੁੱਖ ਨੂੰ ਘੱਟ ਕਰਨ ਦਾ ਕੰਮ ਕਰਦੀਆਂ ਸਨ ਅਤੇ ਮੋਟਾਬੋਲਿਜਮ ਨੂੰ ਵਧਾ ਦਿੰਦੀਆਂ ਸਨ ਤਾਂ ਕਿ ਚਰਬੀ ਘੱਟ ਜਾਵੇ ਅਤੇ ਮੋਟਾਪਾ ਘਟ ਹੋਵੇ। ਟੇਕਸ ਯੂਨੀਵਰਸਿਟੀ ਵਿੱਚ ਇਡਰਸਨ ਕੈਂਸਰ ਸੈਂਟਰ ਦੀ ਡਾਕਟਰ ਰੇਨਾਟਾ ਪਾਸਕਵਾਲਿਨੀ ਦੀ ਖੋਜ ਦੇ ਅਨੁਸਾਰ, "ਮਨੁੱਖ ਦੇ ਲਈ ਤਿਆਰ ਹੋ ਜਾਣ ਤੇ ਇਹ ਦਵਾਈ ਮੋਟਾਪਾ ਘਟ ਕਰਨ ਦਾ ਅਜਿਹਾ ਤਰੀਕਾ ਪੇਸ਼ ਕਰੇਗੀ ਜਿਸ ਨਾਲ ਜਮਾ ਹੋ ਚੁੱਕੀ ਚਰਬੀ ਨੂੰ ਬਿਨਾਂ ਸਰਜਰੀ ਦੇ ਘੱਟ ਕੀਤਾ ਜਾ ਸਕੇਗਾ"

ਕਿਵੇਂ ਕੰਮ ਕਰਦੀ ਹੈ ਇਡੀਪੋਟਾਈਡ

ਇਹ ਦਵਾਈ ਖੂਨ ਨਾੜੀਆਂ ਦੀ ਸਤ੍ਹਾ 'ਤੇ ਪ੍ਰੋਟੀਨਜ਼ 'ਤੇ ਲੱਗ ਜਾਂਦੀ ਹੈ। ਇਹੀ ਪ੍ਰੋਟੀਨਜ਼ ਮੋਟਾਪੇ ਵਾਲੀਆਂ ਕੋਸ਼ਿਕਾਵਾਂ ਨੂੰ ਖਾਣਾ ਦਿੰਦੇ ਹਨ। ਪ੍ਰੋਟੀਨਜ਼ 'ਤੇ ਲੱਗੀ ਇਹ ਦਵਾਈ ਇਕ ਸਖ਼ਤ ਮਾਲੀਕਯੂਲ ਜਾਰੀ ਕਰਦੀ ਹੈ। ਇਸ ਨਾਲ ਕੋਸ਼ਿਕਾਵਾਂ ਦੇ ਕਤਲ ਹੋਣ ਦੀ ਕੁਦਰਤੀ ਪ੍ਰਕ੍ਰਿਆ ਸ਼ੁਰੂ ਹੋ ਜਾਂਦੀ ਹੈ। ਜਿਸ ਨਾਲ ਮੋਟਾਪੇ ਵਾਲੀਆ ਕੋਸ਼ਿਕਾਵਾਂ ਘਟਣ ਲੱਗਦੀਆਂ ਹਨ।

ਇਸ ਦਵਾਈ ਦਾ ਚੂਹੇ 'ਤੇ ਵੀ ਪ੍ਰਯੋਗ ਕੀਤਾ ਗਿਆ ਹੈ। ਚੂਹੇ ਦਾ ਭਾਰ 30 ਫੀਸਦੀ ਤੱਕ ਘੱਟ ਹੋ ਗਿਆ। ਨਵਾ ਅਧਿਐਨ 15 ਬਾਂਦਰਾਂ 'ਤੇ ਵੀ ਕੀਤਾ ਗਿਆ। ਇਹ ਬਾਂਦਰ ਵੀ ਉਸ ਤਰ੍ਹਾਂ ਹੀ ਮੋਟੇ ਹੋਏ ਸਨ ਜਿਸ ਤਰ੍ਹਾਂ ਮਨੁੱਖ ਮੋਟਾ ਹੁੰਦਾ ਹੈ। ਭਾਵ ਬਹੁਤ ਘੱਟ ਕੰਮ ਅਤੇ ਜ਼ਿਆਦਾ ਖਾਣਾ। ਉਹਨਾਂ ਵਿੱਚੋਂ 10 ਬਾਂਦਰਾਂ ਨੂੰ ਦਵਾਈ ਦਿੱਤੀ ਗਈ ਅਤੇ ਪੰਜ ਬਾਂਦਰਾਂ ਨੂੰ ਨਿਗਾਹ 'ਚ ਰੱਖਿਆ ਗਿਆ। ਖੋਜ ਖ਼ਤਮ ਹੋਣ ਤੱਕ ਦਵਾਈ ਲੈਣ ਵਾਲੇ ਬਾਂਦਰਾਂ ਦਾ ਭਾਰ ਔਸਤਨ 38.7 ਫੀਸਦੀ ਘਟ ਚੁੱਕਾ ਸੀ ਜਦਕਿ ਨਿਯੰਤਰਣ ਬਾਂਦਰਾਂ ਦੇ ਭਾਰ ਵਿੱਚ 14.8 ਫੀਸਦੀ ਦੀ ਕਮੀ ਆਈ। ਦਵਾਈ ਲੈਣ ਵਾਲੇ ਬਾਂਦਰਾਂ ਦੇ ਪੇਟ ਦੇ ਹੇਠਾਂ ਜਮੀ ਚਰਬੀ 27 ਫੀਸਦੀ ਤੱਕ ਘੱਟ ਹੋਈ।

ਅਧਿਐਨ ਦੇ ਦੌਰਾਨ ਬਾਂਦਰ ਸਿਹਤਮੰਦ ਅਤੇ ਚੌਕਸ ਰਹੇ। ਜੋ ਸਾਈਡਫੇਕਟਰਸ ਦੇਖਣ ਵਿੱਚ ਆਏ ਉਹਨਾਂ ਵਿੱਚੋਂ ਜ਼ਿਆਦਾ ਮਾਤਰਾ ਵਿੱਚ ਪੇਸ਼ਾਬ ਅਤੇ ਥੋੜੀ ਡਿਹਾਈਡ੍ਰੇਸ਼ਨ ਦਰਜ ਕੀਤੀ ਗਈ। ਇਹ ਦੋਨੋਂ ਕਿਡਨੀ ਵਿੱਚ ਸਮੱਸਿਆ ਦੇ ਸੰਕੇਤ ਹਨ। ਪਰ ਇਹ ਸਥਾਈ ਨਹੀਂ ਸਨ ਅਤੇ ਦਵਾਈ ਦੀ ਮਾਤਰਾ 'ਤੇ ਨਿਰਭਰ ਸਨ।

ਹੁਣ ਕੀ ਹੋਵੇਗਾ : ਹੁਣ ਵਿਗਿਆਨੀ ਪ੍ਰੋਸਟੇਟ ਕੈਂਸਰ ਦਾ

ਟੀਬੀ ਦਾ ਪਤਾ ਲਗਾਏਗੀ ਇਲੈਕਟ੍ਰੋਨਿਕ ਨੱਕ

ਸਾਹ 'ਚ ਮੌਜੂਦ ਬਾਇਓਮਾਰਕਸ ਨਾਲ ਟੀਬੀ ਦੀ ਪਹਿਚਾਣ ਕੀਤੀ ਜਾ ਸਕੇਗੀ। ਇਸਦੇ ਲਈ ਇਕ ਇਲੈਕਟ੍ਰੋਨਿਕ ਨੱਕ ਬਣਾਈ ਜਾ ਰਹੀ ਹੈ।

ਜੇਕਰ ਨਵੀਂ ਦਿੱਲੀ ਦੇ ਜੇਨੇਟਿਕ ਇੰਜੀਨੀਅਰਿੰਗ ਐਂਡ ਬਾਇਓਟੈਕਨੋਲੋਜੀ ਸੰਸਥਾਨ ਦੀ ਮੰਨੀਏ ਤਾਂ ਆਉਣ ਵਾਲੇ ਸਮੇਂ 'ਚ ਟੀਬੀ ਦਾ ਪਤਾ ਲਗਾਉਣ ਲਈ ਇੱਕ ਇਲੈਕਟ੍ਰੋਨਿਕ ਨੱਕ

ਕਾਫ਼ੀ ਹੋਵੇਗੀ। ਇਸ ਨੱਕ ਨੂੰ ਕੈਲੀਫੋਰਨੀਆ ਦੇ ਨੈਕਸਟ ਡਾਇਮੇਸ਼ਨ ਟੈਕਨੋਲੋਜੀ ਕੰਪਨੀ ਦੇ ਨਾਲ ਮਿਲ ਕੇ ਤਿਆਰ ਕੀਤਾ ਜਾ ਰਿਹਾ ਹੈ।

ਕਿਵੇਂ ਕੰਮ ਕਰੇਗੀ – ਇਸ ਦੀ ਕਾਰਜਪ੍ਰਣਾਲੀ ਕਾਫ਼ੀ ਹੱਦ ਤੱਕ ਬ੍ਰੈਥ ਐਨਾਲਾਈਜਰ ਵਰਗੀ ਹੋਵੇਗੀ। ਪਰ ਇਸ 'ਚ ਖਾਸ ਤਰ੍ਹਾਂ ਦੇ ਸੈਂਸਰ ਲੱਗੇ ਹੋਣਗੇ। ਜੋ ਸਾਹ 'ਚ ਮੌਜੂਦ ਬਾਇਓਮਾਰਕਸ ਦੀ ਪਹਿਚਾਣ ਕਰਕੇ ਟੀਬੀ ਨੂੰ ਪਹਿਚਾਨਣਗੇ। ਇਸ ਲਈ ਭਾਰਤ ਦੇ ਪ੍ਰਮੁੱਖ ਸ਼ਹਿਰਾਂ ਤੋਂ ਟੀਬੀ ਦੇ ਮਰੀਜਾਂ ਦੇ ਸੈਂਪਲ ਲਏ ਜਾ ਰਹੇ ਹਨ।

ਹੁਣ ਕੀ ਹੈ ਸਥਿਤੀ – ਇਸ ਕੰਮ ਨੂੰ ਅੰਜਾਮ ਦੇ ਰਹੀ ਟੀਮ ਦੇ ਪ੍ਰਮੁੱਖ ਰੰਜਨ ਨੰਦਾ ਦੇ ਮੁਤਾਬਿਕ ਦਿੱਲੀ 'ਚ ਬਾਇਓਮਾਰਕਸ ਇਕੱਠੇ ਕਰਨ ਦਾ ਕੰਮ ਖ਼ਤਮ ਹੋ ਚੁੱਕਾ ਹੈ। ਦਸੰਬਰ ਦੇ ਅੰਤ ਤੱਕ ਮੁੰਬਈ, ਚੇਨਈ ਅਤੇ ਕਲਕੱਤਾ ਤੋਂ ਮਾਇਕਰੋਮਾਰਕਸ ਇਕੱਠੇ ਕਰ ਲਏ ਜਾਣਗੇ। ਇਸ ਦੀ ਮੱਦਦ ਨਾਲ ਸੈਂਸਰ ਤਿਆਰ ਹੋਣਗੇ। ਉਮੀਦ ਹੈ ਕਿ 2013 ਤੱਕ ਟੀਬੀ ਪਹਿਚਾਣ ਕਰਨ ਵਾਲਾ ਪ੍ਰੋਟੋਟਾਈਪ ਡਿਵਾਈਸ ਕਲੀਨਿਕ ਟਰਾਇਲ ਲਈ ਤਿਆਰ ਹੋਵੇਗਾ।

ਕੀ ਹੋਵੇਗਾ ਫ਼ਾਇਦਾ : ਇਸ ਇਲੈਕਟ੍ਰੋਨਿਕ ਨੱਕ ਦੇ ਜਰੀਏ ਟੀਬੀ ਨੂੰ ਬੇਹੱਦ ਪ੍ਰਾਰੰਭਿਕ ਅਵਸਥਾ 'ਚ ਹੀ ਪਹਿਚਾਣਿਆ ਜਾ ਸਕੇਗਾ। ਇਸ ਤਰ੍ਹਾਂ ਜਾਂਚ ਦੀ ਤਕਨੀਕ ਨੂੰ ਹੋਰ ਸਸਤਾ ਬਣਾਇਆ ਜਾ ਸਕੇਗਾ। ਇਸ ਡਿਵਾਈਸ ਦੇ ਸਫਲ ਪ੍ਰਯੋਗ ਤੋਂ ਬਾਅਦ ਫੇਫੜਿਆਂ ਦੇ ਕੈਂਸਰ ਅਤੇ ਨਿਮੋਨੀਆ ਦੀ ਪਹਿਚਾਣ ਲਈ ਅਜਿਹੇ ਹੀ ਸੈਂਸਰ ਬਣਾਉਣ ਦੀ ਦਿਸ਼ਾ 'ਚ ਕੰਮ ਸ਼ੁਰੂ ਹੋਵੇਗਾ।

ਜਾਨਲੇਵਾ ਟੀਬੀ ਦੇ ਅੰਕੜੇ – ਸਿਹਤ ਵਿਭਾਗ ਦੇ ਅੰਕੜਿਆਂ ਦੇ ਮੁਤਾਬਿਕ ਹਰ ਤਿੰਨ ਮਿੰਟਾਂ 'ਚ ਦੋ ਭਾਰਤੀ ਟੀਬੀ ਨਾਲ ਆਪਣੀ ਜਾਨ ਤੋਂ ਹੱਥ ਧੋ ਰਹੇ ਹਨ। ਇਸ ਡਿਵਾਈਸ ਨਾਲ ਵਿਕਾਸਸ਼ੀਲ ਦੇਸ਼ਾਂ 'ਚ ਹੀ ਚਾਰ ਲੱਖ ਦੇ ਨੇੜੇ ਤੇੜੇ ਮਰੀਜਾਂ ਨੂੰ ਬਚਾਇਆ ਜਾ ਸਕੇਗਾ। ਅਜਿਹਾ ਸਮਾਂ ਰਹਿੰਦੇ ਰੋਗ ਦੀ ਪਹਿਚਾਣ ਨਾਲ ਹੀ ਸੰਭਵ ਹੋ ਸਕਦਾ ਹੈ।

ਇਲਾਜ ਕਰਾ ਰਹੇ ਮੋਟੇ ਇਨਸਾਨਾਂ 'ਤੇ ਇਸ ਦਵਾਈ ਦਾ ਪ੍ਰਯੋਗ ਕਰਨ ਦੀ ਤਿਆਰੀ ਕਰ ਰਹੇ ਹਨ। ਖੋਜ ਵਿੱਚ ਸਾਥ ਦੇਣ ਵਾਲੇ ਡਾ. ਵਾਦਿਹ ਅਰਪ ਕਹਿੰਦੇ ਹਨ, "ਮੋਟਾਪਾ ਕੈਂਸਰ ਹੋਣ ਦਾ ਵੱਡਾ ਖ਼ਤਰਾ ਹੈ। ਠੀਕ ਉਵੇ ਹੀ ਜਿਵੇ ਤੰਬਾਕੂ ਹੁੰਦਾ ਹੈ ਅਤੇ ਦੋਵਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਜਦ ਕੈਂਸਰ ਦੇ ਮੋਟੇ ਮਰੀਜਾਂ 'ਤੇ ਕੀਮੋਥਰੇਪੀ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਨਤੀਜੇ ਹੋਰ ਜ਼ਿਆਦਾ ਖ਼ਰਾਬ ਹੁੰਦੇ ਹਨ।"

ਪ੍ਰਯੋਗ ਦੇ ਦੌਰਾਨ ਮਰੀਜਾਂ ਨੂੰ ਲਗਾਤਾਰ 28 ਦਿਨਾਂ ਤੱਕ ਇਸ ਦਵਾਈ ਦੇ ਇੰਜੇਕਸ਼ਨ ਦਿੱਤੇ ਜਾਣਗੇ। ਅਰਪ ਦਾ ਕਹਿਣਾ ਹੈ, "ਸਵਾਲ ਇਹ ਹੈ ਕਿ ਜੇਕਰ ਅਸੀਂ ਉਹਨਾਂ ਦਾ ਭਾਰ ਘੱਟ ਕਰ ਦੇਈਏ ਅਤੇ ਉਸ ਨਾਲ ਜੁੜੇ ਖ਼ਤਰਿਆਂ ਨੂੰ ਦੂਰ ਕਰ ਦੇਈਏ ਤਾਂ ਕੀ ਉਹਨਾਂ ਦਾ ਕੈਂਸਰ ਬੇਹਤਰ ਹੋ ਸਕਦਾ ਹੈ।"

ਅਮਰੀਕਾ ਵਿੱਚ ਇਕ ਤਿਹਾਈ ਤੋਂ ਜ਼ਿਆਦਾ ਲੋਕਾਂ ਦਾ ਭਾਰ ਬਰਾਬਰ ਤੋਂ ਜ਼ਿਆਦਾ ਹੈ ਅਤੇ ਇਕ ਚੌਥਾਈ ਮੋਟੇ ਹਨ। ਇਸ ਕਾਰਨ ਕਰਕੇ ਉਹਨਾਂ ਨੂੰ ਸਿਹਤ ਸੰਬੰਧੀ ਰੁਕਾਵਟਾਂ ਹੋਣ ਦਾ ਖ਼ਤਰਾ ਵੀ ਜ਼ਿਆਦਾ ਹੈ। ਇਸ ਨਾਲ ਡਾਈਬਿਟੀਜ, ਦਿਲ ਦਾ ਰੋਗ, ਹਾਈ ਬਲੱਡ ਪ੍ਰੈਸਰ, ਲਿਵਰ ਦੀਆਂ ਬੀਮਾਰੀਆਂ ਅਤੇ ਕੈਂਸਰ ਵੀ ਹੋ ਸਕਦਾ ਹੈ।

✪ ਐਸਪ੍ਰਿਨ ਨਾਲ ਕੈਂਸਰ ਦਾ ਬਚਾਅ ਸੰਭਵ

ਕੈਂਸਰ ਨਿਰੋਧੀ ਤਾਕਤ ਨਾਲ ਸਬੰਧਿਤ ਇਕ ਨਵੀਂ ਸੋਧ ਦੇ ਮੁਤਾਬਿਕ ਹਰ ਰੋਜ਼ ਐਸਪ੍ਰਿਨ ਨਾਮਕ ਦਵਾਈ ਦਾ ਸੇਵਨ ਕਰਨ ਨਾਲ ਅੰਤੜੀਆਂ ਦੇ ਕੈਂਸਰ ਤੋਂ ਬਚਾਅ ਸੰਭਵ ਹੈ। ਮੈਡੀਕਲ ਪੱਤ੍ਰਿਕਾ 'ਲੈਂਸੇਟ' 'ਚ ਪ੍ਰਕਾਸ਼ਿਤ ਇਸ ਸੋਧ ਦੇ ਮੁਤਾਬਿਕ ਜਿਨ੍ਹਾਂ ਲੋਕਾਂ ਨੂੰ ਕੈਂਸਰ ਦਾ ਖ਼ਤਰਾ ਜ਼ਿਆਦਾ ਸੀ। ਉਨ੍ਹਾਂ 'ਚ ਐਸਪ੍ਰਿਨ ਦੇ ਜ਼ਰੀਏ ਅੰਤਰੀਆਂ ਦੇ ਕੈਂਸਰ ਦਾ ਖ਼ਤਰਾ 60 ਫੀਸਦੀ ਘੱਟ ਹੋ ਗਿਆ। ਦੁਨੀਆਂ ਭਰ 'ਚ ਕਈ ਡਾਕਟਰ ਦਿਲ ਦੇ ਰੋਗ ਤੋਂ ਬਚਣ ਲਈ ਨਿਯਮਤ ਰੂਪ ਨਾਲ ਐਸਪ੍ਰਿਨ ਖਾਣ ਦੀ ਸਲਾਹ ਦਿੰਦੇ ਹਨ। ਐਸਪ੍ਰਿਨ ਖ਼ੂਨ ਦੇ ਬਹਾਅ ਨੂੰ ਨਿਯੰਤਰਿਤ ਕਰਦੀ ਹੈ।

✪ 'ਇੰਟਰਨੈੱਟ 'ਤੇ ਨਵੇਂ ਸੌ ਕਰੋੜ

ਬੱਚਿਆਂ ਨੂੰ ਦਿਓ ਹੈਲਥ ਦੀ ਵੈਲਥ

ਬੱਚਿਆਂ ਦੀ ਸਿਹਤ ਦੀ ਸੰਭਾਲ ਅਤੇ ਦੇਖਭਾਲ ਮਾਤਾ-ਪਿਤਾ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਹੈ। ਉਨ੍ਹਾਂ ਦੀ ਛੋਟੀ ਜਿਹੀ ਬੀਮਾਰੀ ਅਕਸਰ ਵੱਡਿਆਂ ਲਈ ਵੱਡੀ ਪਰੇਸ਼ਾਨੀ ਅਤੇ ਬੇਚੈਨੀ ਦੀ ਵਜ੍ਹਾ ਬਣ ਜਾਂਦੀ ਹੈ। ਇਸ ਤੋਂ ਬਚਣ ਲਈ ਬਿਹਤਰ ਹੈ ਬੱਚਿਆਂ ਦਾ ਸਹੀ ਟੀਕਾਕਰਣ ਅਤੇ ਬੀਮਾਰ ਪੈਣ 'ਤੇ ਸਹੀ ਇਲਾਜ। ਬੱਚਿਆਂ ਦੀ ਸਿਹਤ ਨਾਲ ਜੁੜੀਆਂ ਕੁੱਝ ਆਮ ਸਮੱਸਿਆਵਾਂ ਅਤੇ ਸੁਝਾਅ।

ਡਾਇਬਟੀਜ - ਬੱਚਿਆਂ 'ਚ ਜ਼ਿਆਦਾਤਰ ਟਾਈਪ-1 ਡਾਇਬਟੀਜ ਪਾਈ ਜਾਂਦੀ ਹੈ। ਸ਼ੂਗਰ ਨਾਲ ਪੀੜਿਤ ਬੱਚੇ ਬੇਹੱਦ ਦੁਬਲੇ ਪਤਲੇ ਹੋ ਜਾਂਦੇ ਹਨ। ਬੱਚਾ ਕਮਜ਼ੋਰੀ ਮਹਿਸੂਸ ਕਰੇ ਤਾਂ ਉਹ ਡਾਇਬਟੀਜ ਨਾਲ ਪੀੜਿਤ ਹੋ ਸਕਦਾ ਹੈ। ਅਜਿਹੇ 'ਚ ਬਲੱਡ ਸ਼ੂਗਰ ਟੈਸਟ ਜ਼ਰੂਰ ਕਰਵਾਓ। ਬੱਚਿਆਂ ਨੂੰ ਦਵਾਈ ਦੀ ਬਜਾਏ ਇੰਸੁਲੀਨ ਦਿੱਤੀ ਜਾਂਦੀ ਹੈ। ਕਿਉਂਕਿ ਬੱਚੇ ਅਕਸਰ ਆਪਣਾ ਧਿਆਨ ਨਹੀਂ ਰੱਖ ਪਾਉਂਦੇ। 11-12 ਸਾਲ ਦੀ ਉਮਰ ਨਾਲ ਬੱਚਿਆਂ ਨੂੰ ਖੁਦ ਇੰਸੁਲੀਨ ਲੈਣ ਦੀ ਆਦਤ ਪਾ ਦੇਣਾ ਵਧੀਆ ਹੁੰਦਾ ਹੈ। ਅਜਿਹੇ 'ਚ ਬੱਚਿਆਂ ਨੂੰ ਫਾਸਟ ਫੂਡ ਤੋਂ ਬਚਾਉਣਾ ਚਾਹੀਦਾ ਕਿਉਂਕਿ ਇਸ ਨਾਲ ਵਜਨ ਵਧਣ ਦੀ ਅਸ਼ੰਕਾ ਹੁੰਦੀ ਹੈ। ਜੋ ਬੱਚੇ ਦੀ ਹਾਲਤ ਖਰਾਬ ਕਰ ਸਕਦਾ ਹੈ।

ਮੋਟਾਪਾ - ਅੱਜਕਲ੍ਹ ਦੇ ਲਾਈਫ਼ ਸਟਾਈਲ ਦੀ ਵਜ੍ਹਾ ਨਾਲ ਬੱਚਿਆਂ 'ਚ ਮੋਟਾਪਾ ਤੇਜੀ ਨਾਲ ਵਧ ਰਿਹਾ ਹੈ। ਜ਼ਰੂਰੀ ਹੈ ਪ੍ਰਾਇਮਰੀ ਸਕੂਲ ਤੋਂ ਹੀ ਬੱਚਿਆਂ ਦਾ ਲਾਈਫ਼ ਸਟਾਈਲ ਠੀਕ ਰੱਖੋ ਅਤੇ ਡਾਈਟ ਦਾ ਧਿਆਨ ਰੱਖੋ। ਬੱਚਾ ਮੋਟਾਪੇ ਦਾ ਸ਼ਿਕਾਰ ਹੈ ਤਾਂ ਡਾਇਬਟੀਜ, ਬੀਪੀ, ਹਾਈਪਰਟੈਂਸ਼ਨ ਅਤੇ ਦਿਲ ਦੀ ਬੀਮਾਰੀ ਹੋਣ ਦਾ ਡਰ ਕਾਫ਼ੀ ਵਧ ਜਾਂਦਾ ਹੈ। ਟੀ. ਵੀ., ਕੰਪਿਊਟਰ ਦੇ ਸਾਹਮਣੇ ਬੈਠਣ ਦੀ ਬਜਾਏ ਬੱਚਿਆਂ ਨੂੰ ਘੱਟ ਤੋਂ ਘੱਟ ਇੱਕ ਘੰਟਾ ਆਊਟਡੋਰ ਗੇਮਸ ਜ਼ਰੂਰ ਖੇਡਣ ਭੇਜੋ।

ਪੇਟ 'ਚ ਕੀੜੇ - ਬੱਚਿਆਂ 'ਚ ਆਮ ਤੌਰ 'ਤੇ ਦੋ-ਢਾਈ ਸਾਲ ਦੀ ਉਮਰ 'ਚ ਕੀੜਿਆਂ ਦੀ ਸਮੱਸਿਆ ਸਾਹਮਣੇ ਆਉਂਦੀ ਹੈ। ਬੱਚਿਆਂ ਦੀ ਸਾਫ਼-ਸਫਾਈ ਦਾ ਪੂਰਾ ਖਿਆਲ ਰੱਖੋ। ਜਦੋਂ ਵੀ ਉਹ ਬਾਹਰ ਜਾਣ ਤਾਂ ਉਨ੍ਹਾਂ ਦੇ ਹੱਥਾਂ ਨੂੰ ਚੰਗੀ ਤਰ੍ਹਾਂ ਸਾਬਣ ਨਾਲ ਧੋਵੋ। ਪਾਣੀ 'ਚ ਪੋਟਾਸ਼ੀਅਮ ਪਰਮੈਗੇਨ ਮਿਲਾਕੇ ਵੀ ਫਲਾਂ ਸਬਜੀਆਂ ਨੂੰ ਧੋ ਸਕਦੇ ਹੋ। ਪੇਟ ਦੇ ਕੀੜਿਆਂ ਨੂੰ ਖ਼ਤਮ ਕਰਨ ਲਈ ਆਮ ਤੌਰ 'ਤੇ ਅਲਬੇਂਡਾਜੋਲ ਦੀ ਟੈਬਲੇਟ ਦਿੱਤੀ ਜਾਂਦੀ ਹੈ। ਪਰ ਕੋਈ ਵੀ ਦਵਾਈ ਡਾਕਟਰ ਦੀ ਸਲਾਹ ਨਾਲ ਹੀ ਦੇਣੀ ਚਾਹੀਦੀ ਹੈ।

ਦੰਦਾਂ ਦੀ ਦੇਖਭਾਲ - ਛੋਟੇ ਬੱਚਿਆਂ ਦੀ ਦੁੱਧ ਦੀ ਬੋਟਲ ਨੂੰ ਚੰਗੀ ਤਰ੍ਹਾਂ ਸਾਫ਼ ਕਰੋ। ਸੁੱਤੇ ਹੋਏ ਬੱਚੇ ਦੇ ਮੂੰਹ 'ਚ ਬੋਟਲ ਨਾ ਛੱਡੋ। ਹੱਥ ਨਾਲ ਹੌਲੀ ਹੌਲੀ ਉਨ੍ਹਾਂ ਦੇ ਮਸੂੜਿਆਂ ਦੀ ਮਾਲਿਸ਼ ਕਰੋ। ਛੇ ਸਾਲ ਤੋਂ ਘੱਟ ਉਮਰ ਵਾਲੇ ਬੱਚਿਆਂ ਲਈ ਫਲੋਰਾਈਡ ਵਾਲਾ ਟੂਥਪੇਸਟ ਇਸਤੇਮਾਲ ਨਾ ਕਰਨ ਦਿਓ। ਬੱਚਿਆਂ ਨੂੰ ਚਾਕਲੇਟ ਅਤੇ ਚਿੰਗਮ ਘੱਟ ਖਾਣ ਦਿਓ।

ਅੱਖਾਂ ਦੀ ਦੇਖਭਾਲ - ਬੱਚਿਆਂ ਦੇ ਜਨਮ ਦੇ ਬਾਅਦ ਹਸਪਤਾਲ 'ਚੋਂ ਡਿਸਚਾਰਜ ਹੋਣ ਤੋਂ ਪਹਿਲਾਂ ਹੀ ਇੱਕ ਵਾਰ ਅੱਖਾਂ ਕਿਸੇ ਆਈ ਸਰਜਨ ਤੋਂ ਚੈਕ ਕਰਵਾ ਲੈਣੀਆਂ ਚਾਹੀਦੀਆਂ ਹਨ। ਇਸ ਨਾਲ ਕੋਈ ਵੀ ਜਨਮ ਜਾਤ ਪਰੇਸ਼ਾਨੀ ਪਕੜ 'ਚ ਆ ਜਾਂਦੀ ਹੈ। ਜੇਕਰ ਅਜਿਹਾ ਨਾ ਕਰ ਸਕੋ ਤਾਂ ਬੱਚੇ ਦੇ ਸਕੂਲ ਸ਼ੁਰੂ ਹੋਣ ਤੋਂ ਪਹਿਲਾਂ ਯਾਨੀ ਤਿੰਨ ਸਾਲ ਦੀ ਉਮਰ 'ਚ ਅੱਖਾਂ ਦੀ ਪੂਰੀ ਤਰ੍ਹਾਂ ਜਾਂਚ ਕਰਵਾ ਲਓ। ਜੇਕਰ ਬੱਚੇ ਦੀ ਨਿਗ੍ਹਾ ਕਮਜ਼ੋਰ ਲੱਗਦੀ ਹੈ ਤਾਂ ਉਸਨੂੰ ਸਹੀ ਨੰਬਰ ਦਾ ਚਸ਼ਮਾ ਲਗਵਾ ਦਿਓ ਇਸ ਤਰ੍ਹਾਂ ਬੱਚੇ ਦੀ ਨਜ਼ਰ 'ਤੇ ਹੋਰ ਬੁਰਾ ਪ੍ਰਭਾਵ ਨਹੀਂ ਪਵੇਗਾ ਤੇ ਉਸ ਦੀ ਨਿਗ੍ਹਾ ਉਥੇ ਹੀ ਟਿਕ ਜਾਵੇਗੀ।

ਸਰਕਾਰੀ ਹਸਪਤਾਲਾਂ 'ਚ ਐਚ ਇਨਫੂਲੈਂਜਾ ਨੂੰ ਛੱਡਕੇ ਬਾਕੀ ਟੀਕੇ ਫਰੀ ਹਨ। ਐਚ ਇਨਫੂਲੈਂਜਾ ਡਬਲਯੂਐਚਓ ਦੀ ਲਿਸਟ 'ਚ ਹੈ। ਪਰ ਸਾਡੀ ਸਰਕਾਰ ਨੇ ਇਸ ਨੂੰ ਜ਼ਰੂਰੀ ਟੀਕਿਆਂ 'ਚ ਸ਼ਾਮਿਲ ਨਹੀਂ ਕੀਤਾ ਹੈ।

ਜਿਨ੍ਹਾਂ ਦਾ ਡੀਪੀਟੀ ਮਿਸ ਹੋ ਗਿਆ ਹੈ ਜਾਂ ਲਾਸਟ ਖੋਜ ਤੋਂ ਪੰਜ ਸਾਲ ਤੋਂ ਜ਼ਿਆਦਾ ਹੋ ਗਏ ਹਨ। ਉਹ ਬੱਚੇ ਦੇ ਅੱਠ ਸਾਲ ਤੋਂ ਜ਼ਿਆਦਾ ਨਾ ਹੋਣ 'ਤੇ ਉਸ ਨੂੰ ਅਡਲਟ ਡੀਪੀਟੀ ਲਗਵਾ ਸਕਦੇ ਹਨ। ਇਸ ਤੋਂ ਬਾਅਦ ਟੈਟਨਸ ਦੇ ਟੀਕੇ ਦੀ ਜ਼ਰੂਰਤ ਨਹੀਂ ਪੈਂਦੀ।

-ਪੂਜਾ ਬਾਂਸਲ

ਲੋਕ ਭਾਰਤ-ਅਫ਼ਰੀਕਾ ਤੋਂ'

ਵਿਕੀਪੀਡੀਆ ਦੇ ਸੰਸਥਾਪਕ ਜਿੰਮੀ ਵੇਲਸ ਦਾ ਕਹਿਣਾ ਹੈ ਕਿ ਆਉਣ ਵਾਲੇ ਸਮੇਂ 'ਚ ਭਾਰਤ ਅਤੇ ਚੀਨ ਵਰਗੇ ਵਿਕਾਸਸ਼ੀਲ ਦੇਸ਼ਾਂ 'ਚ ਵੱਡੀ ਸੰਖਿਆ 'ਚ ਇੰਟਰਨੈੱਟ ਇਸਤੇਮਾਲ ਕਰਨ ਵਾਲਿਆਂ ਦਾ ਵਾਧਾ ਹੋਵੇਗਾ ਅਤੇ ਇਸਦਾ ਸਰਕਾਰਾਂ 'ਤੇ ਗੰਭੀਰ ਪ੍ਰਭਾਵ ਪਵੇਗਾ।

ਲੰਦਨ 'ਚ ਹੋਏ ਸਾਈਬਰ ਸਪੇਸ ਸੰਮੇਲਨ 'ਚ ਉਨ੍ਹਾਂ ਨੇ ਕਿਹਾ ਕਿ "ਆਉਣ ਵਾਲੇ ਦਿਨਾਂ 'ਚ ਓਨਲਾਈਨ ਆਉਣ ਵਾਲੇ 100 ਕਰੋੜ ਨਵੇਂ ਲੋਕ ਭਾਰਤ, ਚੀਨ ਅਤੇ ਅਫ਼ਰੀਕਾ ਤੋਂ ਹੋਣਗੇ।"

ਉਨ੍ਹਾਂ ਨੇ ਕਿਹਾ, "ਅਜਿਹੀ ਸੰਸਕ੍ਰਿਤੀਆਂ ਦੇ ਲੋਕ ਜਿਨ੍ਹਾਂ ਦਾ ਆਮ ਤੌਰ 'ਤੇ ਸਾਡੇ ਨਾਲ ਜ਼ਿਆਦਾ ਮੇਲਜੋਲ ਨਹੀਂ ਹੁੰਦਾ। ਬਹੁਤ ਵੱਡੀ ਸੰਖਿਆ 'ਚ ਓਨਲਾਈਨ ਆਉਣ ਵਾਲੇ ਹਨ।"

ਜਿੰਮੀ ਵੇਲਸ ਨੇ ਕਿਹਾ, "ਇਸ ਨਾਲ ਅਜਿਹੀਆਂ ਸਰਕਾਰਾਂ ਲਈ ਗੰਭੀਰ ਪਰਿਣਾਮ ਹੋ ਸਕਦੇ ਹਨ। ਜਿਨ੍ਹਾਂ ਨੂੰ ਜਾਗਰੂਕ ਅਤੇ ਸੂਚਿਤ ਲੋਕਾਂ ਨਾਲ ਨਿਪਟਣ ਦੀ ਆਦਤ ਨਹੀਂ ਹੈ।

ਵੇਲਸ ਨੂੰ ਵਿਕਾਸਸ਼ੀਲ ਦੇਸ਼ਾਂ 'ਚ ਕਈ ਲੋਕਾਂ ਦਾ ਪਹਿਲੀ ਵਾਰ ਇੰਟਰਨੈੱਟ ਦਾ ਉਪਯੋਗ ਕਰਨਾ ਅਤੇ ਲੈਪਟਾਪ ਅਤੇ ਸਮਾਰਟਫ਼ੋਨ ਦਾ ਕਾਫ਼ੀ ਉਪਯੋਗੀ ਹੋਣਾ ਉਤਸ਼ਾਹਿਤ ਕਰਦਾ ਹੈ।

ਸੈਂਸਰਸ਼ਿਪ ਵੱਡਾ ਖ਼ਤਰਾ - ਵਿਕੀਪੀਡੀਆ ਦੇ ਸੰਸਥਾਪਕ ਨੇ ਕਿਹਾ ਕਿ ਇੰਟਰਨੈੱਟ ਦੀ ਪ੍ਰਗਤੀ ਲਈ ਸੈਂਸਰਸ਼ਿਪ ਸਭ ਤੋਂ ਵੱਡਾ ਖ਼ਤਰਾ ਹੈ। ਕਿਉਂਕਿ 40 ਤੋਂ ਜ਼ਿਆਦਾ ਦੇਸ਼ ਸੈਂਸਰਸ਼ਿਪ ਦਾ ਸਹਾਰਾ ਲੈਂਦੇ ਹਨ।

ਉਨ੍ਹਾਂ ਦਾ ਕਹਿਣਾ ਸੀ ਕਿ ਹਾਰਡਵੇਅਰ ਦੇ ਖੇਤਰ 'ਚ ਵਿਕਾਸ ਦਾ ਮਤਲਬ ਹੈ ਕਿ ਸਰਕਾਰ ਪੂਰੀਆਂ ਵੈਬਸਾਈਟਾਂ ਨੂੰ ਪੇਸ਼ ਕਰਨ ਦੀ ਜਗ੍ਹਾ ਕੁੱਝ ਪੰਨਿਆਂ ਨੂੰ ਫਿਲਟਰ ਕਰ ਸਕਦੇ ਹਨ।

✪ ਇੰਟਰਨੈੱਟ ਦਾ ਦਮਨ ਸਵੀਕਾਰਿਆ ਨਹੀਂ : ਹੇਗ

ਬ੍ਰਿਟੇਨ ਦੇ ਵਿਦੇਸ਼ ਮੰਤਰੀ ਵਿਲੀਅਮ ਹੇਗ ਨੇ ਕਿਹਾ ਹੈ ਕਿ ਸਮਾਜਿਕ ਅਸਥਿਰਤਾ ਦੇ ਦੌਰਾਨ ਸਰਕਾਰਾਂ ਵੱਲੋਂ ਇੰਟਰਨੈੱਟ ਦਾ ਦਮਨ ਕਰਨਾ ਸਵੀਕਾਰਿਆ ਨਹੀਂ ਹੈ।

ਲੰਦਨ 'ਚ ਇੰਟਰਨੈੱਟ ਸੁਰੱਖਿਆ 'ਤੇ ਦੋ ਦਿਨਾਂ ਦੇ ਅੰਤਰ ਰਾਸ਼ਟਰੀ ਸੰਮੇਲਨ ਦਾ ਉਦਘਾਟਨ ਦੇ ਮੌਕੇ 'ਤੇ ਉਨ੍ਹਾਂ ਨੇ ਇਹ ਗੱਲ ਕਹੀ ਕਿ ਇਸ ਸੰਮੇਲਨ ਦਾ ਉਦੇਸ਼ ਆਰਥਿਕ ਅਜ਼ਾਦੀ ਅਤੇ ਹਰ ਵਿਅਕਤੀ ਦੀ ਸੁਤੰਤਰਤਾ ਦੀ ਰਾਖੀ ਕਰਦੇ ਹੋਏ ਸੁਰੱਖਿਆ ਦੀਆਂ ਚੁਣੌਤੀਆਂ ਨਾਲ ਨਿਪਟਣਾ ਅਤੇ ਇੰਟਰਨੈੱਟ ਦੇ ਜ਼ਰੀਏ ਹੋਣ ਵਾਲੇ ਅਪਰਾਧ ਨੂੰ ਰੋਕਣ ਦੇ ਤਰੀਕਿਆਂ 'ਤੇ ਵਿਚਾਰ ਕਰਨਾ ਹੈ।

ਇਸ ਸੰਮੇਲਨ 'ਚ ਤਿੰਨ ਚੀਨ ਅਤੇ ਰੂਸ ਦੇ ਪ੍ਰਤੀਨਿਧੀ ਵੀ ਹਨ। ਇਨ੍ਹਾਂ ਦੋਵਾਂ ਦੇਸ਼ਾਂ 'ਚ ਹੋਣ ਵਾਲੀਆਂ ਹੈਕਿੰਗ ਦੀਆਂ ਘਟਨਾਵਾਂ ਮਾਹਰਾਂ ਨੂੰ ਚਿੰਤਤ ਕਰਦੀਆਂ ਰਹਿੰਦੀਆਂ ਹਨ।

✪ ਹੁਣ ਰੋਬੋ ਨਰਸ ਕਰੇਗੀ ਦੇਖਭਾਲ

ਆਉਣ ਵਾਲੇ ਸਮੇਂ 'ਚ ਸਰੀਰਕ ਰੂਪ ਤੋਂ ਅਪਾਹਿਜ ਜਾਂ ਹੱਥਾਂ ਪੈਰਾਂ ਤੋਂ ਲਚਾਰ ਲੋਕਾਂ ਦੀ ਦੇਖਭਾਲ ਅਤੀ-ਅਧੁਨਿਕ ਨਰਸ ਕਰੇਗੀ। ਇਸ ਨੂੰ ਮਕੈਨੀਕਲ ਹੈਲਥਕੇਅਰ ਦੀ ਦਿਸ਼ਾ 'ਚ ਇੱਕ ਵੱਡੀ ਉਪਲਬਧੀ ਮੰਨਿਆ ਜਾ ਰਿਹਾ ਹੈ।

ਚੱਲਣ ਫਿਰਨ 'ਚ ਮੱਦਦ ਕਰੇਗਾ -



ਇਹ ਕੰਪਿਊਟਰ ਸੰਚਾਲਿਤ ਡਿਵਾਈਸ ਹੈ। ਜੋ ਪੈਰ ਨੂੰ ਕੁਦਰਤੀ ਅੰਦਾਜ 'ਚ ਜ਼ਮੀਨ ਤੋਂ ਚੁੱਕਣ 'ਚ ਮੱਦਦ ਕਰਦਾ ਹੈ। ਇਹ ਲਕਵੇ ਅਤੇ ਪੋਲੀਏ ਦੇ ਕਾਰਣ ਲਚਾਰ ਲੋਕਾਂ ਨੂੰ ਚਲਣ ਫਿਰਨ 'ਚ ਵੀ ਮੱਦਦ ਕਰੇਗਾ। ਇਸ ਕੰਪਿਊਟਰਰਾਈਜ ਪੈਰ ਨੂੰ ਊਰਜਾ ਦੇਣ ਵਾਲੀ ਬੈਟਰੀ ਸਬੰਧਿਤ ਵਿਅਕਤੀ ਦੀ ਢੂਈ 'ਤੇ ਟੰਗੀ ਰਹੇਗੀ। ਇਸਦੀ ਮੱਦਦ ਨਾਲ ਮਰੀਜ ਆਪਣੇ ਗੋਡੇ ਵੀ ਮੋੜ ਸਕਦਾ ਹੈ। ਇਹ ਡਿਵਾਈਸ ਪੌੜੀਆਂ ਚੜ੍ਹਨ 'ਚ ਵੀ ਮੱਦਦ ਕਰਦੀ ਹੈ।

ਟ੍ਰਾਂਸਫਰ ਮਸ਼ੀਨ - ਇਹ ਮਰੀਜ ਨੂੰ ਬਿਸਤਰੇ ਤੋਂ ਚੁੱਕਕੇ ਬਾਥਰੂਮ ਤੱਕ ਲਿਜਾਣ 'ਚ ਵੀ ਸਹਾਇਕ ਹੈ। ਹਾਲਾਂਕਿ ਇਸ ਮਸ਼ੀਨ ਦੇ ਨਾਲ ਵੀ ਇੱਕ ਸਹਾਇਕ ਦੀ ਜ਼ਰੂਰਤ ਪਵੇਗੀ। ਪਰ ਸਹਾਇਕ ਨੂੰ ਮਰੀਜ ਨੂੰ ਚੁੱਕਣ ਕਰਨ 'ਚ ਜੱਦੋਜਹਿਦ ਨਹੀਂ ਕਰਨੀ ਪਵੇਗੀ।

ਕੀ ਹੋਵੇਗਾ ਫ਼ਾਇਦਾ - ਹਸਪਤਾਲਾਂ 'ਚ ਸਟਾਫ਼ ਦੀ ਕਮੀ ਨਾਲ ਨਿਪਟਿਆ ਜਾ ਸਕਦਾ ਹੈ। ਇਸ ਦੇ ਨਾਲ ਹੀ ਬਜ਼ੁਰਗ ਲੋਕਾਂ ਦੀ ਦੇਖਭਾਲ ਵੀ ਅਸਾਨ ਹੋਵੇਗੀ। ਸਭ ਤੋਂ ਵੱਡੀ ਗੱਲ ਇਨ੍ਹਾਂ ਉਪਕਰਨਾਂ ਦੀ ਮੱਦਦ ਨਾਲ ਮਰੀਜ ਨੂੰ ਜਲਦੀ ਠੀਕ ਕਰਨ 'ਚ ਮੱਦਦ ਮਿਲੇਗੀ।

ਕੰਪਨੀ ਇਨ੍ਹਾਂ ਦੇ ਹਲਕੇ ਮਾਡਲ ਬਣਾਉਣ ਦੀ ਦਿਸ਼ਾ 'ਚ ਕੰਮ ਕਰ ਰਹੀ ਹੈ। ਇਸਦੇ ਨਾਲ ਹੀ ਉਸਦਾ ਇਰਾਦਾ ਇਨ੍ਹਾਂ ਨੂੰ ਸੁਰੱਖਿਆ ਦੇ ਵੱਖ ਵੱਖ ਪਹਿਲੂਆਂ 'ਤੇ ਹੋਰ ਜਾਂਚਣ ਤੋਂ ਇਲਾਵਾ ਜ਼ਿਆਦਾ ਤੋਂ ਜ਼ਿਆਦਾ ਮਨੁੱਖੀ ਟੱਚ ਦੇਣ ਦਾ ਹੈ। ਟੋਇਟਾ ਦਾ ਉਦੇਸ਼ ਇਨ੍ਹਾਂ ਉਪਕਰਣਾਂ ਨੂੰ 2013 'ਚ ਬਜ਼ਾਰ 'ਚ ਪੇਸ਼ ਕਰਨ ਦਾ ਹੈ।

✪ ਬੱਸ ਆਉਣ ਵਾਲੀ ਹੈ ਉਮਰ ਵਧਾਉਣ ਵਾਲੀ 'ਜਾਦੂਈ ਗੋਲੀ'

ਲੰਦਨ - ਵਿਗਿਆਨੀਆਂ ਨੇ ਦਾਅਵਾ ਕੀਤਾ ਹੈ ਕਿ ਉਮਰ ਵਧਾਉਣ ਦੀ ਪ੍ਰਕਿਰਿਆ ਨੂੰ ਘੱਟ ਕਰਨ ਵਾਲੀ ਅਤੇ ਇਨਸਾਨ ਦੀ ਉਮਰ 150 ਤੱਕ ਪਹੁੰਚਾਉਣ ਵਾਲੀ 'ਜਾਦੂਈ' ਦਵਾਈ ਹੁਣ ਬੱਸ ਕੁੱਝ ਹੀ ਸਾਲਾਂ 'ਚ ਹਾਸਲ ਹੋ ਸਕਦੀ ਹੈ।

ਉਨ੍ਹਾਂ ਨੇ ਸਿਡਨੀ 'ਚ ਇੱਕ ਸੰਮੇਲਨ 'ਚ ਕਿਹਾ ਹੈ ਕਿ ਸਰੀਰ ਨੂੰ ਗਠੀਲਾ ਬਣਾਉਣ ਵਾਲੀ ਇਹ 'ਜਾਦੂਈ ਗੋਲੀ' ਵਿਕਸਤ ਹੋਣ ਦੀ ਸ਼ੁਰੂਆਤੀ ਚਰਨ 'ਚ ਹੈ ਅਤੇ ਇਸਦੇ ਸੇਵਨ ਤੋਂ ਬਾਅਦ 100 ਸਾਲ ਤੋਂ ਜ਼ਿਆਦਾ ਜੀਵਨ ਜਿਉਣ 'ਚ ਮੱਦਦ ਮਿਲੇਗੀ।

ਉਨ੍ਹਾਂ ਨੇ ਕਿਹਾ ਕਿ ਇਸ ਦਵਾਈ ਦੇ ਸੇਵਨ ਨਾਲ ਸਟੇਮ ਕੋਸ਼ਿਕਾ ਥੇਰਪੀ ਜੀਵਨ ਦੀ ਗੁਣਵਤਾ ਵਧਾ ਦੇਵੇਗੀ। ਨਿਊ ਸਾਊਥ ਵੈਲਸ ਵਿਸ਼ਵਵਿਦਿਆਲਯ 'ਚ 'ਡੀਨ ਆਫ਼ ਮੈਡੀਸਨ' ਦੇ ਪ੍ਰੋਫੈਸਰ ਪੀਟਰ ਸਮਿਥ ਨੇ ਕਿਹਾ ਕਿ ਮੈਡੀਸਿਨ ਡੀਨ ਨੇ ਢਲਦੀ ਉਮਰ 'ਚ ਖੁਸ਼ ਅਤੇ ਸਵਸਥ ਰਹਿਣ ਦੀਆਂ ਸੰਭਾਨਾਵਾਂ 'ਤੇ ਲੈਕਚਰ ਦਿੱਤਾ। ਜੋ ਵਿਅਕਤੀ ਦੀ ਉਮਰ ਵਧਾਉਣ ਦੀ ਦਿਸ਼ਾ 'ਚ ਅਹਿਮ ਕੜੀ ਸਾਬਤ ਹੋਵੇਗੀ।

ਡੇਲੀ ਮੇਲ ਨੇ ਕਿਹਾ ਕਿ ਮੈਨੂੰ ਪੂਰੀ ਉਮੀਦ ਹੈ ਕਿ ਅਸੀਂ ਮਨੁੱਖੀ ਜੀਵਨ ਨੂੰ ਕੁੱਝ ਸਾਲਾਂ ਲਈ ਵਧਾ ਸਕਦੇ ਹਾਂ। ਪਰ ਉਦੇਸ਼ ਕੇਵਲ ਉਮਰ ਵਧਾਉਣਾ ਨਹੀਂ ਸਗੋ ਲੰਬਾ ਜੀਵਨ ਦੇਣਾ ਹੈ।

ਹਾਰਵਰਡ ਦੇ ਪ੍ਰੋਫੈਸਰ ਡੇਵਿਡ ਨੇ ਦਾਅਵਾ ਕੀਤਾ, "ਅਸੀਂ ਅਜਿਹੀ ਨਵੀਂ ਤਕਨੀਕ ਦੀ ਸ਼ੁਰੂਆਤ ਦੇਖ ਰਹੇ ਹਾਂ ਜਿਸ ਨਾਲ ਕਿਸੇ 1ਦਿਨ 150 ਸਾਲ ਤੱਕ ਜੀਵਨ ਦੇਖ ਸਕਦੇ ਹਨ।"

✪✪

ਮਨੁੱਖੀ ਗੁਣਾਂ ਵਾਲੇ ਜਾਨਵਰ, ਜੇਨਟੇਨ ਮਨੁੱਖ

ਬੀਮਾਰੀਆਂ 'ਤੇ ਖੋਜ ਕਰਨ ਲਈ ਵਿਗਿਆਨੀ ਪ੍ਰਾਣੀਆਂ ਦੇ ਸਰੀਰ ਵਿੱਚ ਮਨੁੱਖ ਦੇ ਜੀਨ ਪਾਉਂਦੇ ਹਨ। ਵਿਗਿਆਨੀਆਂ ਦਾ ਉਦੇਸ਼ ਹੈ ਬੀਮਾਰੀਆਂ ਦਾ ਪਤਾ ਲਗਾਉਣਾ ਹੈ ਅਤੇ ਉਹਨਾਂ ਦੇ ਇਲਾਜ ਨੂੰ ਵਿਕਸ਼ਿਤ ਕਰਨਾ ਹੁੰਦਾ ਹੈ। ਪਰ ਇਹਨਾਂ ਜੀਨਾਂ ਨਾਲ ਜਾਨਵਰਾਂ ਦੇ ਕੁਦਰਤੀ ਰੂਪ ਬਦਲ ਜਾਂਦੇ ਹਨ।

ਇੱਕ ਦੇ ਲਈ ਇਹ ਜਾਨਵਰ ਬਿਲਕੁਲ ਅਜੀਬ ਹੈ ਤਾਂ ਦੂਸਰੇ ਦੇ ਲਈ ਇਹ ਖੋਜ ਦੇ ਯੋਗ ਹੈ। ਮਨੁੱਖ ਅਤੇ ਜਾਨਵਰ ਦਾ ਮਿਸ਼ਰਣ ਲੱਗਭਗ ਦਸ ਸਾਲ ਤੋਂ ਸੂਝਵਾਨ ਵਿਗਿਆਨੀ ਜੀਨ ਅਤੇ ਕੋਸ਼ਿਕਾਵਾਂ ਦੀ ਕਿਰਿਆਪ੍ਰਣਾਲੀ ਦੇ ਬਾਰੇ 'ਚ ਜਾਣਕਾਰੀ ਇਕੱਠੀ ਕਰਨ ਦੇ ਲਈ ਜਾਨਵਰਾਂ ਅਤੇ ਮਨੁੱਖ ਦੇ ਸਰੀਰ ਦੇ ਜੀਵਾਣੂੰਆਂ ਨੂੰ ਮਿਲਾ ਰਹੇ ਹਨ। ਜਰਮਨ ਵਿੱਚ ਬਹਿਸ ਚਲ ਰਹੀ ਹੈ ਕਿ ਕੀ ਇਸ ਤਰ੍ਹਾਂ ਦੀ ਖੋਜ ਨੂੰ ਠੀਕ ਕਿਹਾ ਜਾ ਸਕਦਾ ਹੈ।

ਕੁਝ ਸੌ ਸਾਲ : ਅਜਿਹਾ ਲੱਗਦਾ ਹੈ ਕਿ ਕੁਝ ਹੀ ਸਾਲ ਲੱਗਣਗੇ ਜਦ ਧਰਤੀ 'ਤੇ ਮਨੁੱਖ ਜਾਂ ਜਾਨਵਰ ਨਹੀਂ ਜਦਕਿ ਜੀਨ 'ਜੇਨਟੇਨ' ਮਨੁੱਖਾਂ ਦਾ ਰਾਜ ਹੋਵੇਗਾ। ਇਹ ਮਨੁੱਖ ਅਤੇ ਜਾਨਵਰ ਦਾ ਮਿਸ਼ਰਣ ਹੋਵੇਗਾ। ਕੀ ਇਹ ਉਦੋਂ ਬਚੇ ਹੋਏ ਕੁਝ ਕੁ ਸ਼ੁੱਧ ਮਨੁੱਖਾਂ 'ਤੇ ਰਾਜ ਵੀ ਕਰਨਗੇ? ਇਹ ਸਥਿਤੀ ਨੂੰ ਬਿਆਨ ਡੀਟਮਾਰ ਡਾਥਨੇ 2008 ਵਿੱਚ ਆਪਣੀ ਕਿਤਾਬ 'ਪ੍ਰਜਾਤੀਆਂ ਦਾ ਖਾਤਮਾ' ਵਿੱਚ ਕੀਤਾ ਹੈ। ਇਹ ਸਾਇੰਸ ਫਿਕਸਨ ਪੂਰੀ ਤਰ੍ਹਾਂ ਕਾਲਪਨਿਕ ਨਹੀਂ ਹੈ ਕਿਉਂਕਿ 1980 ਤੋਂ ਲੈ ਕੇ ਇਸ ਤਰ੍ਹਾਂ ਦੇ ਪ੍ਰਯੋਗ ਕੀਤੇ ਜਾ ਰਹੇ ਹਨ। ਜਿਸ ਵਿੱਚ ਮਨੁੱਖ ਦੀਆਂ ਕੋਸ਼ਿਕਾਵਾਂ, ਜਾਂ ਅੰਤਰਿਕ ਅੰਗ ਜਾਨਵਰਾਂ ਵਿੱਚ ਵਰਤੋਂ ਕੀਤੇ ਜਾਂਦੇ ਹਨ। ਸਾਲਾਂ ਤੋਂ ਇਸ ਤਰ੍ਹਾਂ ਦੇ ਪ੍ਰਯੋਗ ਅਲਜਾਇਮਰ ਜਾਂ ਕੈਂਸਰ ਜਿਹੀਆਂ ਬੀਮਾਰੀਆ ਵਿੱਚ ਕੋਸ਼ਿਕਾਵਾਂ ਦੀ ਬੁੱਧੀ 'ਤੇ ਨਜ਼ਰ ਰੱਖਣ ਲਈ ਕੀਤੇ ਜਾਂਦੇ ਹਨ।

ਮਨੁੱਖ ਦੀ ਪ੍ਰਤੀਰੋਧਕ ਸ਼ਕਤੀ ਵਾਲੇ ਚੂਹੇ

2002 'ਚ ਇੱਕ ਵਾਇਤਸਮਾਨ ਸੈਂਟਰ ਵੱਲੋਂ ਮਨੁੱਖ ਦੀਆਂ ਮੂਲ ਕੋਸ਼ਿਕਾਵਾਂ ਚੂਹਿਆਂ ਵਿੱਚ ਪਾਈਆਂ। ਨਤੀਜਾ ਸਾਡੇ ਸਾਹਮਣੇ ਇਹ ਆਇਆ ਕਿ ਚੂਹਿਆਂ ਵਿੱਚ ਮਨੁੱਖ ਦੀ ਕਿਡਨੀ ਵਰਗੀ ਕਿਡਨੀ ਬਣ ਗਈ ਪਰ ਇਸਦਾ ਅਕਾਰ ਛੋਟਾ ਸੀ। ਫਿਰ 2008 'ਚ ਚੀਨ ਅਤੇ ਬ੍ਰਿਟੇਨ ਦੇ ਵਿਗਿਆਨੀਆਂ ਨੇ ਮਨੁੱਖ ਅਤੇ ਗਾਂ ਦੇ ਭਰੂਣ ਦਾ ਹਾਈਬ੍ਰਿਡ ਭਰੂਣ ਬਣਾਕੇ ਦੁਨੀਆਂ 'ਚ ਹਲਚਲ ਮਚਾਈ। ਇਸਦੇ ਲਈ ਉਹਨਾਂ ਨੇ ਮਨੁੱਖ ਦੀਆਂ ਕੋਸ਼ਿਕਾਵਾਂ ਨੂੰ ਨਿਊਕਲੀਅਸ ਗਾਂ ਦੀ ਅਜਿਹੀ ਕੋਸ਼ਿਕਾ ਵਿੱਚ ਪਾਇਆ ਜਿਸ ਵਿੱਚ ਨਿਊਕਲੀਅਸ ਨਹੀਂ ਸੀ। ਅਜਿਹਾ ਕਰਨ ਨਾਲ ਵਿਗਿਆਨੀਆਂ ਨੂੰ ਇੱਕ ਹਾਈਬ੍ਰਿਡ ਭਰੂਣ ਦੀਆਂ ਮੁੱਖ ਕੋਸ਼ਿਕਾਵਾਂ ਮਿਲੀਆਂ। ਲਾਇਪਜਿਗ ਵਿੱਚ ਫਰਾਊਨਹੋਫਰ ਸੈਂਟਰ ਦੇ ਸੇਲ ਥੇਰੈਪੀ ਅਤੇ ਪ੍ਰੋਫੈਸਰ ਫਰਾਂਸ ਇਮਰਿਸ਼ ਦੱਸਦੇ ਹਨ ਕਿ, "ਸਾਡੀ ਸੰਸਥਾ ਵਿੱਚ ਅਸੀਂ ਐਚਯੂ-ਆਈ-ਐਸ ਚੂਹਿਆਂ ਦੇ ਨਾਲ ਕੰਮ ਕਰਦੇ ਹਾਂ। ਮਨੁੱਖ ਪ੍ਰਤੀਰੋਧੀ ਚੂਹੇ, ਅਸੀਂ ਖੂਨ ਬਣਾਉਣ ਦੇ ਲਈ ਜ਼ਰੂਰੀ ਇੱਕ ਕੋਸ਼ਿਕਾ ਨੂੰ ਇੱਕ ਚੂਹੇ ਵਿੱਚ ਪਾਇਆ ਅਤੇ ਫਿਰ ਉਸ ਚੂਹੇ ਵਿੱਚ ਮਨੁੱਖ ਦੀ ਪ੍ਰਤੀਰੋਧਕ ਪ੍ਰਣਾਲੀ ਨੂੰ ਬਣਾਇਆ। ਇਸ ਨਾਲ ਅਜਿਹੇ ਚੂਹੇ ਬਣੇ ਜਿਹਨਾਂ ਵਿੱਚ 30 ਫੀਸਦੀ ਖੂਨ ਬਣਾਉਣ ਵਾਲੀਆਂ ਕੋਸ਼ਿਕਾਵਾਂ ਮਨੁੱਖ ਦੀਆਂ ਕੋਸ਼ਿਕਾਵਾਂ ਵਰਗੀਆਂ ਹਨ।"

ਜ਼ਰੂਰੀ ਖੋਜ : ਇੱਕ ਵਿਗਿਆਨੀਆਂ ਦੀ ਟੀਮ ਖੋਜ ਕਰ ਰਹੀ ਹੈ ਕਿ ਅੰਗ ਬਦਲਣ (ਪ੍ਰਤੀਰੋਪਣ) ਦੇ ਬਾਅਦ ਕਦੇ ਕਦੇ ਮਰੀਜ ਦੀ ਪ੍ਰਤੀਰੋਧਕ ਪ੍ਰਣਾਲੀ ਦੇ ਵਿਰੁੱਧ ਕੰਮ ਕਰਨ ਲੱਗਦੇ ਹਨ। ਖੋਜ ਤੋਂ ਪਤਾ ਲਗਾਇਆ ਜਾ ਰਿਹਾ ਹੈ ਕਿ ਕਿਵੇਂ ਭਵਿੱਖ ਵਿੱਚ ਅੰਗ ਬਦਲਣ ਦੇ ਬਾਅਦ ਹੋਣ ਵਾਲੀਆਂ ਮੁਸ਼ਕਿਲਾਂ ਨੂੰ ਕਿਵੇਂ ਖ਼ਤਮ ਕੀਤਾ ਜਾਵੇ। ਭਾਵੇਂ ਪ੍ਰਤੀਰੋਪਿਤ ਹਿੱਸਾ ਮਨੁੱਖ ਦਾ ਨਾ ਹੋ ਕੇ ਕਿਸੇ ਹੋਰ ਜਾਨਵਰ ਦਾ ਹੋਵੇ। ਭਵਿੱਖ ਵਿੱਚ ਇਸ ਖੋਜ ਦੇ ਨਾਲ ਕੋਸ਼ਿਸ਼ ਕੀਤੀ ਜਾਵੇਗੀ ਕਿ ਅੰਗਦਾਨ ਦੀ ਘਾਟ ਨੂੰ ਪੂਰਾ ਕੀਤਾ ਜਾ ਸਕੇ। ਹੁਣ ਤੱਕ ਅੰਗ ਬਦਲਣ ਦੇ ਲਈ ਸੂਰ ਦੇ ਸਰੀਰ ਦੇ ਲਏ ਹਿੱਸੇ ਤੋਂ ਜਾਨਵਰਾਂ ਦੀਆਂ ਸਾਰੀਆਂ ਕੋਸ਼ਿਕਾਵਾਂ ਹਟਾਉਣੀਆਂ ਪੈਂਦੀਆਂ ਸਨ ਤਾਂ ਕਿ ਅੰਗ ਬਦਲਣ ਦੇ ਬਾਅਦ ਸਰੀਰ ਉਸਨੂੰ ਸਵੀਕਾਰ ਕਰ ਸਕੇ। 2009 ਵਿੱਚ ਪਹਿਲੀ ਵਾਰ ਸਟੁਟਗਾਰਟ ਦੇ ਵਿਗਿਆਨੀਆਂ ਨੂੰ ਬਣਾਵਟੀ ਨੱਕ ਦੀ ਨਾਲੀ ਬਦਲਣ ਵਿੱਚ ਸਫਲਤਾ ਮਿਲੀ। ਇਸ ਪ੍ਰਯੋਗਸਾਲਾ ਵਿੱਚ ਪਹਿਲਾਂ ਸੂਰ ਦੀ ਅੰਤੜੀ ਦੀਆਂ ਕੋਸ਼ਿਕਾਵਾਂ ਤੋਂ ਵਿਕਸਿਤ ਕੀਤਾ ਗਿਆ ਸੀ। ਇਸ ਸਮੇਂ ਹਾਈਡੇਲਬਰਗ ਯੂਨੀਵਰਸਿਟੀ ਵਿੱਚ ਵਿਗਿਆਨੀ ਕੋਸ਼ਿਸ਼ ਕਰ ਰਹੇ ਹਨ ਕਿ ਸੂਰ ਦੇ ਹਿਰਦੇ ਦਾ ਆਕਾਰ ਬਣਾ ਕੇ ਮਨੁੱਖ ਦੇ ਹਿਰਦੇ ਨੂੰ ਬਾਓਰਿਏਕਟਰ ਵਿੱਚ ਵਿਕਸਿਤ ਕੀਤਾ ਜਾਵੇ।

ਸੀਮਾ ਕਿੱਥੇ ਤੱਕ : ਸਵਾਲ ਹੈ ਕਿ ਮਨੁੱਖ ਦੇ ਸਰੀਰ ਵਿੱਚ ਜੀਨ ਸਵਧਿਰਤ ਕੋਸ਼ਿਕਾਵਾਂ ਜਾਂ ਜਾਨਵਰਾਂ ਦੇ ਸਰੀਰ ਵਿੱਚ ਮਨੁੱਖੀ ਕੋਸ਼ਿਕਾਵਾਂ ਨੂੰ ਪਾਉਣਾ ਕਿੰਨਾ ਕੁ ਠੀਕ ਹੈ। ਜਰਮਨ ਦੀ ਨੈਤਿਕਤਾ ਪ੍ਰੀਸ਼ਦ ਵਿੱਚ ਮਨੁੱਖ ਅਤੇ ਜਾਨਵਰਾਂ 'ਤੇ ਪ੍ਰਯੋਗ ਮਾਮਲਿਆਂ ਬਾਰੇ ਉਹਨਾਂ ਦਾ ਕਹਿਣਾ ਹੈ ਕਿ ਤਕਨੀਕ ਫੈਲ ਰਹੀ ਹੈ ਅਤੇ ਅਸੀ ਹੁਣ ਪੂਰੇ ਦੇ ਪੂਰੇ ਜੀਵਾਣੂ ਜਾਨਵਰਾਂ ਵਿੱਚ ਪਾ ਸਕਦੇ ਹਾਂ। ਇਸ ਨਾਲ ਸਾਨੂੰ ਮਨੁੱਖ ਦੇ ਨਵੇਂ ਜੀਨਾਂ ਬਾਰੇ ਪਤਾ ਲੱਗ ਰਿਹਾ ਹੈ ਜੋ ਜਾਨਵਰਾਂ ਦੇ ਸਰੀਰ ਵਿੱਚ ਬਦਲਾਵ ਕਰ ਸਕਦੇ ਹਨ। 1980 ਵਿੱਚ ਇੱਕ ਪ੍ਰਯੋਗ ਕੀਤਾ ਗਿਆ ਜਿਸ ਵਿੱਚ ਮੁਰਗੀ ਦੇ ਭਰੂਣ ਨੂੰ ਬਟੇਰ ਦੀਆਂ ਜੀਵਾਣੂ ਕੋਸ਼ਿਕਾਵਾਂ ਨਾਲ ਬਦਲਿਆ ਗਿਆ। ਇਸ ਨਾਲ ਪੈਦਾ ਹੋਇਆ ਚੂਚਾ ਮੁਰਗੀ ਦੀ ਤਰ੍ਹਾਂ ਨਹੀਂ ਜਦਕਿ ਬਟੇਰ ਦੀ ਆਵਾਜ਼ ਵਿੱਚ ਚੀਕ ਰਿਹਾ ਸੀ। ਇਸ ਨਾਲ ਵਿਗਿਆਨੀਆਂ ਨੂੰ ਪਤਾ ਲੱਗਿਆ ਕਿ ਚੂਹੇ ਵਿੱਚ ਇਕ ਮਨੁੱਖੀ ਜੀਨ ਪਾਉਣ ਨਾਲ ਚੂਹੇ ਦੀ ਬੋਲਣ ਦੀ ਸ਼ਕਤੀ ਬਦਲ ਜਾਂਦੀ ਹੈ।

ਆਮ ਤੌਰ ਤੇ ਇਸ ਤਰ੍ਹਾਂ ਦੇ ਪ੍ਰਯੋਗਾਂ ਦੌਰਾਨ ਇਹ ਪਤਾ ਨਹੀਂ ਲੱਗ ਸਕਦਾ ਕਿ ਜਾਨਵਰਾਂ 'ਚ ਇਸਦਾ ਕੀ ਪ੍ਰਭਾਵ ਹੋਣਾ ਚਾਹੀਦਾ ਹੈ। ਇਸ ਲਈ ਜਰਮਨ ਨੈਤਿਕਤਾ ਪ੍ਰੀਸ਼ਦ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੇ ਪ੍ਰਯੋਗ ਸਖ਼ਤ ਨਿਯੰਤਰਣ ਵਿੱਚ ਹੀ ਕੀਤੇ ਜਾਣੇ ਚਾਹੀਦੇ ਹਨ।

ਬਾਂਦਰ ਦੇ ਮੱਥੇ 'ਤੇ ਪ੍ਰਯੋਗ ਨਹੀਂ : ਗੋਏਟਿੰਗਨ ਵਿੱਚ ਮਾਕਸ ਪਾਲਕ ਸੰਸਥਾ ਦੇ ਪ੍ਰੋਫੈਸਰ ਅਹਿਮਦ ਮੰਸੈਰੀ ਇਸ ਗੱਲ ਤੋਂ ਡਰ ਰਹੇ ਹਨ ਕਿ ਮਨੁੱਖ ਦੇ ਮੱਥੇ ਦੀਆਂ ਕੋਸ਼ਿਕਾਵਾਂ ਨੂੰ ਜੇਕਰ ਬਾਂਦਰਾਂ ਦੇ ਦਿਮਾਗ ਵਿੱਚ ਪਾਇਆ ਗਿਆ ਤਾਂ ਬਾਂਦਰਾਂ ਦੇ ਵਿਵਹਾਰ ਵਿੱਚ ਭਾਰੀ ਬਦਲਾਅ ਹੋ ਸਕਦਾ ਹੈ। ਪਰ ਵਿਗਿਆਨੀਆਂ ਦਾ ਕਹਿਣਾ ਹੈ ਕਿ ਇਹ ਸ਼ੱਕ ਗਲਤ ਹੈ ਹੁਣ ਤੱਕ ਅਜਿਹਾ ਕੋਈ ਵੀ ਪ੍ਰਯੋਗ ਨਹੀਂ ਹੈ ਜੋ ਮੱਥੇ ਦੀ ਪ੍ਰਣਾਲੀ ਨੂੰ ਬਦਲਦਾ ਹੋਵੇ। ਜਰਮਨ ਨੈਤਿਕਤਾ ਪ੍ਰੀਸ਼ਦ ਦਾ ਕਹਿਣਾ ਹੈ ਕਿ ਨਵੇਂ ਨਿਯਮ ਦੇ ਅਨੁਸਾਰ ਮਨੁੱਖ ਦੇ ਜੀਵਾਣੂਆਂ ਨੂੰ ਜਾਨਵਰਾਂ ਦੇ ਵਿੱਚ ਨਹੀਂ ਪਾਇਆ ਜਾ ਸਕਦਾ ਅਤੇ ਜਾਨਵਰਾਂ ਦੇ ਜੀਵਾਣੂ ਮਨੁੱਖ ਵਿੱਚ ਨਹੀਂ ਪਾਏ ਜਾ ਸਕਦੇ।

- ਜਸਪ੍ਰੀਤ ਕੌਰ

ਇੱਕ ਨਸ਼ਿਆਂ ਮਾਰੇ ਦੀ ਆਤਮ-ਕਥਾ

ਰਵਿੰਦਰ ਸਿੰਘ ਦੀ ਆਤਮ ਕਥਾ I was a drug Addict ਉਸ ਦੀ ਆਪਣੀ ਜ਼ਿੰਦਗੀ ਦੀ ਸੱਚੀ ਕਹਾਣੀ ਹੈ। ਰਵਿੰਦਰ ਸਿੰਘ ਜਾਂ ਰਵੀ ਇਕ ਅਮੀਰ ਮਾਂ-ਬਾਪ ਦਾ ਪੁੱਤਰ ਸੀ। ਮਾਂ ਪਿਉ ਨੇ ਬਹੁਤ ਹੀ ਛੋਟੀ ਉਮਰ ਵਿੱਚ ਬੱਚੇ ਨੂੰ ਆਪਣੇ ਕੋਲੋਂ ਦੂਰ ਕਰ ਦਿੱਤਾ। ਉਹ Mayo college Ajmer ਦਾ ਵਿਦਿਆਰਥੀ ਸੀ। ਇਹ ਕਾਲਜ ਕੋਈ ਕਾਲਜ ਹੀ ਨਹੀਂ ਸਕੂਲ ਹੈ ਜਿੱਥੇ ਰਾਜੇ-ਮਹਾਂਰਾਜਿਆਂ ਦੇ ਬੱਚੇ ਪੜ੍ਹਦੇ ਹਨ। ਇਸ ਸਕੂਲ ਵਿੱਚ ਅਧਿਆਪਕ ਵੀ ਵਿਦੇਸ਼ੀ ਜਾਂ ਅੰਗਰੇਜ਼ ਹਨ।

ਰਵੀ ਆਪਣੀ ਕਹਾਣੀ ਵਿੱਚ ਲਿਖਦਾ ਹੈ ਕਿ ਜਦੋਂ ਮੈਂ ਪੰਜਵੀਂ ਜਮਾਤ ਦਾ ਇਮਤਿਹਾਨ ਪਾਸ ਕਰ ਲਿਆ ਤਾਂ ਮੈਂ ਸਕੂਲ ਵਿੱਚ ਬਣੇ ਜੈਪੁਰ ਹਾਊਸ ਵਿੱਚ ਸ਼ਾਮਲ ਹੋ ਗਿਆ। ਮੇਰਾ ਵੱਡਾ ਭਰਾ ਵੀ ਇਸੇ ਹਾਊਸ ਵਿੱਚ ਸੀ। ਮੇਰੇ ਹਾਊਸ ਦਾ ਮਾਸਟਰ ਮਿਸਟਰ ਚੈਟਰਜੀ ਸੀ। ਮੈਂ ਆਪਣੇ ਬੈਚ ਵਿੱਚ ਸਭ ਤੋਂ ਛੋਟਾ ਸੀ। ਮੇਰੇ ਨਾਲ ਛੇ ਹੋਰ ਮੁੰਡੇ ਸਨ। ਪੰਜਵੀਂ ਪਾਸ ਕਰਨ ਤੋਂ ਬਾਅਦ ਮੈਨੂੰ ਇਹ ਮਹਿਸੂਸ ਹੋਣ ਲੱਗਾ ਕਿ ਮੈਂ ਵੱਡਾ ਹੋ ਗਿਆ ਹਾਂ। ਮੇਰੀ ਕਲਾਸ ਦਾ ਕੰਮ ਵੀ ਘੱਟ ਗਿਆ ਸੀ। ਮੈਂ ਹੁਣ ਖੇਡਾਂ ਵਿੱਚ ਰੁਚੀ ਰੱਖਣੀ ਸ਼ੁਰੂ ਕੀਤੀ, ਅਸੀਂ ਸ਼ਾਮ ਨੂੰ ਹਾਕੀ ਫੁੱਟਬਾਲ, ਬਾਸਕਟਬਾਲ ਅਤੇ ਕ੍ਰਿਕਟ ਆਦਿ ਖੇਡਦੇ ਸੀ। ਸਾਡੇ ਸਕੂਲ ਵਿੱਚ ਖੇਡਾਂ ਦਾ ਬਹੁਤ ਵਧੀਆ ਪ੍ਰਬੰਧ ਸੀ। ਸਾਡੇ ਹਾਊਸ ਦਾ ਮਾਸਟਰ ਬਹੁਤ ਸਖ਼ਤ ਆਦਮੀ ਸੀ ਪਰ ਉਹ ਦਿਲ ਦਾ ਚੰਗਾ ਸੀ। ਉਹ ਸਕੂਲ ਵਿਚ ਕਲਾ-ਕ੍ਰਿਤੀ ਦਾ ਅਧਿਆਪਕ ਸੀ। ਉਹ ਖੁਦ ਵੀ ਇਕ ਅੱਛਾ ਕਲਾਕਾਰ ਸੀ। ਉਸ ਨੇ ਸਾਨੂੰ ਗੱਤੇ ਦੇ ਮਾਡਲ, ਚਮੜੇ ਦਾ ਕੰਮ ਅਤੇ ਪਿਕਚਰ ਬਣਾਉਣੀ ਸਿਖਾਈ। ਸਾਡੇ ਸਕੂਲ ਵਿੱਚ ਬਹੁਤ ਵਧੀਆ ਪ੍ਰਦਰਸ਼ਨੀਆਂ ਲੱਗਦੀਆਂ ਸਨ। ਪਰ ਪੰਜਵੀਂ ਜਮਾਤ ਤੋਂ ਬਾਅਦ ਮੈਂ ਢਹਿੰਦੀ ਕਲਾ ਵੱਲ ਜਾਣਾ ਸ਼ੁਰੂ ਕਰ ਦਿੱਤਾ। ਮੈਨੂੰ ਮੇਰੇ ਮਾਸਟਰ ਨੇ ਕਾਫੀ ਸੁਧਾਰਣ ਦੀ ਕੋਸ਼ਿਸ਼ ਕੀਤੀ, ਪਰ ਮੈਂ ਜ਼ਿਆਦਾ ਚਲਾਕੀ ਕਰਦਾ ਰਿਹਾ। ਇਕ ਦਿਨ ਮੈਨੂੰ ਸੜਕ ਉਤੇ ਪਈ ਬੀੜੀ ਲੱਭੀ, ਮੈਂ ਬੜੀ ਚਲਾਕੀ ਨਾਲ ਉਸ ਨੂੰ ਚੁੱਕ ਲਿਆ, ਕਿਸੇ ਆਲੇ-ਦੁਆਲੇ ਨੂੰ ਕੋਈ ਪਤਾ ਨਾ ਲੱਗਿਆ। ਰਾਤ ਨੂੰ ਗੁਸਲਖਾਨੇ ਵਿੱਚ ਲੁਕ ਕੇ ਮੈਂ ਪਹਿਲੀ ਬਾਰ ਬੀੜੀ ਪੀਤੀ। ਫੇਰ ਕੁੱਝ ਦਿਨਾਂ ਬਾਅਦ ਮੈਂ ਸਕੂਲੋਂ ਭੱਜ ਕੇ ਪਿਕਚਰ ਦੇਖੀ। ਮੈਂ ਪਹਿਲਾਂ ਸਕੂਲ ਦੇ ਅਧਿਕਾਰੀਆਂ ਨੂੰ ਬਹੁਤ ਕਿਹਾ ਕਿ ਮੈਨੂੰ ਵੀ ਬਾਹਰ ਜਾ ਕੇ ਪਿਕਚਰ ਦੇਖਣ ਦੀ ਇਜਾਜ਼ਤ ਦਿੱਤੀ ਜਾਵੇ, ਪਰ ਹਰ ਵਾਰੀ ਮੈਨੂੰ ਸਖਤੀ ਨਾਲ ਨਾਂਹ ਕਰ ਦਿੱਤੀ ਜਾਂਦੀ, ਇਸ ਲਈ ਮੇਰਾ ਸਕੂਲੋਂ ਭੱਜਣਾ ਸ਼ੁਰੂ ਹੋ ਚੁੱਕਿਆ ਸੀ। ਪਿਕਚਰ ਦੇਖਣ ਤੋਂ ਬਾਅਦ ਮੈਂ ਕੁੱਝ ਸਿਗਰਟਾਂ ਖਰੀਦਣ ਬਾਰੇ ਫੈਸਲਾ ਕੀਤਾ, ਇਹ ਫੈਸਲਾ ਕਰਨ ਲਈ ਮੈਂ ਕਾਫੀ ਦੇਰ ਸੋਚਦਾ ਰਿਹਾ, ਅੰਤ ਵਿੱਚ ਮੈਂ ਸਿਗਰਟਾਂ ਜੁਰਾਬਾਂ ਵਿਚ ਛੁਪਾ ਲਈਆਂ। ਸਿਗਰਟ ਪੀ ਕੇ ਮੈਨੂੰ ਐਵੇਂ ਲੱਗਾ ਜਿਵੇਂ ਮੈਂ ਵੱਡਾ ਅਤੇ ਸਿਆਣਾ ਹੋ ਗਿਆ ਹਾਂ। ਮੇਰੇ ਕਈ ਸਾਥੀ ਵੀ ਲੁਕ ਛਿਪ ਕੇ ਸਿਗਰਟ ਪੀਂਦੇ ਸੀ। ਸਿਗਰਟ ਪੀ ਕੇ ਅਸੀਂ ਟੁੱਥਪੇਸਟ ਕਰ ਲੈਂਦੇ ਸੀ ਅਤੇ ਸੈਂਟ ਮਲ ਲੈਂਦੇ ਸੀ ਤਾਂ ਕਿ ਕਿਸੇ ਨੂੰ ਪਤਾ ਨਾ ਚੱਲੇ। ਅਸੀਂ ਕਦੇ ਵੀ ਫੜੇ ਨਹੀਂ ਗਏ ਅਤੇ ਨਾ ਹੀ ਕਦੇ ਕਿਸੇ ਨੇ ਅਜਿਹਾ ਸੋਚਿਆ ਹੋਵੇਗਾ ਕਿ ਐਨੇ ਛੋਟੇ ਬੱਚੇ ਸਿਗਰਟ ਪੀਂਦੇ ਹਨ। ਜਿਵੇਂ ਮੈਂ ਅਗਲੀ ਕਲਾਸ ਵਿੱਚ ਚੜ੍ਹਦਾ ਗਿਆ ਤਿਵੇਂ-ਤਿਵੇਂ ਮੇਰਾ ਪੜ੍ਹਾਈ ਵਿੱਚ ਜੀ ਨਹੀਂ ਲੱਗਦਾ ਸੀ। ਅੰਤ ਵਿੱਚ ਮੈਂ ਸਕੂਲ ਵਿਚ ਸਭ ਤੋਂ ਸੀਨੀਅਰ ਹੋ ਗਿਆ ਤਾਂ ਮੇਰੀ ਪੜ੍ਹਾਈ ਬਿਲਕੁੱਲ ਬੁਰੇ ਹਾਲਾਂ ਵਿਚ ਪਹੁੰਚ ਗਈ। ਮੇਰੇ ਮਾਂ ਪਿਉ ਸਕੂਲ ਦੇ ਮਾਸਟਰਾਂ ਨਾਲ ਸਲਾਹ ਮਸ਼ਵਰਾ ਕਰਦੇ ਰਹੇ ਪਰ ਮੈਂ ਨਹੀਂ ਸੁਧਰਿਆ। ਸਾਡੇ ਸਕੂਲ ਦਾ ਪ੍ਰਿੰਸੀਪਲ ਮਿਸਟਰ ਗਿਬਸਨ ਸਕੂਲ ਛੱਡ ਕੇ ਜਾ ਰਿਹਾ ਸੀ। ਮੈਨੂੰ ਉਸ ਦੇ ਜਾਣ ਦਾ ਬਹੁਤ ਅਫਸੋਸ ਹੋਇਆ। ਉਹ ਬਹੁਤ ਚੰਗਾ ਆਦਮੀ ਸੀ, ਉਸ ਨੇ ਵਿਆਹ ਨਹੀਂ ਕਰਾਇਆ ਸੀ। ਉਹ ਸਾਰਾ ਸਮਾਂ ਸਕੂਲ ਵਿੱਚ ਵਿਦਿਆਰਥੀਆਂ ਉਤੇ ਖਰਚ ਕਰਦਾ ਸੀ। ਉਸ ਨੇ ਇਕ ਵਾਰੀ ਮੇਰੀ ਡੰਡਾ-ਪਰੇਡ ਵੀ ਕੀਤੀ ਸੀ ਜਦੋਂ ਮੈਂ ਆਪਣੇ ਕੁੱਝ ਸਾਥੀਆਂ ਨਾਲ ਸਕੂਲ ਦੇ ਸ਼ੀਸ਼ੇ ਤੋੜੇ ਸਨ। ਕੁੱਟ ਕਾਰਨ ਮੇਰਾ ਪਿਸ਼ਾਬ ਨਿਕਲ ਗਿਆ ਪਰ ਮੈਂ ਕਦੇ ਵੀ ਗਿਬਸਨ ਦਾ ਬੁਰਾ ਨਹੀਂ ਮਨਾਇਆ। ਗਿਬਸਨ ਦੇ ਜਾਣ ਤੋਂ ਬਾਅਦ ਸਾਡੇ ਸਕੂਲ ਦਾ ਹੋਰ ਬੁਰਾ ਹਾਲ ਹੋ ਗਿਆ। ਮੈਂ ਚਾਰ ਮੁੰਡਿਆਂ ਨਾਲ ਡਰਮਿਟਰੀ ਵਿੱਚ ਰਹਿੰਦਾ ਸੀ, ਅਸੀਂ ਸਾਰੇ ਸਿਗਰਟ ਪੀਂਦੇ ਸੀ। ਮੈਂ ਕਦੇ-ਕਦੇ ਨਾਲ ਨਸ਼ਾ ਵੀ ਕਰਦਾ ਸੀ। ਮੈਂ ਪੜ੍ਹਨਾ-ਖੇਡਣਾ ਬੰਦ ਕਰ ਦਿੱਤਾ। ਮੈਂ ਰਹਿਣਾ ਵੀ ਗੰਦਾ ਸ਼ੁਰੂ ਕਰ ਦਿੱਤਾ ਜਦੋਂ ਮੈਂ ਕਲਾਸ ਵਿਚ ਪਿਛਲੇ ਬੈਚਾਂ ਉਤੇ ਬੈਠਦਾ ਸੀ ਤਾਂ ਹਮੇਸ਼ਾ ਸਿਗਰਟ ਅਤੇ ਨਸ਼ੇ ਬਾਰੇ ਸੋਚਦਾ ਸੀ। ਕਈ ਵਾਰੀ ਮੈਂ ਕਲਾਸ ਵਿਚੋਂ ਗਾਇਬ ਹੋ ਜਾਂਦਾ ਸੀ ਅਤੇ ਗਾਂਜੇ ਦਾ ਨਸ਼ਾ ਕਰਕੇ ਵਾਪਸ ਆ ਕੇ ਬਹਿ ਜਾਂਦਾ ਸੀ। ਹਰ ਰਾਤ ਮੈਂ ਆਪਣੇ ਦੋਸਤਾਂ ਨਾਲ ਹੋਸਟਲ ਦੀ ਕੰਧ ਟੱਪ ਕੇ ਬਾਹਰ ਸਿਗਰਟ ਦੀ ਰੇੜ੍ਹੀ ਉਤੇ ਜਾ ਕੇ ਗਾਂਜਾ ਪੀ ਕੇ ਆਂਦਾ ਸੀ। ਸਾਡੇ ਵਿਚੋਂ ਕਈ ਸ਼ਰਾਬ, ਸਿਗਰਟ ਆਦਿ ਪੀਂਦੇ ਸਨ, ਗਾਂਜਾ ਮੈਂ ਇਕੱਲਾ ਹੀ ਪੀਂਦਾ ਸੀ। ਅਸੀਂ ਸਾਰੇ ਸਾਥੀ ਆਪਣੇ ਅਧਿਆਪਕਾਂ ਦੇ ਛੋਟੇ-ਛੋਟੇ ਨਾਮ ਰੱਖਦੇ ਸੀ ਜਿਵੇਂ ਗਿਬਸਨ ਨੂੰ 'ਗਿੱਬੀ' ਅਤੇ ਚੈਟਰਜੀ ਨੂੰ 'ਚੈਟ' ਕਹਿੰਦੇ ਸੀ। ਜਦੋਂ ਸਕੂਲ ਦੇ ਵਿਦਿਆਰਥੀ ਵੱਡੀ ਕਲਾਸ ਵਿਚ ਹੋ ਜਾਂਦੇ ਹਨ ਤਾਂ ਉਹ ਬਹਾਦਰ ਅਤੇ ਜੋਸ਼ੀਲੇ ਹੋ ਜਾਂਦੇ ਹਨ। ਅਸੀਂ ਆਪਣੇ ਇਕ ਟੀਚਰ ਦਾ ਜੀਣਾ ਔਖਾ ਕਰ ਦਿੰਦੇ ਸੀ ਕਿਉਂਕਿ ਉਹ ਗਲਤ ਅੰਗਰੇਜ਼ੀ ਬੋਲਦਾ ਸੀ। ਉਹ ਕਈ ਵਾਰੀ ਜੇ ਮੈਨੂੰ ਸ਼ਰਾਰਤ ਕਰਦੇ ਫੜ੍ਹ ਲੈਂਦਾ ਸੀ ਉਹ ਕਹਿੰਦਾ, "ਉਏ ਰਵਿੰਦਰ ਤੇਰਾ ਨਾਮ ਕੀ ਹੈ?" ਸਾਡੇ ਸਕੂਲ ਦੇ ਸਲਾਨਾ ਸਮਾਰੋਹ ਉਤੇ ਮੇਰੀ ਮਾਤਾ ਜੀ ਆਏ ਪਰ ਮੈਂ ਆਪਣੀ ਮਾਂ ਤੋਂ ਪਰ੍ਹਾਂ ਹੀ ਰਹਿੰਦਾ ਸੀ ਕਿਉਂਕਿ ਮੈਨੂੰ ਨਸ਼ੇ ਦੀ ਆਦਤ ਸੀ। ਮੇਰੀ ਮਾਂ ਨੇ ਸਕੂਲ ਦੇ ਟੀਚਰਾਂ ਨੂੰ ਸ਼ਿਕਾਇਤ ਵੀ ਕੀਤੀ। ਇਸ ਤਰ੍ਹਾਂ ਮੈਂ ਹੋਰ ਵਿਗੜ ਗਿਆ।

ਡਾ. ਹਰਿੰਦਰ ਸਿੰਘ

ਸਾਡੇ ਸਕੂਲ ਦੇ ਸਲਾਨਾ ਸਮਾਰੋਹ ਉਤੇ ਰਾਸ਼ਟਰਪਤੀ ਵੀ. ਵੀ. ਗਿਰੀ ਆਏ ਪਰ ਮੈਂ ਅਤੇ ਮੇਰਾ ਦੋਸਤ ਸਕੂਟਰ ਲੈ ਕੇ ਦੂਰ ਨਸ਼ਾ ਕਰਨ ਲਈ ਨਿਕਲ ਪਏ ਅਤੇ ਰਸਤੇ ਸਾਡਾ ਸਕੂਟਰ ਖਰਾਬ ਹੋ ਗਿਆ। ਅਸੀਂ ਮਕੈਨਿਕ ਨੂੰ ਸਕੂਟਰ ਦੇ ਕੇ ਉਥੋਂ ਕਿਸੇ ਹੋਰ ਦੇ ਸਕੂਟਰ ਤੇ ਸਕੂਲ ਵਾਪਸ ਆ ਗਏ। ਅੱਜ ਅਸੀਂ ਫੜ੍ਹੇ ਗਏ। ਪ੍ਰਿੰਸੀਪਲ ਨੇ ਸਕੂਲ ਤੋਂ ਬਾਹਰ ਕੱਢਣ ਦਾ ਸੋਚਿਆ ਪਰ ਹਾੜੇ ਕੱਢ ਕੇ ਮਾਫੀਆਂ ਮੰਗ ਕੇ ਅਸੀਂ ਬਚ ਗਏ। ਮੇਰੇ ਪਿਤਾ ਜੀ ਨੂੰ ਮੇਰੀਆਂ ਮਾੜੀਆਂ ਰਿਪੋਰਟਾਂ ਬਾਰੇ ਪਤਾ ਲੱਗਾ। ਉਨ੍ਹਾਂ ਨੇ ਸਾਡੇ ਨਵੇਂ ਪ੍ਰਿੰਸੀਪਲ ਨਾਲ ਗੱਲ ਕੀਤੀ ਪਰ ਨਵੇਂ ਪ੍ਰਿੰਸੀਪਲ ਨੂੰ ਮੇਰੇ ਬਾਰੇ ਕੁੱਝ ਵੀ ਪਤਾ ਨਹੀਂ ਸੀ। ਪ੍ਰਿੰਸੀਪਲ ਸਾਹਿਬ ਨੇ ਸੋਚਿਆ ਕਿ ਬੱਚੇ ਕਦੇ ਚੰਗੇ ਕਦੇ ਮਾੜੇ ਹੁੰਦੇ ਰਹਿੰਦੇ ਹਨ। ਹੌਲੀ-ਹੌਲੀ ਠੀਕ ਹੋਣ ਦਾ ਹੌਸਲਾ ਦਿੰਦੇ ਹੋਏ ਮੇਰੇ ਪਿਤਾ ਜੀ ਨੂੰ ਵਾਪਸ ਭੇਜ ਦਿੱਤਾ ਪਰ ਅਫ਼ਸੋਸ ਕਿਸੇ ਨੇ ਸਾਡੀ ਡੂੰਘਾਈ ਨਾਪਣ ਦੀ ਕੋਸ਼ਿਸ਼ ਨਾ ਕੀਤੀ। ਪ੍ਰਿੰਸੀਪਲ ਨੇ ਕਈ ਵਾਰੀ ਮੈਨੂੰ ਝਿੜਕਾਂ ਦਿੱਤੀਆਂ, ਮਾਰਿਆ ਕੁੱਟਿਆ ਮੈਂ ਮਾਫੀਆਂ ਮੰਗ ਕੇ ਗਲਤੀ ਮੰਨ ਕੇ ਬਚਦਾ ਰਿਹਾ, ਕਈ ਵਾਰ ਤਾਂ ਮੈਂ ਪੈਂਟ ਹੇਠਾਂ ਕਾਪੀ ਰੱਖ ਲੈਂਦਾ ਸੀ ਕਿ ਜੇ ਡੰਡੇ ਪਏ ਤਾਂ ਕਾਪੀ ਉਤੇ ਵੱਜਣਗੇ ਪਰ ਮੈਂ ਕਹਿੰਦਾ ਹਾਂ ਕਿ ਮਾਰਨ-ਕੁੱਟਣ ਦੀ ਸਜ਼ਾ ਬੱਚੇ ਨੂੰ ਸੁਧਾਰ ਨਹੀਂ ਸਕਦੀ। ਇਹ ਤਾਂ ਇਕ ਆਮ ਜਿਹੀ ਸਜ਼ਾ ਹੈ ਸੋ ਸਹੀ ਕਾਰਨ ਲੱਭਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਜਿਵੇਂ ਡਾਕਟਰ ਕਰਦੇ ਹਨ। ਨਾਲੇ ਹਰ ਮਰੀਜ਼ ਲਈ ਇੱਕੋ ਹੀ ਦਵਾਈ ਨਹੀਂ ਵਰਤਣੀ ਚਾਹੀਦੀ ਪਰ ਮਾਂ ਪਿਉ ਅਤੇ ਟੀਚਰਾਂ ਕੋਲ ਇੱਕੋ ਹੀ ਦਵਾਈ ਹੈ-ਉੱਚੀ ਉੱਚੀ ਬੋਲੇ, ਚੀਖੇ ਅਤੇ ਡੰਡੇ ਨਾਲ ਮਾਰੋ ਕੁੱਟੋ। ਮੇਰੇ ਅਨੁਸਾਰ ਸਜ਼ਾ ਬੱਚੇ ਨੂੰ ਵਕਤੀ ਤੌਰ 'ਤੇ ਠੀਕ ਕਰ ਸਕਦੀ ਹੈ ਪੂਰਨ ਤੌਰ 'ਤੇ ਨਹੀਂ। ਨਾਲ ਹੀ ਬੱਚੇ ਝੂਠ ਬੋਲਣਾ ਸਿਖ ਜਾਂਦੇ ਹਨ ਕਿਉਂਕਿ ਮੈਂ ਝੂਠ ਬੋਲ ਕੇ ਕਈ ਵਾਰੀ ਆਪਣੇ ਆਪ ਨੂੰ ਬਚਾਇਆ। ਸਜ਼ਾ ਬੱਚੇ ਨੂੰ ਸੁਧਾਰ ਨਹੀਂ ਸਕਦੀ ਬਲਕਿ ਅਗਲੀ ਵੇਰ ਬਚਣ ਦੇ ਤਰੀਕੇ ਲੱਭਣੇ ਸਿਖਾਉਂਦੀ ਹੈ ਮੈਂ ਹਿੰਦੋਸਤਾਨ ਦੇ ਸਭ ਤੋਂ ਵਧੀਆ ਸਕੂਲ ਵਿੱਚ ਪੜ੍ਹਦਾ ਸੀ ਪਰ ਮੇਰੇ ਮਾਂ ਪਿਉ, ਪ੍ਰਿੰਸੀਪਲ ਅਤੇ ਟੀਚਰਾਂ ਨੂੰ ਕਦੇ ਵੀ ਪਤਾ ਨਹੀਂ ਲੱਗਿਆ ਕਿ ਅਸੀਂ ਕੀ ਕਰਦੇ ਸੀ। ਜੇ ਕਦੇ ਫੜ੍ਹੇ ਜਾਂਦੇ ਤਾਂ ਹਾਊਸ ਮਾਸਟਰ ਦਸ ਮਿੰਟ ਗਾਲ੍ਹਾਂ ਕੱਢ ਕੇ ਤੁਰ ਜਾਂਦਾ ਸੀ। ਅਸੀਂ ਸੋਚਦੇ ਸੀ ਕਿ ਇਸ ਬੰਦੇ ਨੂੰ ਆਪਣੇ ਫੇਫੜੇ ਕਸਰਤ ਕਰਨ ਦੀ ਤਨਖਾਹ ਮਿਲਦੀ ਹੈ। ਹੁਣ ਮੈਂ ਪੜ੍ਹਾਈ ਲਿਖਾਈ ਖੇਡਾਂ, ਸਕੂਲ ਦੇ ਫੰਕਸ਼ਨਾਂ ਉਤੇ ਜਾਣਾ ਬੰਦ ਕਰ ਦਿੱਤਾ, ਮੈਂ ਕਦੇ ਘਰ ਵੀ ਚਿੱਠੀ ਨਹੀਂ ਲਿਖੀ ਪਰ ਮੈਨੂੰ ਜੇ ਹੁਣ ਵੀ ਕੋਈ ਸਹੀ ਰਾਹ ਉਤੇ ਪਾਂਦਾ ਤਾਂ ਮੈਂ ਠੀਕ ਹੋ ਸਕਦਾ ਸੀ। ਮੈਂ ਨਸ਼ੇ ਲਈ ਹੁਣ ਆਪਣੀ ਘੜੀ ਵੇਚ ਦਿੱਤੀ, ਹੌਲੀ-ਹੌਲੀ ਜਦੋਂ ਵੀ ਮੈਂ ਘਰ ਜਾਂਦਾ ਤਾਂ ਘਰ ਦੀ ਕੋਈ ਨਾ ਕੋਈ ਚੀਜ਼ ਖਿਸਕਾ ਕੇ ਵੇਚ ਦਿੰਦਾ। ਮੈਨੂੰ ਪੈਸੇ ਦੀ ਹਰ ਵਕਤ ਲੋੜ ਰਹਿੰਦੀ ਸੀ, ਨਹੀਂ ਤਾਂ ਮੇਰਾ ਨਸ਼ਾ ਟੁੱਟਦਾ ਸੀ। ਮੈਂ ਹਰ ਬਾਰ ਝੂਠ ਬੋਲ ਕੇ ਬਚ ਜਾਂਦਾ ਸੀ। ਆਖਰੀ ਵਰ੍ਹੇ ਦੀ ਕਲਾਸ ਵਿੱਚ ਮੈਂ ਗਾਂਜੇ ਨਾਲ ਇੰਨਾ ਪਰਭਾਵਤ ਹੋ ਗਿਆ ਕਿ ਮੇਰੇ ਟੀਚਰ, ਮੇਰੇ ਮਾਂ ਪਿਉ ਅਤੇ ਮੇਰੇ ਦੋਸਤ ਜੋ ਪੜ੍ਹਦੇ ਹੁੰਦੇ ਸੀ, ਮੈਨੂੰ ਪਾਗਲ ਲੱਗਣ ਲੱਗ ਪਏ। ਮੇਰੀ ਨਜ਼ਰ ਵਿਚ ਸਿਰਫ਼ ਮੈਂ ਹੀ ਸਿਆਣਾ ਸੀ। ਇਹੀ ਮੇਰੀ ਜ਼ਿੰਦਗੀ ਦਾ ਫਲਸਫਾ ਬਣ ਗਿਆ। ਇਸ ਚੈਪਟਰ ਵਿਚ ਉਸਨੇ ਦੱਸਿਆ ਹੈ ਕਿ ਉਹ ਸਕੂਲ ਵਿਚ ਕਿਵੇਂ ਵਿਗੜਿਆ ਉਹ ਸਿਰਫ਼ 21 ਸਾਲ ਤੱਕ ਜਿਉਂਦਾ ਰਿਹਾ। ਨਸ਼ੇ ਦੀ ਦੁਨੀਆ ਦਾ ਸਫ਼ਰ ਉਸ ਨੇ ਦੇਸ਼ ਵਿਦੇਸ਼ ਤੋਂ ਆਏ ਨਸ਼ਈ ਦੋਸਤਾਂ ਨਾਲ ਮਨਾਲੀ, ਨੇਪਾਲ ਅਤੇ ਗੋਆ ਵਿਖੇ ਰਹਿ ਕੀਤਾ ਪਰ ਰਵੀ ਦੀ ਬਹਾਦਰੀ ਵੇਖੋ ਕਿ ਜੋ ਜੋ ਉਸ ਨੇ ਕੀਤਾ ਉਹ ਨਾਲ-ਨਾਲ ਲਿਖਦਾ ਗਿਆ ਅਤੇ ਸਾਰਾ ਕੋਰਾ ਸੱਚ ਆਪਣੀ ਡਾਇਰੀ ਵਿਚ ਦਰਜ ਕਰਦਾ ਰਿਹਾ ਜੋ ਬਾਅਦ ਵਿਚ ਉਸ ਦੇ ਮਾਂ ਪਿਉ ਨੇ ਕਿਤਾਬਾਂ ਦੀ ਸ਼ਕਲ ਵਿਚ ਲੋਕਾਂ ਦੀਆਂ ਅੱਖਾਂ ਖੋਲਣ ਲਈ ਪੇਸ਼ ਕੀਤਾ ਹੈ।

ਅਸਿਸਟੈਂਟ ਪ੍ਰੋਫੈਸਰ, ਸਰਕਾਰੀ ਮੈਡੀਕਲ ਕਾਲਜ, ਪਟਿਆਲਾ।

तर्कभारती प्रकाशन, बरनाला की हिन्दी व अंग्रेजी में प्रकाशित पुस्तकें

1.	और देव पुरुष हार गये	25/-
2.	देव और दानव	40/-
3.	भुतों का शिकार	40/-
4.	विज्ञान और पराविज्ञान	40/-
5.	रौशनी	20/-
6.	प्रमात्मा कब, कहां, और कैसे ?	20/-
7.	हिप्नोटिजम क्या, क्यों और कैसे ?	15/-
8.	कण-कण में विज्ञान	15/-
9.	ज्योतिष झुठ बोलता है !	30/-
10.	तर्कशील जादुगर	20/-
11.	वैज्ञानिक जादुगर	20/-
12.	रजनीश बेनकाब	30/-
13.	मैं कौन हूं	20/-
14.	अतीत के साये में	40/-
15.	लेकिन ये सच है	40/-
16.	जीवन संग्राम	30/-
17.	समय का इतिहास	20/-
18.	दिमागी विकास कैसे करें	20/-
19.	**शहीद भगत सिंह की कुछ चुनिंदा रचनाऐं**	50/-
20.	**धर्म के नाम पर दरिन्दगी**	30/-
21.	**झुठ की पुजा**	40/-
22.	**तर्कशील संदेश**	30/-
23.	**तर्कशील वार्ता**	40/-
24.	**सिक्ख भाईयों से कुछ बातें**	40/-
25.	उजाले की ओर	50/-
26.	Fortune Telling Exposed	70/-
27.	Live Math Puzzles	75/-

ਸੂਚਨਾ

ਸਾਲ 2003, 2004, 2005, 2006, 2007, 2008, 2009 ਅਤੇ 2010ਦੀਆਂ ਮੈਗਜ਼ੀਨ 'ਵਿਗਿਆਨ ਜੋਤ' ਦੀਆਂ ਫਾਈਲਾਂ ਸਾਡੇ ਕੋਲ ਉਪਲਬਧ ਹਨ। ਵਧੀਆ ਜਿਲਦ ਦੇ ਵਿੱਚ ਛੇ-ਛੇ ਮੈਗਜ਼ੀਨਾਂ ਦੀ ਇੱਕ ਫਾਈਲ ਸਿਰਫ 80 ਰੁਪਏ ਅਤੇ ਦੋ ਸਾਲ ਦੀਆਂ ਫਾਈਲਾਂ 155 ਰੁਪਏ ਵਿੱਚ ਤਿੰਨ ਸਾਲਾਂ ਦੀਆਂ ਫਾਈਲਾਂ 225 ਰੁਪਏ ਅਤੇ ਚਾਰ ਸਾਲ ਦੀਆਂ ਫਾਈਲਾਂ 295 ਰੁਪਏ ਵਿਚ, ਪੰਜ ਸਾਲ ਦੀਆਂ ਫਾਈਲਾਂ 365 ਰੁਪਏ ਅਤੇ ਛੇ ਸਾਲਾਂ ਦੀਆਂ ਫਾਈਲਾਂ ਤੁਹਾਨੂੰ 435 ਰੁਪੈ ਵਿੱਚ ਪ੍ਰਾਪਤ ਹੋ ਸਕਦੀਆਂ ਹਨ। ਤੁਸੀਂ ਇਹ ਫਾਈਲਾਂ ਵੀ.ਪੀ.ਪੀ. ਰਾਹੀਂ ਵੀ ਫ਼ੋਨ ਨੰਬਰ 01679-241744 'ਤੇ ਫ਼ੋਨ ਕਰਕੇ ਮੰਗਵਾ ਸਕਦੇ ਹੋ।

ਵਿਗਿਆਨ ਦੀਆਂ ਖ਼ਬਰਾਂ

1. ਇੱਕ ਹੀ ਸਮੇਂ 'ਤੇ ਦੋ ਥਾਵਾਂ ਉਤੇ ਦਿਸੇਗਾ ਇਨਸਾਨ

ਵਿਗਿਆਨੀਆਂ ਨੇ ਪਾਇਆ ਕਿ ਇੱਕ ਯੰਤਰ ਇਕ ਹੀ ਸਮੇਂ ਦੋ ਵੱਖ-ਵੱਖ ਥਾਵਾਂ 'ਤੇ ਮੌਜੂਦ ਹੋ ਸਕਦਾ ਹੈ। ਇਹ ਖੋਜ ਅਲਬਰਟ ਆਇਨਸਟਾਇਨ ਦੇ ਵਿਚਾਰ ਨੂੰ ਸਹੀ ਸਾਬਿਤ ਕਰਦੀ ਹੈ, ਜਿਸਨੂੰ ਉਨ੍ਹਾਂ ਨੇ ਖੁਦ ਹੀ ਖਾਰਿਜ ਕਰ ਦਿੱਤਾ ਸੀ। ਇਸ ਖੋਜ ਨੂੰ ਵਿਗਿਆਨੀ ਇੱਕ ਬੜੀ ਉਪਲਬਧੀ ਮੰਨ ਰਹੇ ਹਨ। ਇਹ ਮਸ਼ੀਨ ਚਾਂਦੀ ਦੇ ਬੇਹੱਦ ਪਤਲੇ ਬੇਫਰ ਨਾਲ ਬਣਾਈ ਗਈ ਹੈ। ਇਨਸਾਨ ਦੁਆਰਾ ਬਣਾਇਆ ਇਹ ਪਹਿਲਾ ਯੰਤਰ ਹੈ, ਜੋ ਰਹੱਸਮਈ ਕਵਾਂਟਮ ਊਰਜਾ ਨਾਲ ਚੱਲਦਾ ਹੈ। 'ਕਵਾਂਟਮ ਥਿਊਰੀ' ਅਨੁਸਾਰ ਕੋਈ ਵਸਤੂ ਅਲੱਗ-ਅਲੱਗ ਊਰਜਾ ਲੈ ਕੇ ਕਦੇ ਇਕੋ ਜਿਹੀ ਨਹੀਂ ਰਹਿੰਦੀ ਅਤੇ ਉਹ ਇਕ ਹੀ ਸਮੇਂ 'ਤੇ ਦੋ ਅਲੱਗ-ਅਲੱਗ ਥਾਵਾਂ 'ਤੇ ਹੋ ਸਕਦੀ ਹੈ। ਵਿਗਿਆਨੀ ਇਸ ਕਰਕੇ ਵੀ ਉਤਸ਼ਾਹਿਤ ਹਨ ਕਿਉਂਕਿ ਇਹ ਪ੍ਰਯੋਗ ਇਨਸਾਨਾਂ 'ਤੇ ਵੀ ਕੀਤਾ ਜਾ ਸਕਦਾ ਹੈ।

2. ਅੱਖਾਂ ਦੇ ਇਸ਼ਾਰਿਆਂ 'ਤੇ ਨੱਚੇਗਾ ਲੈਪਟਾਪ

ਮਾਊਸ ਜਾਂ ਟਚਪੈਡ ਹੁਣ ਪੁਰਾਣੇ ਦਿਨਾਂ ਦੀਆਂ ਗੱਲਾਂ ਹੋ ਜਾਣਗੀਆਂ। ਸਵੀਡਨ ਦੀ ਮੰਨੀ-ਪ੍ਰਮੰਨੀ ਲੈਪਟਾਪ ਨਿਰਮਾਣ ਕਰਨ ਵਾਲੀ ਕੰਪਨੀ 'ਤੋਸੀ ਤਕਨਾਲੋਜੀ' ਨੇ ਅੱਖਾਂ ਦੇ ਇਸ਼ਾਰਿਆਂ 'ਤੇ ਨੱਚਣ ਵਾਲਾ ਲੈਪਟਾਪ ਬਣਾਉਣ ਦਾ ਦਾਅਵਾ ਕੀਤਾ ਹੈ।

ਨਿਰਮਾਤਾਵਾਂ ਮੁਤਾਬਿਕ ਅੱਖਾਂ ਦੁਆਰਾ ਮਿਲੇ ਨਿਰਦੇਸ਼ਾਂ 'ਤੇ ਕੰਮ ਕਰਨ ਵਾਲਾ ਲੈਪਟਾਪ 'ਇਨਫ੍ਰਾਰੈਂਡ ਲਾਈਟ ਤਕਨੀਕ' ਉਤੇ ਆਧਾਰਿਤ ਹੈ। ਖੋਜ ਕਰਤਾ 'ਬਰਾਬਰ ਬਰਸਲੇ' ਦੀ ਮੰਨੀਏ ਤਾਂ ਐਨਕਾਂ ਲਗਾਉਣ ਵਾਲੇ ਲੋਕ ਵੀ ਇਸਦੀ ਵਰਤੋਂ ਕਰ ਸਕਣਗੇ। ਲੋਕ ਮਾਊਸ ਜਾਂ ਟਚਪੈਡ ਦੇ ਲੈਪਟਾਪ ਦੇ ਮੁਕਾਬਲੇ ਇਸ ਲੈਪਟਾਪ 'ਚ ਥੋੜੇ ਸਮੇਂ ਵਿੱਚ ਬੇਹਤਰ ਨਤੀਜੇ ਪਾ ਸਕਣਗੇ। ਬਰਸਲੇ ਮੁਤਾਬਿਕ ਇਹ ਲੈਪਟਾਪ ਅਜੇ ਟੈਸਟ ਕੀਤਾ ਜਾ ਰਿਹਾ ਹੈ। ਫਿਰ ਬਾਅਦ ਵਿੱਚ ਇਸਨੂੰ ਦੁਨੀਆਂ ਭਰ ਦੇ ਬਜ਼ਾਰਾਂ ਵਿੱਚ ਲਾਂਚ ਕੀਤਾ ਜਾਵੇਗਾ ਪੁਰਾਣੇ ਲੈਪਟਾਪਾਂ ਦੇ ਮੁਕਾਬਲੇ ਇਸਦੀ ਮੋਟਾਈ 2 ਗੁਣਾ ਜ਼ਿਆਦਾ ਹੋਵੇਗੀ। ਇਸਦੀ ਕੀਮਤ 4-5 ਲੱਖ ਰੁਪਏ ਦੇ ਆਸ-ਪਾਸ ਰੱਖੀ ਗਈ ਹੈ।

3. ਨੱਕ ਦੀ ਸਟੇਮ ਸੈਲ ਕਰੇਗੀ ਕੰਨ ਦਾ ਇਲਾਜ

ਬੋਲੇਪਣ ਤੋਂ ਪੀੜਤ ਲੋਕਾਂ ਲਈ ਵਿਗਿਆਨੀਆਂ ਨੇ ਇੱਕ ਮਹੱਤਵਪੂਰਨ ਖੋਜ ਕੀਤੀ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਆਦਮੀ ਦੀ ਨੱਕ ਦੀ ਸਟੇਮ ਸੈਲ ਨਾਲ ਕੰਨਾਂ ਦਾ ਇਲਾਜ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਚੂਹਿਆਂ 'ਤੇ ਇਸਦਾ ਸਫਲ ਪ੍ਰਯੋਗ ਕੀਤਾ ਤਾਂ ਉਨ੍ਹਾਂ ਦਾ ਬੋਲਾਪਣ ਘੱਟ ਹੋ ਗਿਆ। ਆਸਟ੍ਰੇਲੀਆ ਦੇ 'ਇੰਸਟੀਚਿਊਟ ਆਫ਼ ਮੈਡੀਕਲ ਰਿਸਰਚ' ਦੇ ਵਿਗਿਆਨੀਆਂ ਨੇ ਇਹ ਪ੍ਰਯੋਗ ਕੀਤਾ ਉਨ੍ਹਾਂ ਦਾ ਵਿਸ਼ਵਾਸ ਹੈ ਕਿ ਇਸ ਨਾਲ ਇਨਸਾਨਾਂ ਦੀ ਪਹਿਲੀ ਸਟੇਜ ਦੇ ਬੋਲੇਪਣ ਨੂੰ ਵੀ ਠੀਕ ਕਰਨ ਦੀ ਉਮੀਦ ਜਾਗੀ ਹੈ। ਬੋਲਾਪਣ ਦੂਰ ਕਰਨ ਲਈ ਇਸ ਖੋਜ ਨਾਲ ਕਾਫ਼ੀ ਮਦਦ ਮਿਲੇਗੀ।

4. ਪਲਾਸਟਿਕ ਵਿੱਚ ਵਹੇਗਾ ਕਰੰਟ

ਬਿਜਲੀ ਹੋਣ ਦੇ ਬਾਵਜੂਦ ਅਸੀਂ ਕਿਸੇ ਵੀ ਤਾਰ ਨੂੰ ਬਿਨਾਂ ਡਰੇ ਫੜ੍ਹ ਲੈਂਦੇ ਹਾਂ। ਸਾਨੂੰ ਪਤਾ ਹੈ ਕਿ ਤਾਰ ਦੇ ਉਪਰ ਜਿਹੜਾ ਕਵਰ ਹੈ, ਉਹ ਪਲਾਸਟਿਕ ਦਾ ਹੈ। ਸਾਨੂੰ ਇਹ ਵੀ ਪਤਾ ਹੈ ਕਿ ਪਲਾਸਟਿਕ 'ਚ ਬਿਜਲੀ ਦਾ ਸੰਚਾਲਨ ਨਹੀਂ ਹੁੰਦਾ, ਜਿਸ ਕਰਕੇ ਕਰੰਟ ਨਹੀਂ ਲੱਗਦਾ। ਪਰ ਹੁਣ ਪਲਾਸਟਿਕ 'ਚੋਂ ਵੀ ਕਰੰਟ ਦਾ ਵਹਾਅ ਹੋਵੇਗਾ।

ਵਿਗਿਆਨੀਆਂ ਨੇ ਇਸਨੂੰ ਸੰਭਵ ਬਣਾ ਦਿੱਤਾ ਹੈ। ਇਸਦਾ ਮਤਲਬ ਇਹ ਨਹੀਂ ਕਿ ਬਿਜਲੀ ਦੀਆਂ ਤਾਰਾਂ ਦਾ ਕਵਰ ਵੀ ਅਜਿਹਾ ਹੀ ਹੋਵੇਗਾ। ਵਿਗਿਆਨੀਆਂ ਦੀ ਇੱਕ ਅੰਤਰ-ਰਾਸ਼ਟਰੀ ਟੀਮ ਨੇ ਧਾਤ ਦੀ ਇੱਕ ਪਤਲੀ ਪਰਤ ਅਤੇ ਪਲਾਸਟਿਕ ਦੀ ਚਾਦਰ ਨੂੰ ਮਿਲਾ ਕੇ ਇਸਨੂੰ ਬਣਾਇਆ ਹੈ। ਇਸ ਵਿਧੀ ਨਾਲ ਹੁਣ ਸਸਤੀ, ਮਜ਼ਬੂਤ, ਲਚਕੀਲੀ ਅਤੇ ਸੁਚਾਲਕ ਪਲਾਸਟਿਕ ਫਿਲਮਾਂ ਦਾ ਨਿਰਮਾਣ ਕੀਤਾ ਜਾ ਸਕੇਗਾ। ਕਵੀਨਸਲੈਂਡ ਯੂਨੀਵਰਸਿਟੀ ਦੇ 'ਪ੍ਰੋਫੈਸਰ ਪਾਲ ਮੇਰੇਡਿਥ' ਨੇ ਕਿਹਾ, "ਮੇਰੀ ਟੀਮ ਨੇ ਪਲਾਸਟਿਕ ਫਿਲਮ 'ਚ ਅਜਿਹੇ ਆਇਨ-ਬੀਮ ਦਾ ਇਸਤੇਮਾਲ ਕੀਤਾ ਹੈ, ਜਿਸ ਨਾਲ ਪਲਾਸਟਿਕ 'ਚ ਧਾਤ ਦੀ ਤਰ੍ਹਾਂ ਬਿਜਲੀ ਦੀ ਸੁਚਾਲਕਤਾ ਦਾ ਗੁਣ ਆ ਗਿਆ ਹੈ।" ਟੀਮ ਨੇ ਇਸ ਨਵੇਂ ਪਦਾਰਥ ਦੀ ਸਮਰੱਥਾ ਦਿਖਾਉਣ ਲਈ ਬਿਜਲੀ ਪ੍ਰਤੀਰੋਧੀ ਥਰਮਾਮੀਟਰ ਦਾ ਪ੍ਰਦਰਸ਼ਨ ਕੀਤਾ, ਜਿਹੜਾ ਉਦਯੋਗਿਕ ਲੋੜਾਂ ਪੂਰੀਆਂ ਕਰੇਗਾ।

ਜਿਸ ਤਰ੍ਹਾਂ ਧਾਤ ਵਿੱਚ ਬਿਜਲੀ ਬਿਨਾਂ ਰੁਕੇ ਚਲਦੀ ਹੈ, ਉਸੇ ਤਰ੍ਹਾਂ ਪਲਾਸਟਿਕ 'ਚ ਵੀ ਬਿਜਲੀ ਦਾ ਪ੍ਰਵਾਹ ਹੋਵੇਗਾ। ਵਿਗਿਆਨੀਆਂ ਨੇ ਇਸ ਵਹਿਮ ਨੂੰ ਵੀ ਖਾਰਿਜ ਕੀਤਾ ਹੈ ਕਿ ਬਿਜਲੀ ਪ੍ਰਵਾਹ ਦੇ ਕਾਰਨ ਤਾਪਮਾਨ ਵਧਣ ਨਾਲ ਪਲਾਸਟਿਕ ਦੇ ਪਿਘਲਣ ਦੀ ਗਤੀ ਵੱਧ ਜਾਂਦੀ ਹੈ।

5. ਹਵਾ 'ਚ ਉਡਣ ਵਾਲੀ ਕ੍ਰਿਸ਼ਮਾਈ ਕਾਰ

ਟ੍ਰੈਫਿਕ ਜਾਮ ਤੋਂ ਪਰੇਸ਼ਾਨ ਕਾਮਿਆਂ ਨੂੰ ਬਹੁਤ ਦੇਰੀ ਨਾਲ ਆਫ਼ਿਸ ਪਹੁੰਚਣ ਦੀ ਸ਼ਰਮਿੰਦਗੀ ਤੋਂ ਛੁਟਕਾਰਾ ਮਿਲ ਜਾਵੇਗਾ। ਇੱਕ ਅਮਰੀਕੀ ਕਾਰ ਨਿਰਮਾਤਾ ਕੰਪਨੀ 'ਟੇਰਾਫੁਜਿਆ ਟ੍ਰਾਂਜੀਸ਼ਨ' ਇਸੇ ਸਾਲ ਦੇ ਅੰਤ ਤੱਕ 'ਟ੍ਰਾਂਜੀਸ਼ਨ ਰੋਡੇਬਲ ਲਾਈਨ ਸਪੋਰਟ ਕ੍ਰਾਫ਼ਟ' ਫਲਾਇੰਗ ਕਾਰ ਦਾ ਨਿਰਮਾਣ ਕਰਨਾ ਸ਼ੁਰੂ ਕਰ ਦੇਵੇਗੀ, ਜਿਹੜਾ ਜਾਮ ਦਾ ਸੀਨਾ ਚੀਰਦੇ ਹੋਏ ਤੁਹਾਨੂੰ ਮਿੰਟਾਂ 'ਚ ਹਵਾਈ ਰਸਤੇ ਰਾਹੀਂ ਆਫ਼ਿਸ ਪਹੁੰਚਾ ਸਕੇਗੀ।

'ਟ੍ਰਾਂਜੀਸ਼ਨ ਰੋਡੇਬਲ ਲਾਈਟ ਸਪੋਰਟ ਕ੍ਰਾਫ਼ਟ' ਸਿਰਫ਼ 30 ਸਕਿੰਟ 'ਚ ਕਾਰ ਤੋਂ ਜਹਾਜ਼ ਦਾ ਰੂਪ ਧਾਰਨ ਕਰ ਸਕੇਗੀ। ਸੜਕਾਂ 'ਤੇ ਇਹ 65 ਮੀਲ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਦੌੜੇਗੀ, ਜਦਕਿ ਅਸਮਾਨ ਵਿਚ 115 ਮੀਲ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਉਡੇਗੀ।

'ਟ੍ਰਾਂਜੀਸ਼ਨ ਰੋਡੇਬਲ ਲਾਈਟ ਸਪੋਰਟ ਕ੍ਰਾਫ਼ਟ' ਵਿੱਚ ਕਿਸੇ ਵੀ ਪੈਟਰੋਲ ਪੰਪ ਤੋਂ ਪੈਟਰੋਲ ਭਰਵਾਇਆ ਜਾ ਸਕੇਗਾ। ਇਸ ਨੂੰ ਰੱਖਣ ਲਈ ਗੈਰਾਜ ਦਾ ਆਕਾਰ ਵਧਾਉਣ ਦੀ ਵੀ ਲੋੜ ਨਹੀਂ।

6. 50 ਕਰੋੜ ਗ੍ਰਹਿਆਂ 'ਤੇ ਜੀਵਨ ਸੰਭਵ

ਪਹਿਲੀ ਵਾਰ ਕਰਵਾਈ ਗਈ ਬ੍ਰਹਿਮੰਡ ਦੀ ਗਣਨਾ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਸਾਡੀ ਆਕਾਸ਼ ਗੰਗਾ 'ਚ ਘੱਟ ਤੋਂ ਘੱਟ 50 ਅਰਬ ਗ੍ਰਹਿ ਹਨ। ਲੰਦਨ ਦੇ 'ਡੇਲੀ ਸੇਲ੍ਹ' ਅਖ਼ਬਾਰ ਨੇ ਇਕ ਰਿਪੋਰਟ 'ਚ ਕਿਹਾ ਹੈ ਕਿ ਉਨ੍ਹਾਂ 'ਚੋਂ ਲਗਪਗ 50 ਕਰੋੜ ਗ੍ਰਹਿ ਗੋਲਡੀਲਾਕੱਸ ਜ਼ੋਨਾਂ ਦੇ ਰੂਪ 'ਚ ਹਨ, ਜਿਨ੍ਹਾਂ ਦੀ ਜਲਵਾਯੂ ਨਾ ਤਾਂ ਬਹੁਤ ਗਰਮ ਹੈ ਅਤੇ ਨਾ ਹੀ ਬਹੁਤ ਠੰਡੀ। ਇਸ ਕਰਕੇ ਉਥੇ ਜੀਵਨ ਸੰਭਵ ਹੋ ਸਕਦਾ ਹੈ। ਇਹ ਸੰਖਿਆ ਸਾਢੇ ਤਿੰਨ ਸਾਲ ਦੇ ਮਿਸ਼ਨ ਤੋਂ ਬਾਅਦ ਨਾਸ਼ਾ

ਦੇ ਕੇਪਲਰ ਟੈਲੀਸਕੋਪ ਤੋਂ ਮਿਲੇ ਆਰੰਭਿਕ (ਸ਼ੁਰੂਆਤੀ) ਪਰਿਣਾਮਾਂ ਤੋਂ ਮਿਲੀ ਹੈ।

ਕੇਪਲਰ ਦੇ ਮੁੱਖ ਵਿਗਿਆਨੀ 'ਵਿਲੀਅਮ ਬਾਰੂਕੀ' ਦਾ ਕਹਿਣਾ ਹੈ ਵਿਗਿਆਨੀਆਂ ਨੇ ਉਨ੍ਹਾਂ ਗ੍ਰਹਿਆਂ ਨੂੰ ਲਿਆ ਹੈ, ਜਿਨ੍ਹਾਂ ਨੂੰ ਉਨ੍ਹਾਂ ਨੇ ਰਾਤ ਨੂੰ ਆਕਾਸ਼ ਦੇ ਇੱਕ ਛੋਟੇ ਜਿਹੇ ਹਿੱਸੇ ਦੀ ਤਲਾਸ਼ ਦੇ ਪਹਿਲੇ ਸਾਲ ਪਾਇਆ ਸੀ। ਕੇਪਲਰ ਨੇ ਗ੍ਰਹਿਆਂ ਦੀ ਪਛਾਣ ਕੀਤੀ, ਕਿਉਂਕਿ ਪ੍ਰਿਥਵੀ ਅਤੇ ਤਾਰਿਆਂ ਦੇ ਵਿਚਾਲੇ ਦੀ ਕਲਾਸ 'ਚੋਂ ਇਹ ਗੁਜ਼ਰਦੇ ਹਨ। ਹੁਣ ਤੱਕ ਕੇਪਲਰ ਨੇ 1,235 ਪ੍ਰਤੀਨਿਧ ਗ੍ਰਹਿ ਪਾਏ ਹਨ। ਇਨ੍ਹਾਂ 'ਚੋਂ 54 ਗੋਲਡੀਲਾਕੱਸ ਜ਼ੋਨ 'ਚ ਹਨ, ਜਿੱਥੇ ਜੀਵਨ ਸੰਭਵ ਹੋ ਸਕਦਾ ਹੈ।

ਕੇਪਲਰ ਦਾ ਮੁੱਖ ਮਿਸ਼ਨ ਕਿਸੇ ਇਕੱਲੀ ਦੁਨੀਆ ਦਾ ਟੈਸਟ ਨਹੀਂ, ਸਗੋਂ ਖਗੋਲ ਸ਼ਾਸਤਰੀਆਂ ਨੂੰ ਇਹ ਸਮਝ ਪ੍ਰਦਾਨ ਕਰਨ ਲਈ ਵੀ ਹੈ ਕਿ ਕਿੰਨੇ ਗ੍ਰਹਿ ਸਾਡੀ ਆਕਾਸ਼ ਗੰਗਾ 'ਚ ਹੋ ਸਕਦੇ ਹਨ। ਹੁਣ ਤੱਕ ਵਿਗਿਆਨੀ ਬ੍ਰਹਿਮੰਡ 'ਚ 100 ਬਿਲੀਅਨ ਤਾਰਿਆਂ ਦਾ ਅਨੁਮਾਨ ਲਗਾਉਂਦੇ ਸਨ।

7. ਕੈਂਸਰ ਨੂੰ ਸੁੰਘ ਸਕਣਗੇ ਲੈਬਰਾਡੋਰ ਕੁੱਤੇ

ਜਾਪਾਨੀ ਵਿਗਿਆਨੀਆਂ ਨੇ ਦਾਅਵਾ ਕੀਤਾ ਹੈ ਕਿ ਲੈਬਰਾਡੋਰ ਸਾਹ ਤੇ ਮਲ ਨੂੰ ਸੁੰਘ ਕੇ ਅੰਤੜੀਆਂ ਦੇ ਕੈਂਸਰ ਦਾ ਪਤਾ ਲਗਾ ਸਕਦੇ ਹਨ। ਫਕੁਓਕਾ ਦੀ 'ਕਯੂਸ਼ੂ ਯੂਨੀਵਰਸਿਟੀ ਦੀ ਰਿਸ਼ਰਚ ਟੀਮ ਦੇ ਪ੍ਰਮੁੱਖ 'ਹੀਦੇਤੋ ਸੋਨੋਦਾ' ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੀ ਖੋਜ ਇਲੈਕਟ੍ਰਾਨਿਕ ਨੱਕ ਦੀ ਤਰ੍ਹਾਂ ਹੈ, ਜਿਸ ਨਾਲ ਸ਼ੁਰੂਆਤੀ ਟਾਈਮ ਵਿਚ ਹੀ ਸੁੰਘ ਕੇ ਟਿਊਮਰ ਦਾ ਪਤਾ ਲੱਗ ਸਕੇ। ਇਸ ਅਧਿਐਨ ਦੇ ਦੌਰਾਨ ਵਿਗਿਆਨੀਆਂ ਨੇ ਖਾਸ ਤੌਰ 'ਤੇ ਕਾਲੀ ਲੈਬਰਾਡੋਰ ਮਾਦਾ ਨੂੰ ਕਈ ਮਹੀਨਿਆਂ ਤੱਕ ਸਿੱਖਿਆ ਦਿੱਤੀ, ਜਿਸ ਵਿੱਚ ਉਸ ਕੋਲੋਂ 74 ਤਰ੍ਹਾਂ ਦੀ ਸਮੈਲ ਦੀ ਪਹਿਚਾਣ ਕਰਾਈ ਗਈ। ਹਰ ਟੈਸਟ ਵਿੱਚ ਲੈਬਰਾਡੋਰ ਨੂੰ 5 ਤਰ੍ਹਾਂ ਦੀ ਸਾਹ ਅਤੇ ਮਲ ਦੇ ਸੈਂਪਲ ਸੁੰਘਾਏ ਗਏ, ਜਿਨ੍ਹਾਂ ਵਿੱਚੋਂ ਇੱਕ ਹੀ ਕੈਂਸਰ ਤੋਂ ਪੌਜ਼ੇਟਿਵ ਸੀ। ਇਹ ਸੈਂਪਲ 48 ਲੋਕਾਂ ਤੋਂ ਲਏ ਗਏ ਸਨ, ਜਿਹੜੇ ਅੰਤੜੀਆਂ ਦੇ ਕੈਂਸਰ ਦੇ ਅਲੱਗ-ਅਲੱਗ ਪੜ੍ਹਾਅ ਤੱਕ ਪੁੱਜ ਗਏ ਸਨ ਅਤੇ 258 ਵਾਲੰਟੀਅਰ ਅਜਿਹੇ ਵੀ ਸਨ, ਜਿਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦਾ ਕੈਂਸਰ ਨਹੀਂ ਸੀ। ਇਨ੍ਹਾਂ 'ਚੋਂ ਅੱਧੇ ਤੋਂ ਜ਼ਿਆਦਾ ਸੈਂਪਲ ਅਜਿਹੇ ਲੋਕਾਂ ਦਾ ਸੀ, ਜਿਨ੍ਹਾਂ ਵਿੱਚ ਅੰਤੜੀਆਂ ਦਾ ਕੈਂਸਰ ਬੜੀ ਹੀ ਤੇਜ਼ੀ ਨਾਲ ਵਧ ਰਿਹਾ ਸੀ, ਜਿਨ੍ਹਾਂ ਦੇ ਬਾਰੇ ਵਿੱਚ ਅਜਿਹਾ ਕਿਹਾ ਨਹੀਂ ਜਾ ਸਕਦਾ ਕਿ ਇਹ ਅੰਤੜੀਆਂ ਦਾ ਹੀ ਕੈਂਸਰ ਹੈ। ਸਿੱਖਣ ਤੋਂ ਬਾਅਦ ਜਦੋਂ ਲੈਬਰਾਡੋਰ ਕੁੱਤੇ ਨੂੰ ਸਾਹ ਅਤੇ ਮਲ ਦੇ ਉਹ ਸੈਂਪਲ ਦਿਖਾਏ, ਜਿਨ੍ਹਾਂ 'ਚ ਲੋਕਾਂ ਨੂੰ ਅੰਤੜੀਆਂ ਦੀ ਹੋਰ ਸਮੱਸਿਆਵਾਂ ਸਨ, ਜਿਵੇਂ ਅਲਸਰ, ਪਾਚਣ ਦੀ ਸਮੱਸਿਆ ਅਤੇ ਉਸਨੇ 98 ਪ੍ਰਤੀਸ਼ਤ ਸਹੀ ਉਤਰ ਦਿੱਤੇ।

ਰਿਪੋਰਟ ਦੱਸਦੀ ਹੈ ਕਿ ਜੇਕਰ ਲੈਬਰਾਡੋਰ ਨੂੰ ਸਹੀ ਸਿੱਖਿਆ ਦਿੱਤੀ ਜਾਵੇ ਤਾਂ ਸ਼ੁਰੂਆਤੀ ਅਵਸਥਾ ਵਿੱਚ ਹੀ ਇਹ ਪਤਾ ਲੱਗ ਸਕੇਗਾ ਕਿ ਮਰੀਜ਼ ਨੂੰ ਅੰਤੜੀਆਂ ਦਾ ਕੈਂਸਰ ਹੋਣ ਵਾਲਾ ਹੈ ਜਾਂ ਨਹੀਂ। ਸਾਰ-ਅੰਸ਼ ਇਹ ਹੈ ਕਿ ਕੈਂਸਰ ਦੇ ਸ਼ੁਰੂਆਤੀ ਪੜ੍ਹਾਅ ਵਿਚ ਪਤਾ ਲੱਗ ਸਕੇ ਤਾਂ ਜੋ ਇਸ ਲਾ-ਇਲਾਜ ਬਿਮਾਰੀ ਦਾ ਇਲਾਜ ਹੋ ਸਕੇ।

8. ਘਾਤਕ ਹੋ ਸਕਦਾ ਹੈ ਗਲਤ ਢੰਗ ਨਾਲ ਨੀਂਦ ਲੈਣਾ

ਵਿਗਿਆਨੀਆਂ ਦੇ ਮੁਤਾਬਿਕ ਗਲਤ ਤਰੀਕੇ ਨਾਲ ਨੀਂਦ ਲੈਣ ਵਾਲੇ ਕਿਸ਼ੋਰਾਂ ਦੇ ਮਾਨਸਿਕ ਰੋਗੀ ਹੋਣ ਦਾ ਖ਼ਤਰਾ ਹੋ ਸਕਦਾ ਹੈ। ਉਨ੍ਹਾਂ ਦੱਸਿਆ ਕਿ ਅਜਿਹੇ ਕਿਸ਼ੋਰ, ਜਿਹੜੇ ਬਿਸਤਰ 'ਤੇ ਗਲਤ ਤਰੀਕੇ ਨਾਲ ਨੀਂਦ ਲੈਣ ਦੇ ਆਦੀ ਹਨ, ਉਨ੍ਹਾਂ ਵਿੱਚ ਡਿਪਰੈਸ਼ਨ ਜਾਂ ਬਾਈਪੋਲਰ ਡਿਸਆਰਡਰ ਜਿਹੇ ਮਾਨਸਿਕ ਰੋਗ ਵਧਣ ਦਾ ਖਤਰਾ ਹੈ। ਸਿਡਨੀ ਯੂਨੀਵਰਸਿਟੀ ਸਥਿਤ 'ਬਰੇਨ ਐਂਡ ਮਾਈਂਡ ਰਿਸਰਚ ਇੰਸਟੀਚਿਊਟ ਦੀ 'ਨਿਯੋਗੀ ਰੋਜਰਸ' ਦੇ ਅਨੁਸਾਰ ਨੀਂਦ ਦੀ ਕਮੀ ਜਾਂ ਮਾਨਕ ਨੀਂਦ ਨਾ ਲੈਣਾ ਹੀ ਡਿਪਰੈਸ਼ਨ ਮਤਲਬ ਅਵਸਾਦ ਨਾਲ ਘਿਰਨ ਦਾ ਮੁੱਖ ਕਾਰਨ ਹੈ। ਰੋਜਰਸ ਕਹਿੰਦੀ ਹੈ, 'ਸਾਨੂੰ ਪਤਾ ਹੈ ਕਿ ਘੱਟ ਨੀਂਦ ਹੀ ਬਹੁਤ ਸਾਰੇ ਮਾਨਸਿਕ ਰੋਗਾਂ ਦੀ ਜੜ੍ਹ ਹੈ ਅਤੇ ਅਜਿਹੀ ਸਥਿਤੀ ਵਿੱਚ ਜਦੋਂ ਮਰੀਜ਼ ਗਲਤ ਤਰੀਕੇ ਨਾਲ ਨੀਂਦ ਲੈਂਦਾ ਹੈ ਤਾਂ ਉਸਦੀ ਹਾਲਤ ਹੋਰ ਵੀ ਖ਼ਰਾਬ ਹੋ ਜਾਂਦੀ ਹੈ।' ਹਾਲਾਂਕਿ ਉਹ ਦੱਸਦੀ ਹੈ ਕਿ ਹਾਲੇ ਇਹ ਸ਼ੁਰੂਆਤੀ ਲੱਛਣ ਹੀ ਹੈ ਅਤੇ ਖ਼ਤਰੇ ਦਾ ਘਟਕ ਅਜੇ ਤੱਕ ਸਪੱਸ਼ਟ ਨਹੀਂ ਹੋ ਸਕਿਆ ਹੈ। ਮਾਤਾ-ਪਿਤਾ ਨੂੰ ਸਾਵਧਾਨ ਕਰਦੇ ਹੋਏ ਉਨ੍ਹਾਂ ਕਿਹਾ ਕਿ ਬਜਾਇ ਇਮਤਿਹਾਨੀ ਕਾਰਗੁਜ਼ਾਰੀ ਦੇ 'ਤੇ ਜ਼ਿਆਦਾ ਧਿਆਨ ਦੇਣ ਦੇ, ਉਨ੍ਹਾਂ ਨੂੰ ਆਪਣੇ ਬੱਚਿਆਂ ਦੀ ਨੀਂਦ 'ਤੇ ਪੂਰਾ ਧਿਆਨ ਦੇਣਾ ਚਾਹੀਦਾ ਹੈ। ਡਿਪਰੈਸ਼ਨ ਦੇ ਸ਼ਿਕਾਰ ਅਜਿਹੇ ਬੱਚੇ ਨਾ ਤਾਂ ਨੀਂਦ ਪੂਰੀ ਹੋਣ ਨਾਲ ਸਮੂਹ ਵਿੱਚ ਦਿਖਾਈ ਦਿੰਦੇ ਹਨ ਅਤੇ ਨਾ ਹੀ ਨਾਲ ਪੜ੍ਹਨ ਵਾਲੇ ਬੱਚਿਆਂ ਨਾਲ ਘੁਲਦੇ-ਮਿਲਦੇ ਹਨ। ਉਥੇ ਹੀ ਉਨ੍ਹਾਂ ਦੀ ਪੜ੍ਹਾਈ ਦੀ ਕਾਰਗੁਜ਼ਾਰੀ ਵੀ ਅਕਸਰ ਖ਼ਰਾਬ ਰਹਿੰਦੀ ਹੈ।

9. ਕੋਲਡ ਡ੍ਰਿੰਕ ਨਾਲ ਰੀਚਾਰਜ ਹੋਣਗੇ ਲੈਪਟਾਪ

ਕੀ ਤੁਸੀਂ ਕਦੇ ਸੋਚਿਆ ਹੈ ਕਿ ਜਿਹੜਾ ਕੋਲਡ ਡ੍ਰਿੰਕ ਤੁਹਾਡੀ ਪਿਆਸ ਬੁਝਾਉਂਦਾ ਹੈ, ਉਹ ਤੁਹਾਡੇ ਲੈਪਟਾਪ, ਮੋਬਾਇਲ ਜਾਂ ਕਿਸੇ ਦੂਸਰੀ ਇਲੈਕਟ੍ਰਾਨਿਕ ਡਿਵਾਈਸ ਦੀ ਬੈਟਰੀ ਰੀਚਾਰਜ ਕਰ ਸਕਦਾ ਹੈ। ਵਿਗਿਆਨੀਆਂ ਨੇ ਹੁਣ ਇੱਕ ਅਜਿਹੀ ਤਕਨੀਕ ਦੀ ਖੋਜ ਕੀਤੀ ਹੈ, ਜਿਸਦੀ ਮਦਦ ਨਾਲ ਬਣਨ ਵਾਲੇ 'ਬਾਇਓ ਫਿਊਲ ਸੇਲ' ਮਨੁੱਖੀ ਸਰੀਰ ਦੀ ਤਰ੍ਹਾਂ ਗੁਲੂਕੋਜ਼ ਨੂੰ ਊਰਜਾ (ਬਿਜਲੀ) ਵਿੱਚ ਬਦਲ ਸਕਦਾ ਹੈ।

'ਅਮੇਰੀਕਨ ਕੈਮੀਕਲ ਸੁਸਾਇਟੀ' ਦੀ 240ਵੀਂ ਰਾਸ਼ਟਰੀ ਬੈਠਕ ਵਿੱਚ ਇਸ ਤਕਨੀਕ ਨੂੰ ਪ੍ਰਦਰਸ਼ਿਤ ਕਰਨ ਵਾਲੇ ਡਾ. ਸ਼ੇਲੀ ਮਿੰਟੀਅਰ ਦੇ ਅਨੁਸਾਰ ਭਵਿੱਖ ਵਿੱਚ ਇਸ ਤਕਨੀਕ ਨਾਲ ਬਣਨ ਵਾਲੇ ਬਾਇਓ ਫਿਊਲ ਸੇਲ ਇੰਨੇ ਸ਼ਕਤੀਸ਼ਾਲੀ ਹੋਣਗੇ ਕਿ ਉਹ ਰਿਚਾਰਜਏਬਲ ਬੈਟਰੀਆਂ ਦੇ ਸਾਧਨ ਬਣ ਸਕਦੇ ਹਨ। ਬਾਇਓ ਫਿਊਲ ਸੇਲ ਨੂੰ ਵਿਕਸਿਤ ਕਰਨ ਲਈ ਖੋਜ ਕਰਤਾਵਾਂ ਨੇ ਮਨੁੱਖੀ ਸਰੀਰ ਵਿਗਿਆਨ ਦਾ ਸਹਾਰਾ ਲਿਆ। ਖਾਣੇ ਨੂੰ ਊਰਜਾ 'ਚ ਬਦਲਣ ਦਾ ਕੰਮ ਸਾਡੇ ਸਰੀਰ ਦੀਆਂ ਕੋਸ਼ਿਕਾਵਾਂ ਵਿੱਚ ਮੌਜੂਦ ਮਾਇਟੋਕਾਂਡ੍ਰੀਆ ਕਰਦਾ ਹੈ। ਇਹ ਸਰੀਰ ਦੁਆਰਾ ਖਾਣਾ ਪਚਾਉਣ ਦੇ ਦੌਰਾਨ ਬਣਨ ਵਾਲੇ 'ਪਾਇਰੂਵੇਟ' ਨਾਮਕ ਰਸਾਇਣ ਨੂੰ ਏਡੋਸੋਨਿਕ ਟ੍ਰਾਈਫਾਸਫੇਟ ਨਾਮਕ ਰਸਾਇਣ ਵਿੱਚ ਬਦਲ ਦਿੰਦਾ ਹੈ। ਇਹ ਰਸਾਇਣ ਸਰੀਰ ਵਿੱਚ ਬਣਨ ਵਾਲੀ ਊਰਜਾ ਨੂੰ ਆਪਣੇ ਵਿੱਚ ਉਦੋਂ ਤੱਕ ਇਕੱਠਾ ਰੱਖ ਸਕਦਾ ਹੈ, ਜਦੋਂ ਤੱਕ ਕੋਸ਼ਿਕਾ ਨੂੰ ਉਸਦੀ ਜ਼ਰੂਰਤ ਨਾ ਹੋਵੇ। ਇਸੇ ਤਕਨੀਕ ਨੂੰ ਆਧਾਰ ਬਣਾ ਕੇ ਵਿਗਿਆਨੀਆਂ ਨੇ ਜੋ 'ਬਾਇਓ ਫਿਊਲ ਸੇਲ' ਵਿਕਸਿਤ ਕੀਤਾ ਹੈ, ਉਹ ਚੀਨੀ (ਗੁਲੂਕੋਜ਼) ਜਾਂ ਖਾਧ ਤੇਲ ਨੂੰ ਬਿਜਲੀ 'ਚ ਬਦਲਣ 'ਚ ਸਮਰੱਥ ਹੈ।

*ਅਨੁਵਾਦਕ : **ਸਨਮਦੀਪ ਕੌਰ**, 10+1, ਸ. ਸ. ਸ. ਸ. ਕਰੀਹਾ*
ਜ਼ਿਲ੍ਹਾ : ਸ਼ਹੀਦ ਭਗਤ ਸਿੰਘ ਨਗਰ।

ਜਦੋਂ ਪੁਛਾਂ ਕੱਢਣ ਵਾਲਿਆਂ ਦੀ ਪੁਛ ਤਰਕਸ਼ੀਲਾਂ ਕੱਢੀ

ਭਾਵੇਂ ਤਰਕਸ਼ੀਲ ਸੁਸਾਇਟੀ ਨੇ ਪਾਖੰਡੀ ਸਾਧਾਂ ਤੇ ਪੁਛਾ ਕੱਢਣ ਵਾਲਿਆਂ ਤੋਂ ਅਨੇਕਾਂ ਘਰ ਬਚਾਏ ਹਨ। ਲੋਕਾਂ ਨੂੰ ਵਿਗਿਆਨਕ ਢੰਗ ਨਾਲ ਸੋਚਣ ਲਾਇਆਂ, ਬਹੁਤ ਸਾਰੇ ਲੋਕਾਂ ਦੀ ਸੋਚ ਬਦਲੀ ਹੈ ਪਰ ਇਕ ਘਟਨਾ ਮੇਰੇ ਨਾਲ ਵਾਪਰੀ, ਜੋ ਪਾਖੰਡੀ ਔਰਤ ਪੁਛਾ ਦੇਣ ਵਾਲੀ ਨੂੰ ਵੀ, ਮੈਨੂੰ ਸਿਧੇ ਰਸਤੇ ਪਾਉਣਾ ਪਿਆ। ਜਦੋਂ ਇਹ ਕੰਮ ਉਸ ਡਾਕਟਰ ਸਾਹਿਬ ਦਾ ਸੀ ਜੋ ਮੈਨੂੰ ਕਰਨਾ ਪਿਆ। ਹੋਇਆ ਇਸ ਤਰ੍ਹਾਂ ਕਿ ਮੇਰੀ ਮਾਤਾ ਜਿਸ ਨੂੰ ਅਚਾਨਕ ਹਾਰਟ ਪ੍ਰੋਬਲਮ ਆਈ, ਅਸੀਂ ਫਰੀਦਕੋਟ ਦੇ ਇਕ ਮਸ਼ਹੂਰ ਡਾਕਟਰ ਪਾਸ ਲੈ ਕੇ ਗਏ। ਉਹਨਾਂ ਮਾਤਾ ਨੂੰ ਦਾਖਲ ਕਰ ਲਿਆ ਤੇ ਇਲਾਜ ਸ਼ੁਰੂ ਕੀਤਾ ਮੈਨੂੰ ਤਿੰਨ ਚਾਰ ਦਿਨ ਉਸ ਹਸਪਤਾਲ ਵਿਚ ਰਹਿਣਾ ਪਿਆ। ਮੈਂ ਜਦ ਘਰੋਂ ਰੋਟੀ ਪਾਣੀ ਹਸਪਤਾਲ ਲੈ ਕੇ ਗਿਆ ਤਾਂ ਮੇਰੀ ਨਜ਼ਰ ਸਾਡੇ ਫਰੀਦਕੋਟ ਖੋਖਰਾਂ ਵਾਲੇ ਮੁਹੱਲੇ ਦੀ ਇਕ ਔਰਤ ਤੇ ਪਈ ਜੋ ਪੁਛਾਂ ਕੱਢਣ ਦਾ ਕੰਮ ਕਰਦੀ ਹੈ ਜੋ ਆਪਣੇ ਆਪ ਨੂੰ ਵਡਭਾਗ ਸਿੰਘ ਦੀ ਚੇਲੀ ਕਹਿੰਦੀ ਹੈ। ਉਹ ਕਹਿੰਦੀ ਹੈ ਕਿ ਮੇਰੇ ਬਾਬੇ ਜੋ ਮੰਗੋਗੇ ਉਹੀ ਮਿਲੇਗਾ। ਪੁੱਛਾ ਵਾਲਿਆਂ ਦੇ ਘਰੇ ਦੁੱਧ ਤੇ ਦੁੱਧਾ ਵਾਲਿਆਂ ਦੇ ਘਰੇ ਪੁੱਤ ਹੋਣਗੇ। ਪਰ ਲੋਕਾਂ ਨੂੰ ਪੁੱਤ ਦੇਣ ਵਾਲੀ ਇਸ ਔਰਤ ਦੇ ਚਾਰ ਲੜਕੀਆਂ ਹਨ। ਉਸ ਨੇ ਆਪਣੀ ਲੜਕੀ ਦਾ ਪੁੱਤ ਗੋਦ ਲੈ ਕੇ ਆਪਣਾ ਪੁੱਤ ਬਣਾਇਆ ਹੋਇਆ ਹੈ। ਉਹ ਵੀ, ਗਲ ਵਿੱਚ ਮਾਲਾ ਸਾਧਾਂ ਵਾਲੇ ਕੱਪੜੇ ਪਾਕੇ ਰੱਖਦਾ ਹੈ। ਪਰ ਮੈਂ ਪਹਿਲੀ ਨਜ਼ਰ ਵਿੱਚ ਹੀ ਪਹਿਚਾਣ ਗਿਆ ਸੀ ਕਿ ਉਹਨਾਂ ਦੇ ਚਿਹਰੇ ਤੇ ਬਹੁਤ ਮਾਯੂਸੀ ਸੀ। ਕੋਈ ਪੁਛ, ਕੋਈ ਹਥੌਲਾਂ ਉਹਨਾਂ ਦਾ ਕੰਮ ਨਹੀਂ ਕਰ ਰਿਹਾ ਸੀ ਉਹ ਡਾਕਟਰ ਸਾਹਿਬ ਦੀ ਚੈਕਅੱਪ ਲਈ ਗਈ ਲਾਈਨ ਵਿਚ ਆਪਣੀ ਵਾਰੀ ਦੀ ਉਡੀਕ ਕਰ ਰਹੇ ਸਨ।

ਮੈਂ ਰੋਟੀ ਪਾਣੀ ਮਾਤਾ ਕੋਲ ਰੱਖਕੇ ਉਹਨਾਂ ਦੇ ਕੋਲ ਆ ਗਿਆ ਤੇ ਉਹਨਾਂ ਨੂੰ ਡਾਕਟਰ ਸਾਹਿਬ ਕੋਲ ਆਉਣ ਦਾ ਕਾਰਨ ਪੁੱਛਿਆ ਕੰਮ ਕਾਰ ਉਸ ਨੇ ਆਪਣਾ ਉਹੀ ਦੱਸਿਆ ਜੋ ਮੈਂ ਪਹਿਲਾਂ ਜ਼ਿਕਰ ਕਰ ਚੁਕਿਆ ਹਾਂ ਤਾਂ ਫਿਰ ਉਸ ਨੇ ਭਰੇ ਜਿਹੇ ਮਨ ਨਾਲ ਆਪਣੇ ਵੱਲ ਉਂਗਲ ਕਰਕੇ ਕਿਹਾ ਇਹ ਪਿਛਲੇ 2 ਮਹੀਨਿਆਂ ਤੋਂ ਬੀਮਾਰ ਹੈ। ਇਸ ਨੂੰ ਹਰ ਰੋਜ਼ ਹਲਕਾ ਬੁਖਾਰ ਹੁੰਦਾ ਹੈ ਡਾਕਟਰ ਸਾਹਿਬ ਆਖਦੇ ਨੇ ਕਿ ਟਾਈਫੈਡ ਹੈ। ਪਰ ਦੋ ਮਹੀਨਿਆਂ ਦੇ ਇਲਾਜ ਨਾਲ ਵੀ ਇਹ ਠੀਕ ਨਹੀਂ ਹੋ ਰਿਹਾ। ਮੈਂ ਬਹੁਤ ਪ੍ਰੇਸ਼ਾਨ ਹਾਂ। ਮੈਂ ਕਿਹਾ ਤੁਹਾਨੂੰ ਇਸ ਤਰ੍ਹਾਂ ਨਹੀਂ ਲਗਦਾ ਕਿ ਗੁਰੂ, ਪੀਰਾਂ ਦੇ ਨਾਮ ਪਰ ਤੁਸੀਂ ਜੋ ਚੜ੍ਹਾਵਾਂ ਲੋਕਾਂ ਤੋਂ ਲੈਂਦੇ ਹੋ ਉਹ ਚੜ੍ਹਾਵਾਂ ਅੱਗੇ ਗੁਰੂ ਪੀਰਾਂ ਨੇ ਮਨਜ਼ੂਰ ਨਹੀਂ ਕੀਤਾ ਪਰ ਤੁਸੀਂ ਲੋਕਾਂ ਤੋਂ ਲੈ ਲਿਆ। ਮੇਰੀ ਏਹੀ ਗੱਲ ਸੁਣਦੇ ਹੀ ਉਹ ਬੋਲੀ "ਮੈਂ ਪਿਛਲੇ 25 ਸਾਲ ਤੋਂ ਲੋਕਾਂ ਦੀਆਂ ਪੁੱਛਾਂ ਕੱਢਦੀ ਆ ਰਹੀ ਆ ਅੱਜ ਤਾਂ ਪੁੱਤ ਤੂੰ ਮੇਰੀ ਪੁੱਛ ਕੱਢਤੀ। ਮੈਨੂੰ ਰਾਹ ਪਾ ਤੂੰ ਜਾਨੀ ਜਾਨ ਲਗਦਾ" ਮੈਂ ਉਸ ਨੂੰ ਆਪਣੇ ਬਾਰੇ ਦੱਸਿਆ ਮੈਂ ਇਹ ਵੀ ਦੱਸਿਆ ਕਿ ਮੈਂ ਪੁੱਛਾਂ ਕੱਢਣ ਵਾਲਿਆਂ ਤੇ ਤਾਂਤਰਿਕਾਂ, ਪਾਖੰਡੀ, ਸਾਧਾਂ ਨੂੰ ਚੈਲੰਜ ਵੀ ਕਰਦਾ ਹਾਂ ਉਹ ਚੁਪ ਰਹੀ ਮੈਂ ਉਸ ਨੂੰ ਪ੍ਰੇਸ਼ਾਨ ਨਾ ਕੀਤਾ ਤੇ ਰਾਹ ਪਾਇਆ।

ਮੈਂ ਕਿਹਾ "ਤੁਹਾਡੇ ਬੇਟੇ ਨੂੰ ਜੋ ਤਕਲੀਫ ਹੈ ਇਸ ਦਾ ਹੱਲ ਇਸ ਡਾਕਟਰ ਪਾਸ ਨਹੀਂ ਹੈ। ਇਹ ਤਾਂ ਦਿਲ ਦੀਆਂ ਬਿਮਾਰੀਆ ਦਾ ਡਾਕਟਰ ਹੈ। ਤੁਹਾਡੇ ਬੇਟੇ ਨੂੰ ਛਾਤੀ ਦੀ ਬਿਮਾਰੀ ਹੈ ਇਸ ਲਈ ਇਸ ਨੂੰ ਛਾਤੀ ਦੇ ਮਾਹਿਰ ਡਾਕਟਰ ਪਾਸ ਲੈਕੇ ਜਾਉ" ਤਾਂ ਉਸ ਨੇ ਕਿਹਾ "ਕਿਹੜਾ ਡਾਕਟਰ ਸਿਆਨਾ ਹੈ ਤੁਸੀਂ ਦੱਸੋ ਪੁੱਤ ਮੈਂ ਉੱਥੇ ਹੀ ਲੈ ਕੇ ਜਾਵਾਂਗੀ।" ਤਰਕਸ਼ੀਲ ਸੁਸਾਇਟੀ ਵਾਲਿਆਂ ਨੂੰ ਚੰਗੇ ਮਾੜੇ ਡਾਕਟਰਾਂ ਦਾ ਵੀ ਪਤਾ ਹੁੰਦਾ ਹੈ। ਮੈਂ ਉਸ ਨੂੰ ਮੈਡੀਕਲ ਕਾਲਜ ਦੇ ਮਾਹਿਰ ਡਾਕਟਰ ਦਾ ਨਾਮ ਦੱਸ ਕੇ ਤੋਰ ਦਿੱਤਾ। ਪੰਜ ਦਿਨਾਂ ਦੀ ਦਵਾਈ ਖਾਣ ਨਾਲ ਮੁੰਡਾ ਨੌ-ਬਰ-ਨੌ ਹੋ ਗਿਆ। 2-3 ਮਹੀਨਿਆਂ ਬਾਅਦ ਮੈਨੂੰ ਜਦ ਮਿਲੇ ਤਾਂ ਉਹਨਾਂ ਮੇਰਾ ਧੰਨਵਾਦ ਕੀਤਾ ਤੇ ਥੋੜਾ ਜਿਹਾ ਮੰਨਿਆ ਕਿ ਰੋਜੀ ਰੋਟੀ ਲਈ ਕੋਈ ਨਾ ਕੋਈ ਕਾਰੋਬਾਰ ਕਰਨਾ ਹੀ ਪੈਂਦਾ ਹੈ।

ਯਾਦਗਾਰੀ ਹੋ ਨਿਬੜਿਆ ਅੱਠਵਾਂ ਤਰਕਸ਼ੀਲ ਨਾਟਕ ਮੇਲਾ

ਤਰਕਸ਼ੀਲ ਸੁਸਾਇਟੀ ਭਾਰਤ (ਰਜਿ.) ਇਕਾਈ ਫਰੀਦਕੋਟ ਬਾਬਾ ਸੇਖ ਫਰੀਦ ਆਗਮਨ ਪੁਰਬ ਫਰੀਦਕੋਟ ਜੋ ਹਰ ਸਾਲ ਇਕ ਤਰਕਸ਼ੀਲ ਨਾਟਕ ਮੇਲਾ ਕਰਾਉਂਦੀ ਹੈ। ਇਸ ਵਾਰ ਇਹ ਅੱਠਵਾਂ ਤਰਕਸ਼ੀਲ ਨਾਟਕ ਮੇਲਾ ਸੀ ਜੋ ਹਰ ਸਾਲ ਦੀ ਤਰ੍ਹਾਂ ਆਪਣੀਆਂ ਯਾਦਾਂ ਛੱਡਦਾ ਹੋਇਆ ਸਮਪਨ ਹੋਇਆ। ਨਾਟਕ ਮੇਲੇ ਦੀ ਸ਼ੁਰੂਆਤ ਤਰਕਸ਼ੀਲ ਸੁਸਾਇਟੀ ਭਾਰਤ (ਰਜਿ.) ਇਕਾਈ ਫਰੀਦਕੋਟ ਦੇ ਪ੍ਰਧਾਨ ਲਖਵਿੰਦਰ ਸਿੰਘ ਹਾਲੀ ਨੇ ਜਗਪਾਲ ਸਿੰਘ ਬਰਾੜ ਸ੍ਰਪ੍ਰਸਤ ਨੂੰ ਸਟੇਜ ਤੇ ਆਉਣ ਦਾ ਸੱਦਾ ਦੇ ਕੇ ਮੰਚ ਦਾ ਸੰਚਾਲਣ ਸ਼ੁਰੂ ਕੀਤਾ ਗਿਆ। ਉਸ ਤੋਂ ਬਾਅਦ ਗੁਰਪਾਲ ਸਿੰਘ ਪਾਲੀ ਨੇ ਪੈਸਾ ਜਿਵੇਂ ਨਚਾਈ ਜਾਂਦਾ ਦੁਨੀਆਂ ਨੱਚੀ ਜਾਂਦੀ ਆ, ਅਤੇ ਹੋਰ ਸਮਾਜਿਕ ਬੁਰਾਈਆਂ ਤੇ ਗੀਤਾਂ ਦੀ ਝੜੀ ਲਾਈ। ਜਾਦੂਗਰ ਅਕਾਸ਼ਦੀਪ ਅਤੇ ਜਾਦੂਗਰ ਸੁਖਦੇਵ ਮਲੂਕਪੁਰੀ ਨੇ ਜਾਦੂ ਦੇ ਟ੍ਰਿਕਾਂ ਨਾਲ ਖਚਾਖਚ ਭਰੇ ਅਮਰ ਆਸ਼ਰਮ ਫਰੀਦਕੋਟ ਬੈਠੇ ਦਰਸ਼ਕਾਂ ਨੂੰ ਹੈਰਾਨ ਕਰ ਦਿੱਤਾ। ਜਿਸਦੀ ਵਿਆਖਿਆ ਸਮੇਂ ਸਮੇਂ ਸਿਰ ਇਕਾਈ ਪ੍ਰਧਾਨ ਲਖਵਿੰਦਰ ਹਾਲੀ ਤੇ ਸ੍ਰਪ੍ਰਸਤ ਜਗਪਾਲ ਸਿੰਘ ਬਰਾੜ ਕਰਦੇ ਰਹੇ। ਨਾਟਕ 'ਦੇਵ ਪੁਰਸ ਹਾਰ ਗਏ' ਮਾਸਟਰ ਗੁਰਜਿੰਦਰ ਡੋਹਕ ਦੀ ਟੀਮ ਵਲੋਂ ਵੱਖਰੇ ਹੀ ਅੰਦਾਜ਼ ਵਿਚ ਪੇਸ ਕੀਤਾ ਗਿਆ। ਸੈਮੁਅਲ ਜੌਨ ਦੀ ਟੀਮ ਵਲੋਂ ਨਾਟਕ ਕਿਰਤੀ ਤੇ ਬਾਗਾਂ ਦਾ ਰਾਖਾ ਪੇਸ ਕੀਤੇ ਗਏ ਜੋ ਲੋਕਾਂ ਨੇ ਬੇਹੱਦ ਪਸੰਦ ਕੀਤੇ ਇਹ ਨਾਟਕ ਮੇਲਾ ਮਿਤੀ 21 ਸਤੰਬਰ 2011 ਨੂੰ ਸੁਭਾ 10 ਵਜੇ ਤੋਂ ਸ਼ਾਮ 5.30 ਤੱਕ ਲੋਕਾਂ ਨੇ ਪੂਰੀ ਰੀਝ ਨਾਲ ਵੇਖਿਆ ਨਾਟਕ ਮੇਲੇ ਵਿੱਚ ਲੰਗਰ ਦਾ ਅਤੇ ਪਾਣੀ ਦੀ ਛਬੀਲ ਦਾ ਵਿਸ਼ੇਸ਼ ਪ੍ਰਬੰਧ ਸੀ 'ਕ੍ਰੋਉਗ੍ਰਾਫੀ ਲੱਖ ਪਾਖੰਡੀ ਬਾਬੇ ਨੇ ਲੋਕਾਂ ਨੂੰ ਸੋਚਣ ਲਈ ਮਜ਼ਬੂਰ ਕੀਤਾ ਇਸ ਨਾਟਕ ਮੇਲੇ ਨੂੰ ਕਾਮਯਾਬ ਕਰਨ ਵਿਚ ਬਲਕਾਰ ਮੰਡ, ਸੁਖਚੈਨ ਥਾਦੇਵਾਲਾ, ਅਮਰਜੀਤ ਢਿੱਲੋਂ, ਕੁਲਵੰਤ ਮਨੀ, ਸੁਭਾਸ ਗਰੋਵਰ, ਜਸਬੀਰ ਰਾਣਾ, ਜਨਕ ਬਾਬੂ ਦਾ ਵਿਸ਼ੇਸ ਯੋਗਦਾਨ ਰਿਹਾ।

ਤਰਕਸ਼ੀਲਾਂ ਦੀ ਝਾਕੀ ਦੂਸਰੇ ਨੰਬਰ ਤੇ ਆਈ

ਤਰਕਸ਼ੀਲ ਸੁਸਾਇਟੀ ਭਾਰਤ (ਰਜਿ.) ਇਕਾਈ ਫਰੀਦਕੋਟ ਵਲੋਂ ਪਹਿਲੀ ਵਾਰ ਬਾਬਾ ਫਰੀਦ ਆਗਮਨ ਪੁਰਬ ਤੇ ਅਪਣੀ ਝਾਕੀ ਪੇਸ ਕੀਤੀ ਗਈ। ਜ਼ਿਲ੍ਹਾ ਪ੍ਰਸ਼ਾਸਨ ਨੇ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਦੀ ਡਿਉਟੀ ਲਗਾਈ ਕਿ ਉਹ ਕੋਈ ਨਾ ਕੋਈ ਝਾਕੀ ਪੇਸ਼ ਕਰਨ। ਟੋਟਲ 19 ਝਾਕੀਆਂ ਸਨ ਜਿਹਨਾਂ ਵਿਚ ਸਭ ਤੋਂ ਪਹਿਲਾ ਹਾਥੀ, ਊਠ ਤੇ ਬੈਂਡ ਸਟਾਫ ਸੀ ਉਸ ਤੋਂ ਬਾਅਦ ਢੋਲ ਦੇ ਡੱਗੇ ਤੇ ਨੱਚਦੀਆਂ ਘੋੜੀਆਂ ਦਾ ਦ੍ਰਿਸ਼ ਸੀ ਟੋਟਲ 19 ਝਾਕੀਆਂ ਵਿਚੋ ਤਰਕਸ਼ੀਲ ਸੁਸਾਇਟੀ ਭਾਰਤ ਦੀ ਝਾਕੀ ਦੂਸਰੇ ਨੰਬਰ ਤੇ ਜੱਜ ਸਾਹਿਬਾਨਾ ਵਲੋਂ ਅਨਾਊਂਸ ਹੋਈ ਤਾਂ ਤਰਕਸ਼ੀਲ ਸੁਸਾਇਟੀ ਭਾਰਤ ਨੂੰ ਮੁਬਾਰਕਾਂ ਦੇਣ ਵਾਲਿਆਂ ਦੀ ਲਾਈਨ ਲੱਗ ਗਈ ਇਸ ਸਾਰੀ ਮੇਹਨਤ ਦਾ ਸਿਰਾ ਮਾਸਟਰ ਗੁਰਜਿੰਦਰ ਡੋਹਕ ਦੀ ਟੀਮ ਨੂੰ ਜਾਂਦਾ ਹੈ। ਇਹ ਬੱਚੇ ਪੜ੍ਹਾਈ ਦੇ ਨਾਲ ਨਾਲ ਕਲਾਂ ਦੇ ਵੀ ਧਨੀ ਹਨ। ਇਸ ਝਾਕੀ ਤੇ ਨਾਟਕ ਮੇਲੇ ਵਿਚ ਕੰਮ ਕਰਨ ਵਾਲੇ ਇਸ ਟੀਮ ਦੇ 16 ਮੈਂਬਰਾਂ ਨੂੰ ਉਹਨਾਂ ਦੀ ਹੌਂਸਲਾ ਅਫਜਾਈ ਲਈ ਸਨਮਾਨਤ ਕੀਤਾ ਗਿਆ।

*- **ਲਖਵਿੰਦਰ ਸਿੰਘ ਹਾਲੀ**, ਮੋ. 98761-63421*

ਸ਼ਹੀਦ ਭਗਤ ਸਿੰਘ ਲਾਇਬ੍ਰੇਰੀ ਮੁਹਾਲੀ

ਖਰੜ ਦੀ ਤਰਫੋਂ ਚੰਡੀਗੜ੍ਹ ਜਾਂਦਿਆਂ ਮੁਹਾਲੀ ਤੋਂ ਪਹਿਲਾਂ ਬਲੌਂਗੀ ਪਿੰਡ ਆਉਂਦਾ ਹੈ। ਜਿਸ ਦੇ ਬੱਸ ਸਟੈਂਡ ਤੋਂ ਬਜ਼ਾਰ ਵੱਲ ਜਾਂਦਿਆਂ ਖੱਬੇ ਹੱਥ ਸ਼ਹੀਦ ਭਗਤ ਸਿੰਘ ਲਾਇਬ੍ਰੇਰੀ ਬਣੀ ਹੋਈ ਹੈ। ਜਿਸ ਦੀ ਸਥਾਪਨਾ ਤਰਕਸ਼ੀਲ ਸੁਸਾਇਟੀ ਦੀ ਇਕਾਈ ਮੁਹਾਲੀ ਵੱਲੋਂ ਸ਼ਹੀਦ ਭਗਤ ਸਿੰਘ ਦੇ ਜਨਮ ਸ਼ਤਾਬਦੀ ਵਰ੍ਹੇ 'ਤੇ 27 ਜਨਵਰੀ, 2007 ਨੂੰ ਕੀਤੀ ਗਈ ਸੀ। ਇਕਾਈ ਵੱਲੋਂ ਵਿਗਿਆਨਕ ਸੋਚ ਦੇ ਪਸਾਰੇ ਲਈ ਅਤੇ ਧਰਮਾਂ ਦੀ ਆੜ ਵਿੱਚ ਲੁੱਟੇ ਜਾ ਰਹੇ ਲੋਕਾਂ ਦਾ ਜੀਵਨ ਜਿਉਂਣ ਢੰਗ ਵਿਗਿਆਨਕ ਬਣਾਉਣ ਲਈ ਸਮੇਂ-ਸਮੇਂ 'ਤੇ ਸਕੂਲ ਪ੍ਰੋਗਰਾਮ, ਕਾਫ਼ਲੇ, ਸੈਮੀਨਾਰ ਅਤੇ ਮੇਲਿਆਂ ਆਦਿ ਦਾ ਆਯੋਜਨ ਕਰਨ ਦੇ ਨਾਲ-ਨਾਲ ਲਾਇਬ੍ਰੇਰੀ ਦੀ ਸਥਾਪਨਾ ਕਰਨਾ, ਬਹੁਤ ਹੀ ਮਾਣਮੱਤੀ ਅਤੇ ਸਲਾਹੁਣਯੋਗ ਪ੍ਰਾਪਤੀ ਹੈ। ਲਾਇਬ੍ਰੇਰੀ ਦੀ ਸਥਾਪਨਾ ਵਿੱਚ ਜਿੱਥੇ ਇਕਾਈ ਦੇ ਸਮੂਹ ਮੈਂਬਰਾਂ ਦਾ ਵਢਮੁੱਲਾ ਯੋਗਦਾਨ ਹੈ, ਉੱਥੇ ਚੰਡੀਗੜ੍ਹ ਜ਼ੋਨ ਦੇ ਪ੍ਰਮੁੱਖ ਆਗੂ ਅਤੇ ਮੁਹਾਲੀ ਇਕਾਈ ਦੇ ਦਿਲ, 71 ਸਾਲਾ ਨੌਜਵਾਨ ਮਾਸਟਰ ਜਰਨੈਲ ਕ੍ਰਾਂਤੀ ਦਾ ਤਰੱਦਦ ਵਿਸ਼ੇਸ਼ ਜਿਕਰਯੋਗ ਹੈ। ਕਿਉਂਕਿ ਮਾਸਟਰ ਕ੍ਰਾਂਤੀ ਨੇ ਲਾਇਬ੍ਰੇਰੀ ਲਈ ਸਭ ਤੋਂ ਵੱਡੀ ਲੋੜ 'ਇਮਾਰਤ' ਦੀ ਪੂਰਤੀ ਕਰਦਿਆਂ, ਆਪਣੀ ਇੱਕ ਦੁਕਾਨ (ਜਿਸ ਦੇ ਉੱਪਰ ਇੱਕ ਚੁਬਾਰਾ ਵੀ ਹੈ), ਇਸ ਲਾਇਬ੍ਰੇਰੀ ਲਈ ਸਮਰਪਿਤ ਕਰ ਦਿੱਤੀ ਹੈ। ਇਸ ਤੋਂ ਇਲਾਵਾ ਉਹ ਆਪਣੀ ਮਹੀਨਾਵਾਰੀ ਪੈਨਸ਼ਨ ਵੀ ਇਸ ਲਾਇਬ੍ਰੇਰੀ ਲੇਖੇ ਹੀ ਲਾਉਂਦਾ ਹੈ। ਜੋ ਕਹਿਣੀ ਤੇ ਕਰਨੀ ਦੇ ਸੁਮੇਲ ਦੀ ਪ੍ਰਤੱਖ ਉਦਾਹਰਣ ਹੈ। ਇਹ ਮੱਲ ਮਾਰਨ ਬਾਰੇ ਮਾਸਟਰ ਕ੍ਰਾਂਤੀ ਦਾ ਕਹਿਣਾ ਹੈ ਕਿ ਉਹਨਾਂ 1975 ਵਿੱਚ ਆਪਣੇ ਪਿੰਡ ਸੈਂਪਲੀ ਵਿੱਚ ਵੀ ਲਾਇਬ੍ਰੇਰੀ ਸਥਾਪਿਤ ਕੀਤੀ ਸੀ ਪਰ ਕਿਤਾਬਾਂ ਦੀ ਦੇਖ=ਰੇਖ ਸਹੀ ਤਰੀਕੇ ਨਾਲ ਨਾ ਹੋਣ ਕਾਰਨ ਉਹ ਖੁਰਦ-ਬੁਰਦ ਹੋ ਗਈ। ਉਸ ਸਮੇਂ ਦਾ ਲਿਆ ਸੁਪਨਾ ਉਹਨਾਂ ਆਪਣੀ ਸਰਕਾਰੀ ਅਧਿਆਪਨ ਦੀ ਨੌਕਰੀ ਤੋਂ ਸੇਵਾ ਮੁਕਤੀ ਉਪਰੰਤ ਪੂਰਾ ਕਰ ਵਿਖਾਇਆ ਹੈ। ਜਵਾਨੀ ਵੇਲੇ ਤੋਂ ਸਮੇਂ-ਸਮੇਂ ਉੱਠੀਆਂ ਅਗਾਂਹਵਧੂ ਲਹਿਰਾਂ ਅਤੇ ਜਥੇਬੰਦੀਆਂ ਵਿੱਚ ਅਹਿਮ ਯੋਗਦਾਨ ਪਾਉਣ ਵਾਲੇ ਮਾਸਟਰ ਕ੍ਰਾਂਤੀ ਨੇ ਸਿਰਫ਼ 156 ਕਿਤਾਬਾਂ ਨਾਲ ਇਸ ਲਾਇਬ੍ਰੇਰੀ ਦੀ ਸ਼ੁਰੂਆਤ ਕੀਤੀ ਸੀ। ਜੋ ਅੱਜ ਵਿਸ਼ਾਲ ਭੰਡਾਰ ਬਣਨ ਵੱਲ ਵਧ ਰਿਹਾ ਹੈ ਅਤੇ ਇਸ ਸਮੇਂ ਇਸ ਲਾਇਬ੍ਰੇਰੀ ਵਿੱਚ ਤਕਰੀਬਨ 1565 ਕਿਤਾਬਾਂ ਮੌਜੂਦ ਹਨ। ਜੋ ਹਰ ਉਮਰ ਵਰਗ ਦੇ ਪਾਠਕਾਂ ਦੀ ਸਾਹਿਤਕ ਭੁੱਖ ਪੂਰੀ ਕਰਨ ਦੇ ਸਮਰੱਥ ਹਨ। ਬੱਚਿਆਂ ਨੂੰ ਵੱਧ ਤੋਂ ਵੱਧ ਇਸ ਲਾਇਬ੍ਰੇਰੀ ਦੇ ਨੇੜੇ ਲਿਆਉਣ ਅਤੇ ਉਹਨਾਂ ਦੀ ਪੁਸ਼ਤਕਾਂ ਨਾਲ ਪਕੇਰੀ ਸਾਂਝ ਪਵਾਉਣ ਲਈ ਵਿਸ਼ੇਸ਼ ਉਪਰਾਲੇ ਵਜੋਂ ਉਹਨਾਂ ਦੇ ਮਨਾਂ ਨੂੰ ਟੁੰਬਣ ਵਾਲੀਆਂ ਜਾਨਵਰਾਂ, ਪੰਛੀਆਂ ਆਦਿ ਦੀਆਂ ਬਾਤਾਂ ਪਾਉਣ ਵਾਲੀਆਂ 400 ਦੇ ਕਰੀਬ ਕਿਤਾਬਾਂ ਉਪਲੱਬਧ ਕਰਵਾਉਣਾ ਵੀ ਬੜੀ ਵੱਡੀ ਸਿਆਣਪ ਹੈ। ਕਿਉਂਕਿ ਕਿਤਾਬਾਂ ਦੇ ਲੜ ਲੱਗਿਆ ਬਾਲ ਮਨ ਜਵਾਨੀ ਵਿੱਚ ਰਸਤੇ ਤੋਂ ਭਟਕ ਨਹੀਂ ਸਕਦਾ। ਇਸ ਤੋਂ ਇਲਾਵਾ ਲਾਇਬ੍ਰੇਰੀ ਵਿੱਚ ਤਰਕਸ਼ੀਲ, ਵਿਗਿਆਨ ਜੋਤ, ਲਲਕਾਰ, ਸੰਗਰਾਮੀ ਲਹਿਰ, ਮਹਿਰਮ, ਅੱਖਰ, ਸਿਰਜਣਾ, ਨਿਰੰਤਰ ਸੋਚ ਅਤੇ ਮਾਡਰਨ ਖੇਤੀ ਆਦਿ ਰਸਾਲੇ ਵੀ ਪਾਠਕਾਂ ਨੂੰ ਨਿੱਝ ਨਾਲੋਂ ਆਲੇ-ਦੁਆਲੇ ਨਾਲ ਜੋੜਨ ਦੇ ਮਨੋਰਥ ਦੀ ਪ੍ਰਾਪਤੀ ਲਈ ਰੈਗੂਲਰ ਮੰਗਵਾਏ ਜਾਂਦੇ ਹਨ। ਲਾਇਬ੍ਰੇਰੀ ਰੋਜ਼ਾਨਾ ਨਿਯਮਿਤ ਤਰੀਕੇ ਨਾਲ ਸ਼ਾਮ 3 ਤੋਂ 6 ਜਾਂ 4 ਤੋਂ 7 ਵਜੇ ਤੱਕ ਖੁੱਲ੍ਹੀ ਰੱਖੀ ਜਾਂਦੀ ਹੈ। ਜਿਸ ਦੇ ਲਈ ਮਾਸਟਰ ਕ੍ਰਾਂਤੀ ਤੋਂ ਇਲਾਵਾ ਸਤਨਾਮ ਸਿੰਘ, ਰਮੇਸ਼ ਚੰਦਰ, ਜਸਵੰਤ ਮੁਹਾਲੀ ਅਤੇ ਹਰਪ੍ਰੀਤ ਆਦਿ ਸਾਥੀ ਵੀ ਲੋੜੀਂਦਾ ਸਮਾਂ ਮੁਹੱਈਆ ਕਰਵਾਉਂਦੇ ਹਨ। ਲਾਇਬ੍ਰੇਰੀ ਵਿੱਚ ਇੰਟਰਨੈੱਟ ਦੀ ਸਹੂਲਤ ਨਾਲ ਲੈਸ ਆਪਣਾ ਕੰਪਿਊਟਰ ਵੀ ਹੈ। ਮੁਹਾਲੀ ਇਕਾਈ ਦਾ ਦਫ਼ਤਰ ਵੀ ਇੱਥੇ ਹੀ ਸਥਿੱਤ ਹੋਣ ਕਾਰਨ ਸੂਚਨਾਵਾਂ ਦੇ ਆਦਾਨ-ਪ੍ਰਦਾਨ ਵਿੱਚ ਇਸ ਸਹੂਲਤ ਨੇ ਇਕਾਈ ਨੂੰ ਸਮੇਂ ਦੇ ਹਾਣ ਦਾ ਬਣਾ ਦਿੱਤਾ ਹੈ। ਇਕਾਈ ਦੀ ਇੱਕ ਹੋਰ ਸ਼ੁਰੂਆਤ ਪ੍ਰੋਜੈਕਟਰ ਜਰੀਏ ਸੀਰੀਅਲ ਆਦਿ ਵਿਖਾਉਣੇ ਵੀ ਬੜਾ ਅਗਾਂਹਵਧੂ ਫੈਸਲਾ ਹੈ। ਇਕਾਈ ਦੇ ਜੇਕਰ ਪੂਰਨ ਸਰਗਰਮ ਮੈਂਬਰਾਂ ਦਾ ਜਿਕਰ ਕਰੀਏ ਤਾਂ ਸਾਥੀ ਕ੍ਰਾਂਤੀ ਤੋਂ ਬਾਅਦ ਮੀਡੀਆ ਮੁਖੀ ਹਰਪ੍ਰੀਤ ਦਾ ਨਾਮ ਪ੍ਰਮੁੱਖ ਤੌਰ 'ਤੇ ਲੈਣਾ ਬਣਦਾ ਹੈ। ਕਿਉਂਕਿ ਉਹ ਹਫਤੇ ਵਿੱਚ ਘੱਟੋ-ਘੱਟ ਦੋ ਖ਼ਬਰਾਂ ਅਖ਼ਬਾਰਾਂ ਵਿੱਚ ਪ੍ਰਕਾਸ਼ਿਤ ਕਰਵਾਉਣੀਆਂ ਆਪਣਾ ਮੁੱਢਲਾ ਫਰਜ਼ ਸਮਝਦਾ ਹੈ। ਇਸ ਤੋਂ ਇਲਾਵਾ ਜਥੇਬੰਦਕ ਮੁਖੀ ਸਤਨਾਮ ਦਾਊ, ਜਸਵੰਤ ਮੁਹਾਲੀ, ਗੋਰਾ ਹੁਸ਼ਿਆਰਪੁਰੀ ਅਤੇ ਨੀਰਜ ਬਾਲਾ ਆਦਿ ਦੇ ਕਾਰਜ ਵੀ ਸਰਾਹੁਣਯੋਗ ਹਨ। ਇਕਾਈ ਦੇ ਬਾਕੀ ਅਹੁਦੇਦਾਰਾਂ ਵਿੱਚ ਸੱਭਿਆਚਾਰਕ ਵਿੰਗ ਦੇ ਮੁਖੀ ਮਾਸਟਰ ਸੁਰਜੀਤ ਸਿੰਘ ਅਤੇ ਮਾਨਸਿਕ ਸਿਹਤ ਸਬੰਧੀ ਇਕਬਾਲ ਸਿੰਘ ਇੰਚਾਰਜ ਹਨ। -ਸੁਖਵੀਰ ਜੋਗਾ, ਮੋਬਾਇਲ : 98150-13046

ਤਰਕਸ਼ੀਲ ਵਿਚਾਰਾਂ ਵਾਲੀ ਲੜਕੀ ਦੀ ਲੋੜ

(ਜਸ਼ਨਪ੍ਰੀਤ ਗਿੱਲ ਸਿਟੀਜ਼ਿਨ ਕਨੇਡਾ 28, 5' 9", ਐਮ ਏ (ਪੰਜਾਬੀ), ਸੀ ਪੀ ਰੇਲ 'ਚ ਜੌਬ ਕਰਦੇ ਲੜਕੇ ਲਈ ਅਗਾਂਹ ਵਧੂ ਵਿਚਾਰਾਂ ਵਾਲੀ ਸੁੰਦਰ ਘਟੋ ਘੱਟ 5' 4", ਬੀ ਐਸ ਸੀ ਨਰਸਿੰਗ ਅਤੇ ਇੰਗਲਿਸ਼ ਆਈ ਲਿਟ ਜਰੂਰੀ, ਵਿਆਹ ਦਾਜ ਦਹੇਜ਼ ਅਤੇ ਰੀਤੀ-ਰਿਵਾਜ਼ ਤੋਂ ਬਿਨਾਂ ਹੋਵੇਗਾ। ਫੋਨ: 01612564950, ਮੋਬਾਈਲ: 9417814943॥)

''ਸਾਡਾ ਉਦੇਸ਼ : ਲੁੱਟ ਅਤੇ ਜਬਰ ਦਾ ਨਾਸ਼''
ਤਰਕਸ਼ੀਲ, ਇਨਕਲਾਬੀ ਅਤੇ ਹੋਰ ਅਗਾਂਹਵਧੂ ਨਾਟਕਾਂ, ਕੋਰੀਓਗ੍ਰਾਫੀਆਂ ਅਤੇ ਗੀਤ ਸੰਗੀਤ ਲਈ ਸੰਪਰਕ ਕਰੋ।

ਲੋਕ ਕਲਾ ਮੰਚ ਜ਼ੀਰਾ (ਰਜਿ:)

ਨਿਰਦੇਸ਼ਕ :- ਮੇਘ ਰਾਜ ਰੱਲਾ

ਮੋਬਾਇਲ :- 98558-30400

ਹੁਣ ਵਿਗਿਆਨ ਜੋਤ ਮੁਫ਼ਤ ਪ੍ਰਾਪਤ ਕਰੋ

ਇੱਕੋ ਵੇਲੇ ਤਰਕਭਾਰਤੀ ਪ੍ਰਕਾਸ਼ਨ ਜਾਂ ਵਿਸ਼ਵਭਾਰਤੀ ਪ੍ਰਕਾਸ਼ਨ ਦੀਆਂ 500/- ਰੁਪਏ ਦੀਆਂ ਕਿਤਾਬਾਂ ਡਾਕ ਰਾਹੀਂ ਮੰਗਵਾਉਣ ਵਾਲੇ ਵਿਅਕਤੀ ਨੂੰ ਇੱਕ ਸਾਲ ਲਈ 'ਵਿਗਿਆਨ ਜੋਤ' ਮੁਫ਼ਤ ਭੇਜਿਆ ਜਾਵੇਗਾ ਅਤੇ 5000/- ਰੁਪਏ ਦੀਆਂ ਕਿਤਾਬਾਂ ਮੰਗਵਾਉਣ ਵਾਲੇ ਨੂੰ ਲਾਈਫ ਭਰ ਲਈ ਮੈਗਜ਼ੀਨ 'ਵਿਗਿਆਨ ਜੋਤ' ਮੁਫ਼ਤ ਭੇਜਿਆ ਜਾਵੇਗਾ।

ਇੱਕ ਪਾਠਕ ਹੋਰ.....

ਅਦਾਰਾ 'ਵਿਗਿਆਨ ਜੋਤ' ਪਿਛਲੇ ਦਸ ਵਰ੍ਹਿਆਂ ਤੋਂ ਵਿਗਿਆਨਕ ਸੋਚ ਨੂੰ ਘਰ-ਘਰ ਪਹੁੰਚਾਉਣ ਲਈ ਯਤਨਸ਼ੀਲ ਹੈ। ਇਸ ਲੋਕ-ਪੱਖੀ ਉਪਰਾਲੇ ਵਿੱਚ ਤੁਹਾਡੇ ਯੋਗਦਾਨ ਦੀ ਬਹੁਤ ਜ਼ਰੂਰਤ ਹੈ। ਸਾਰੇ ਪਾਠਕਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਰਿਸ਼ਤੇਦਾਰਾਂ, ਦੋਸਤਾਂ-ਮਿੱਤਰਾਂ ਵਿੱਚੋਂ ਘੱਟੋ-ਘੱਟ ਇੱਕ ਹੋਰ ਵਿਅਕਤੀ ਨੂੰ ਇਸ ਦਾ ਮੈਂਬਰ ਬਣਾਉਣ ਵਿੱਚ ਸਹਾਈ ਹੋਣ।ਸਾਡੇ ਸਮਾਜ ਦਾ ਕਲਿਆਣ ਤਾਹੀਓਂ ਹੋ ਸਕਦਾ ਹੈ ਜੇ ਵਿਗਿਆਨਕ ਸੋਚ ਵਾਲੇ ਵਿਅਕਤੀਆਂ ਦੀ ਗਿਣਤੀ ਵਧੇਰੇ ਹੋਵੇਗੀ।

ਦੂਜਾ ਸਲਾਨਾ ਤਰਕਸ਼ੀਲ ਸਭਿਆਚਾਰਕ ਸਮਾਗਮ ਸਫਲਤਾ ਪੂਰਵਕ ਹੋ ਨਿਬੜਿਆ

2011-10-17, ਪ੍ਰੋਗਰੈਸਿਵ ਕਲਚਰਲ ਅਸੋਸੀਏਸ਼ਨ ਰਜਿ. ਕੈਲਗਰੀ (ਕਨੇਡਾ) ਵਲੋਂ ਸੇਟ ਕਾਲਜ ਦੇ ਔਰਫੀਅਸ ਥੀਏਟਰ ਵਿਖੇ 2 ਵਜੇ ਤੋਂ 6 ਵਜੇ ਸ਼ਾਮ ਦੂਜਾ ਤਰਕਸ਼ੀਲ ਸਭਿਆਚਾਰਕ ਸਮਾਗਮ ਸਫਲਤਾ ਪੂਰਵਕ ਹੋ ਨਿਬੜਿਆ। ਅਸੋਸੀਏਸ਼ਨ ਦੇ ਸਕੱਤਰ ਭਜਨ ਗਿੱਲ ਨੇ ਖਚਾ-ਖੱਚ ਭਰੇ ਹਾਲ ਵਿੱਚ ਪ੍ਰੋਗਰਾਮ ਦੀ ਜਾਣਕਾਰੀ ਦਰਸ਼ਕਾ ਨਾਲ ਸਾਂਝੀ ਕਰਦਿਆਂ ਦਸਿਆ ਕਿ ਸਾਡਾ ਮੁੱਖ ਮਕਸਦ ਲੋਕਾਂ ਨੂੰ ਅੰਧ ਵਿਸ਼ਵਾਸਾਂ ਵਿੱਚੋਂ ਕੱਢ ਕੇ ਗਿਆਨ ਦੀ ਰੌਸ਼ਨੀ ਵੰਡਣਾ ਹੈ। ਨੌਜਵਾਨਾਂ ਨੂੰ ਨਸ਼ਿਆਂ ਦੇ ਕੋਹੜ ਤੋਂ ਬਚਾਅ ਕੇ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਸਮਾਜਿਕ ਬਰਾਬਰੀ ਵਾਲਾ ਸਮਾਜ ਸਿਰਜਿਕ ਬਣਾਉਣਾ ਹੈ।

ਪ੍ਰੋਗਰਾਮ ਦੀ ਸੁਰੂਆਤ ਗੁਰਤੇਜ ਝੋਰੜਾਂ ਦੇ ਇਨਕਲਾਬੀ ਗੀਤ ਨਾਲ ਹੋਈ। ਗੁਰਪ੍ਰੀਤ ਭਦੌੜ ਨੇ ਭਾਰਤ-ਪਾਕਿਸਤਾਨ ਵੰਡ ਦੇ ਦੁਖਾਂਤ ਦਾ ਬਾਖੂਬੀ ਵਰਨਣ ਕਰਦੀ ਕਵਿਤਾ "ਪੰਜੋ ਰਫਿਊਜਣ" ਪੜੀ ਤਾਂ ਦਰਸ਼ਕ ਭਾਵਕ ਹੋ ਗਏ। ਮਾਸਟਰ ਭਜਨ ਗਿੱਲ ਨੇ ਪੰਜਾਬੀ ਨਾਟਕ ਜਗਤ ਦੇ ਸਿਰਮੌਰ ਹਸਤਾਖਰ ਗੁਰਸ਼ਰਨ ਭਾਅ ਜੀ ਨੂੰ ਯਾਦ ਕਰਦਿਆਂ ਕਿਹਾ ਕਿ ਲੋਕਾਂ ਦੇ ਲੇਖੇ ਜੀਵਨ ਲਾਉਣ ਵਾਲੇ ਉਸ ਮਹਾਨ ਨਾਇਕ ਤੋਂ ਸਾਨੂੰ ਪਰੇਰਨਾ ਲੈਣੀ ਚਾਹੀਦੀ ਹੈ। ਜੋ ਲੋਕਾਂ ਦੇ ਦਿਲਾਂ ਵਿੱਚ ਵਸਦਾ ਹੈ। ਮਾਸਟਰ ਬਚਿੱਤਰ ਸਿੰਘ ਵੈਨਕੋਵਰ ਦੀ ਸੰਘਰਸ਼ ਮਈ ਗਾਥਾ ਨੂੰ ਯਾਦ ਕਰਦਿਆਂ 1967 ਦੇ ਭਾਰਤ ਚ ਚੱਲੇ ਕਿਸਾਨ ਅੰਦੋਲਨ ਵਿੱਚ ਲੰਮਾ ਸਮਾ ਦਰਿੜਤਾ ਨਾਲ ਸੰਘਰਸ਼ ਕਰਨ ਦੀ ਸ਼ਲਾਘਾ ਕੀਤੀ। ਸ਼੍ਰੀਮਤੀ ਪਰਮਿੰਦਰ ਸਵੈਚ ਦਾ ਲਿਖਿਆ ਅਤੇ ਨਿਰਦੇਸ਼ਤ ਕੀਤਾ ਨਾਟਕ "ਚੋਂਣਾ ਆ ਗਈਆਂ" ਸਫਲਤਾ ਪੂਰਵਕ ਖੇਡਿਆ ਗਿਆ। ਜਿੱਥੇ ਨਾਟਕ ਚੋਂਣਾ ਅਤੇ ਰਾਜਨੀਤਕਾਂ ਤੇ ਵਿਅੰਗ ਸੀ ਉੱਥੇ ਦਰਸ਼ਕਾਂ ਨੂੰ ਹਸਾਉਣ ਵਿੱਚ ਵੀ ਕਾਮਯਾਬ ਹੋ ਨਿਬੜਿਆ।

ਅੱਜ ਦਾ ਵਿਸ਼ੇਸ ਸਨਮਾਨ ਅਵਤਾਰ ਗਿੱਲ ਪ੍ਰਧਾਨ ਤਰਕਸ਼ੀਲ ਸੁਸਾਇਟੀ ਕਨੇਡਾ ਨੂੰ ਉਨਾਂ ਦੀਆਂ ਤਰਕਸ਼ੀਲ ਸੇਵਾਵਾਂ, ਮਨੁੱਖੀ ਹੱਕਾਂ ਲਈ ਸੰਘਰਸ਼ ਆਦਿ ਲਈ, ਪ੍ਰੋਗਰੈਸਿਵ ਕਲਚਰਲ ਅਸੋਸੀਏਸ਼ਨ ਰਜਿ. ਕੈਲਗਰੀ (ਕਨੇਡਾ) ਵਲੋਂ ਸੋਹਣ ਮਾਨ, ਜੀਤਇੰਦਰਪਾਲ, ਕਮਲਪ੍ਰੀਤ ਪੰਧੇਰ, ਹਰਚਰਨ ਪਰਹਾਰ, ਪਾਲੀ ਵਿਰਕ, ਗੁਰਦੀਪ ਪਰਹਾਰ ਅਤੇ ਰਾਣੀ ਦੁਹਰਾ ਦੁਆਰਾ ਭੇਟ ਕੀਤਾ। ਅਵਤਾਰ ਗਿੱਲ ਨੇ ਆਪਣੇ ਸੰਬੋਧਨ ਵਿੱਚ ਤਰਕਸ਼ੀਲ ਸੋਸਾਇਟੀ ਵਲੋਂ ਜੋਤਸ਼ੀਆਂ, ਤਾਂਤਰਿਕਾਂ ਅਤੇ ਸ਼ਕਤੀਆਂ ਦੇ ਦਾਅਵੇਦਾਰਾਂ ਨੂੰ ਚਣੌਤੀ ਦਿੰਦਿਆਂ, ਸਰਤਾਂ ਤਹਿਤ ਇੱਕ ਲੱਖ ਕਨੇਡੀਅਨ ਡਾਲਰ ਦਾ ਇਨਾਮ ਭਰੇ ਇਕੱਠ ਵਿੱਚ ਮੀਡੀਆ ਦੀ ਹਾਜ਼ਰੀ ਵਿੱਚ ਫੇਰ ਐਲਾਨਿਆ। ਉਹਨਾਂ ਕੁਝ ਦਿਨ ਪਹਿਲਾਂ ਕੈਲਗਰੀ ਵਿੱਚ ਸੋਨਾ ਅਤੇ ਡਾਲਰ ਦੁਗਣੇ ਕਰਨ ਠੱਗੀ ਦੀ ਘਟਨਾ ਦਾ ਵਿਸ਼ੇਸ ਹਵਾਲਾ ਦਿੰਦਿਆਂ ਲੋਕਾਂ ਨੂੰ ਇਨਾਂ ਠੱਗਾਂ ਤੋਂ ਸੁਚੇਤ ਰਹਿਣ ਦਾ ਸੱਦਾ ਦਿੱਤਾ। ਉਨ੍ਹਾਂ ਮੀਡੀਏ ਵਲੋਂ ਮਿਲੇ ਸਹਿਯੋਗ ਦੀ ਪ੍ਰਸ਼ੰਸਾ ਕੀਤੀ ਅਤੇ ਜੋਤਸ਼ੀਆਂ, ਤਾਂਤਰਿਕਾਂ ਅਦਿ ਲੁਟੇਰਿਆਂ ਨੂੰ ਪਰਮੋਟ ਕਰਨ ਤੋਂ ਗੁਰੇਜ਼ ਕਰਨ ਲਈ ਕਿਹਾ। ਮਾਸਟਰ ਬਚਿੱਤਰ ਗਿੱਲ ਨੇ ਅਪਣੀ ਤਾਜਾ ਰਚਨਾ "ਬਚ ਜੋ ਜੇ ਬਚ ਸਕਦੇ ਇਨ੍ਹਾਂ ਠੱਗ ਲੁਟੇਰਿਆਂ ਤੋਂ" ਗਾ ਕੇ ਸਰੋਤਿਆਂ ਨੂੰ ਗਦਾ-ਗਦ ਕੀਤਾ। ਪ੍ਰਧਾਨ ਸੋਹਣ ਮਾਨ ਨੇ ਆਪਣੇ ਸੰਬੋਧਨ ਵਿੱਚ ਅਸੋਸੀਏਸ਼ਨ ਦਾ ਇਤਹਾਸ ਅਤੇ ਗਤੀਵਿਧੀਆਂ ਦੇ ਵਰਨਣ ਨਾਲ ਨਾਲ ਮੀਡੀਆ, ਵਲੰਟੀਅਰਾਂ, ਸਪੌਂਸਰਾਂ ਅਤੇ ਸਮੂਹ ਦਰਸ਼ਕਾਂ ਦਾ ਧੰਨਵਾਦ ਕੀਤਾ। "ਮਿੱਟੀ ਰੁਦਨ ਕਰੇ" ਬਲਦੇਵ ਸਿੰਘ ਮੋਗਾ (ਸੜਕਨਾਮਾ) ਦੇ ਲਿਖੇ ਨਾਟਕ ਦੀ ਸਫਲ ਪੇਸ਼ਕਾਰੀ ਅਵਤਾਰ ਗਿੱਲ ਵੈਨਕੋਵਰ ਦੀ ਨਿਰਦੇਸ਼ਨਾ ਹੇਠ ਕੀਤੀ ਗਈ। ਪੰਜਾਬੀ ਦਾ ਇਹ ਮਸ਼ਹੂਰ ਨਾਟਕ ਨਸ਼ਿਆਂ ਖਿਲਾਫ ਕੈਲਗਰੀ ਨਿਵਾਸੀਆਂ ਤੇ ਗਹਿਰੀ ਛਾਪ ਛੱਡ ਗਿਆ। ਗੁਰਪ੍ਰੀਤ ਭਦੌੜ ਅਤੇ ਬਲਦੇਵ ਭਦੌੜ ਵਲੋਂ ਮੈਜਿਕ ਟਰਿਕਾਂ ਦੀ ਪੇਸ਼ਕਾਰੀ ਬਹੁਤ ਪ੍ਰਭਾਵਸ਼ਾਲੀ ਸੀ। ਮਨੋਰੰਜਨ ਦੇ ਨਾਲ ਨਾਲ ਉਨ੍ਹਾਂ ਦੱਸਿਆ ਕਿ ਦੁਨੀਆਂ ਤੇ ਜਾਦੂ ਨਾਮ ਦੀ ਕੋਈ ਚੀਜ ਨਹੀਂ ਇਹ ਸਭ ਹੱਥ ਦੀ ਸਫਾਈ ਅਤੇ ਧੋਖਾ ਹੈ। ਅਸੋਸੀਏਸ਼ਨ ਵਲੋਂ ਵਿਸ਼ੇਸ ਰੂਪ ਵਿੱਚ ਮੀਡੀਏ ਦੇ ਰਾਜੇਸ਼ ਅੰਗਰਾਲ, ਬਖਸ਼ੀਸ ਗੋਸਲ, ਮਨਪ੍ਰੀਤ ਬਰਾੜ, ਡਾ. ਪਰਮਜੀਤ ਬਾਠ, ਗੁਰਚਰਨ ਕੌਰ ਥਿੰਦ, ਇਕਬਾਲ ਖਾਨ, ਰਣਜੀਤ ਸਿੱਧੂ, ਜਗਪ੍ਰੀਤ ਸ਼ੇਰਗਿੱਲ, ਡਾ ਹਰਭਜਨ ਢਿੱਲੋਂ, ਕੁਮਾਰ ਸ਼ਰਮਾ, ਹਰਬੰਸ ਬੁੱਟਰ ਦਾ ਹਾਰਦਿਕ ਧੰਨਵਾਦ ਕੀਤਾ ਜਾਂਦਾ ਹੈ। ਪ੍ਰੋ ਗੋਪਾਲ (ਪਾਲ) ਸਿੰਘ ਜੱਸਲ, ਅਮਰ ਸਿੰਘ ਕਿੰਗਰਾ, ਕੇਸਰ ਸਿੰਘ ਨੀਰ, ਸਤਨਾਮ ਸਿੰਘ ਢਾਅ, ਦਰਸ਼ਨ ਸਿੰਘ ਗਗੜਾ, ਪਰਸ਼ੋਤਮ ਭਾਰਦਵਾਜ਼, ਗੁਰਬਚਨ ਬਰਾੜ, ਤਰਲੋਚਨ ਸੈਂਭੀ, ਬਲਜਿੰਦਰ ਸੰਘਾ, ਕਾ. ਅਜੀਤ ਸਿੰਘ ਅਤੇ ਜਿਨ੍ਹਾਂ ਨੇ ਇਸ ਲੋਕਪੱਖੀ ਪ੍ਰੋਗਰਾਮ ਨੂੰ ਸਫਲ ਕਰਨ ਲਈ ਵਿਸ਼ੇਸ ਭੂਮਿਕਾ ਨਿਭਾਈ, ਹਾਰਦਿਕ ਧੰਨਵਾਦ ਕੀਤਾ ਜਾਂਦਾ ਹੈ। ਜਿਨ੍ਹਾਂ ਬਹੁਤ ਸਾਰੇ ਦਰਸ਼ਕਾਂ ਨੂੰ ਟਿਕਟਾਂ ਸਮੇ ਸਿਰ ਨਾ ਲੈਣ ਕਾਰਨ ਹਾਊਸ ਫੁਲ ਹੋਣ ਤੇ ਨਿਰਾਸ਼ ਵਾਪਸ ਮੁੜਨਾ ਪਿਆ, ਸਾਨੂੰ ਇਸ ਦਾ ਬਹੁਤ ਅਫ਼ਸੋਸ ਹੈ। ਬੇਨਤੀ ਹੈ ਕਿ ਅਗੇ ਤੋਂ ਟਿਕਟਾਂ ਸਮੇ ਸਿਰ ਲੈ ਲਈਆਂ ਜਾਣ। ਤਰਕਸ਼ੀਲ ਸੋਚ ਅਤੇ ਅਗਾਂਹ ਵਧੂ ਸਾਹਿਤ ਨੂੰ ਲੋਕਾਂ ਵਲੋਂ ਮਿਲੇ ਭਾਰੀ ਹੁੰਗਾਰੇ ਤੇ ਤਸੱਲੀ ਦਾ ਇਜ਼ਹਾਰ ਕਰਦਿਆਂ ਭਜਨ ਗਿੱਲ ਨੇ ਅਗਾਂਹ ਹਰ ਸਾਲ ਇਕੱਠੇ ਹੋਣ ਦੇ ਵਾਅਦੇ ਨਾਲ ਸਭਿਆਚਾਰਕ ਪ੍ਰੋਗਰਾਮ ਦੀ ਸਮਾਪਤੀ ਕੀਤੀ॥

ਕੀ ਵੀਡੀਓ ਗੇਮਾਂ ਵਧਾਉਂਦੀਆਂ ਹਨ ਹਿੰਸਾ

ਜਰਮਨੀ 'ਚ ਇਸ ਗੱਲ 'ਤੇ ਬਹਿਸ ਚੱਲ ਰਹੀ ਹੈ ਕਿ ਕੀ ਵੀਡੀਓ ਗੇਮ ਖੇਡਣ ਨਾਲ ਲੋਕ ਹਿੰਸਕ ਹੋ ਜਾਂਦੇ ਹਨ। ਕੁੱਝ ਵਿਗਿਆਨਕ ਇਸ ਨੂੰ ਸਹੀ ਕਰਾਰ ਦਿੰਦੇ ਹਨ। ਪਰ ਕੁੱਝ ਇਸ ਨੂੰ ਗਲਤ ਮੰਨਦੇ ਹਨ।

2009 'ਜ ਜਦੋਂ ਜਰਮਨੀ 'ਚ ਇੱਕ ਲੜਕੇ ਨੇ 16 ਲੋਕਾਂ ਦੀ ਗੋਲੀ ਮਾਰਕੇ ਹੱਤਿਆ ਕਰ ਦਿੱਤੀ ਅਤੇ ਮਾਰਨ ਤੋਂ ਬਾਅਦ ਖੁਦ ਨੂੰ ਵੀ ਗੋਲੀ ਮਾਰ ਲਈ। ਮੀਡੀਆ ਦੀ ਰਿਪੋਰਟ ਅਨੁਸਾਰ ਇਹ ਲੜਕਾ ਸ਼ੂਟਿੰਗ ਵਾਲੀਆਂ ਗੇਮਾਂ ਦਾ ਸ਼ੌਕੀਨ ਸੀ ਅਤੇ ਕਈ ਘੰਟਿਆਂ ਤੱਕ ਸਕਰੀਨ ਦੇ ਅੱਗੇ ਲੋਕਾਂ 'ਤੇ ਗੋਲੀਆਂ ਚਲਾਉਣ ਦੇ ਕਾਰਣ ਉਸਨੇ ਅਸਲ ਜ਼ਿੰਦਗੀ ਵਿੱਚ ਵੀ ਅਜਿਹਾ ਹੀ ਕੀਤਾ।

ਜਰਮਨੀ ਦੀ ਬਾਨ ਯੂਨੀਵਰਸਿਟੀ ਦੇ ਮਨੋਵਿਗਿਆਨ ਦੇ ਪ੍ਰੋਫੈਸਰ ਕ੍ਰਿਸਟਿਆਨ ਮੋਨਟਾਗ ਦਾ ਕਹਿਣਾ ਹੈ ਕਿ ਆਮ ਤੌਰ 'ਤੇ ਲੋਕਾਂ ਦੀ ਪ੍ਰਤੀਕਿਰਿਆ ਅਜਿਹੀ ਹੁੰਦੀ ਹੈ ਅਤੇ ਇਹ ਪੂਰੀ ਤਰ੍ਹਾਂ ਗਲਤ ਨਹੀਂ ਹੈ। ਪ੍ਰੋਫੈਸਰ ਮੋਨਟਾਗ ਨੇ ਕਿਹਾ ਕਿ ਜਦੋਂ ਸਕੂਲ 'ਚ ਗੋਲੀਬਾਰੀ ਹੁੰਦੀ ਹੈ ਤਾਂ ਪੂਰਾ ਮੀਡੀਆ ਬੱਸ ਇਹੀ ਗੱਲ ਕਹਿਣ ਲੱਗਦਾ ਹੈ ਕਿ ਇਹ ਗੇਮਾਂ ਦਾ ਅਸਰ ਹੈ। ਮੈਂ ਕਈ ਗੈਮਰਸ ਨਾਲ ਮਿਲਿਆ ਹਾਂ ਅਤੇ ਉਨ੍ਹਾਂ ਦੇ ਜਰੀਏ ਮੈਨੂੰ ਇਹ ਪਤਾ ਚੱਲਿਆ ਹੈ ਕਿ ਗੇਮਿੰਗ ਦਾ ਇੱਕ ਸਮਾਜਿਕ ਪਹਿਲੂ ਵੀ ਹੁੰਦਾ ਹੈ। ਪਰ ਇਸ ਨੂੰ ਸਮਝਣਾ ਉਨਾ ਅਸਾਨ ਨਹੀਂ ਹੈ ਜਿੰਨਾ ਕਿ ਮੀਡੀਆ ਨੂੰ ਲੱਗਦਾ ਹੈ।

ਜਦੋਂ ਪ੍ਰੋਫੈਸਰ ਮੋਨਟਾਗ ਨੇ ਦੇਖਿਆ ਕਿ ਮੀਡੀਆ ਫੌਰਨ ਲੋਕਾਂ ਦੀ ਵੀਡੀਓ ਗੇਮ ਖੇਡਣ ਦੀ ਆਦਤ ਨੂੰ ਉਨ੍ਹਾਂ ਦੇ ਚਰਿਤਰ ਨਾਲ ਜੋੜਨ ਲੱਗਦਾ ਹੈ ਤਾਂ ਉਨ੍ਹਾਂ ਨੂੰ ਇਹ ਸਮਝਣ ਲਈ ਕੁੱਝ ਪ੍ਰਯੋਗ ਕਰਨੇ ਪਏ। ਉਨ੍ਹਾਂ ਦੀ ਟੀਮ ਨੇ ਗੇਮ ਖੇਡਣ ਵਾਲਿਆਂ ਦਾ ਦਿਮਾਗ ਸਕੈਨ ਕੀਤਾ ਅਤੇ ਉਨ੍ਹਾਂ ਦੇ ਐਮਆਰਆਈ ਨੂੰ ਗੇਮ ਨਾ ਖੇਡਣ ਵਾਲੇ ਲੋਕਾਂ ਦੇ ਐਮਆਰਆਈ ਨਾਲ ਮਿਲਾ ਕੇ ਦੇਖਿਆ। ਐਮਆਰਆਈ ਕਰਦੇ ਸਮੇਂ ਇਨ੍ਹਾਂ ਲੋਕਾਂ ਨੂੰ ਅਲੱਗ ਅਲੱਗ ਤਰ੍ਹਾਂ ਦੀਆਂ ਤਸਵੀਰਾਂ ਦਿਖਾਈਆਂ ਗਈਆਂ। ਇਨ੍ਹਾਂ 'ਚ ਸਮੁੰਦਰ ਕਿਨਾਰੇ ਦੀਆਂ ਤਸਵੀਰਾਂ ਵੀ ਸਨ ਅਤੇ ਜ਼ਖਮੀ ਅਤੇ ਮਰੇ ਹੋਏ ਲੋਕਾਂ ਦੀਆਂ ਵੀ। ਨਾਲ ਹੀ ਮਸ਼ਹੂਰ ਵੀਡੀਓ ਗੇਮ ਕਾਊਂਟਰ ਸਟਰਾਈਕ ਦੇ ਸਕਰੀਨਸ਼ਾਟ ਵੀ ਲੋਕਾਂ ਨੂੰ ਦਿਖਾਏ ਗਏ।

ਪ੍ਰੋਫੈਸਰ ਮੋਨਟਾਗ ਨੇ ਦੇਖਿਆ ਕਿ ਜੋ ਲੋਕ ਇਕ ਹਫ਼ਤੇ ਵਿੱਚ 15 ਘੰਟੇ ਕਾਊਂਟਰ ਸਟ੍ਰਾਇਕ ਜਾਂ ਹੋਰ ਅਜਿਹੀਆਂ ਗੇਮਾਂ ਖੇਡਦੇ ਹਨ ਉਨ੍ਹਾਂ ਦੇ ਦਿਮਾਗ ਦੇ ਖੱਬੇ ਹਿੱਸੇ ਵਾਲੇ ਪਾਸੇ ਬਹੁਤ ਘੱਟ ਹਰਕਤ ਦੇਖੀ ਗਈ। ਦਿਮਾਗ ਦਾ ਇਹ ਹਿੱਸਾ ਭਾਵਨਾਵਾਂ 'ਤੇ ਕੰਟਰੋਲ ਰੱਖਦਾ ਹੈ। ਪ੍ਰੋਫੈਸਰ ਮੋਨਟਾਗ ਦਾ ਕਹਿਣਾ ਹੈ ਕਿ ਇਸ ਨਾਲ ਇਹ ਪਤਾ ਲੱਗਦਾ ਹੈ ਕਿ ਜੋ ਲੋਕ ਹਿੰਸਾ ਨਾਲ ਭਰਪੂਰ ਵੀਡੀਓ ਗੇਮਾਂ ਨਹੀਂ ਖੇਡਦੇ ਉਨ੍ਹਾਂ ਲਈ ਹਿੰਸਕ ਤਸਵੀਰਾਂ ਨੂੰ ਦੇਖਣਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ। ਪਰ ਜੋ ਲੋਕ ਅਜਿਹੀਆਂ ਗੇਮਾਂ ਖੇਡਦੇ ਰਹਿੰਦੇ ਹਨ ਉਨ੍ਹਾਂ ਦਾ ਇਸ 'ਤੇ ਕੋਈ ਅਸਰ ਨਹੀਂ ਪੈਂਦਾ।

ਤਨਾਅ ਤੋਂ ਮੁਕਤੀ – ਰਾਬਿਨਸਨ ਨੇ ਗੇਮ ਖੇਡਣ ਵਾਲੇ ਵਿਅਕਤੀ ਦੇ ਨਿਡਰ ਹੋਣ ਦੀ ਗੱਲ 'ਤੇ ਸਵਾਲ ਕੀਤਾ। ਉਨ੍ਹਾਂ ਕਿਹਾ ਕਿ ਅਸੀਂ ਜਾਣਦੇ ਹਾਂ ਕਿ ਪਹਿਲਾਂ ਦੀ ਤੁਲਨਾ 'ਚ ਅੱਜ ਕਈ ਜ਼ਿਆਦਾ ਲੋਕ ਵੀਡੀਓ ਗੇਮ ਖੇਡ ਰਹੇ ਹਨ। ਪਰ ਜੇਕਰ ਉਤਰੀ ਅਮਰੀਕਾ 'ਚ ਅਪਰਾਧ ਦੇ ਅੰਕੜੇ ਦੇਖੀਏ ਤਾਂ ਪਤਾ ਚਲਦਾ ਹੈ ਕਿ ਹਿੰਸਕ ਅਪਰਾਧ ਪਹਿਲਾਂ ਦੀ ਤੁਲਨਾ 'ਚ ਘੱਟ ਹੋ ਰਹੇ ਹਨ। ਇਹ ਦੋਵੇਂ ਇਕ ਦੂਜੇ ਦੇ ਉਲਟ ਹਨ। ਡਾਇਚ ਵੇਲੇ ਨਾਲ ਗੱਲਬਾਤ ਕਰਦੇ ਹੋਏ ਰਾਬਿਨਸਨ ਨੇ ਕਿਹਾ ਕਿ ਇਨ੍ਹਾਂ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਅਜਿਹਾ ਲੱਗਦਾ ਹੈ ਕਿ ਲੋਕ ਅਪਰਾਧ ਕਰਨ ਦੀ ਜਗ੍ਹਾ ਆਪਣਾ ਗੁੱਸਾ ਗੇਮਾਂ 'ਤੇ ਕੱਢ ਦਿੰਦੇ ਹਨ। ਇਕ ਮਿਸ਼ਨ ਦੇ ਦੌਰਾਨ ਦੇਖਿਆ ਗਿਆ ਕਿ ਵੀਡੀਓ ਗੇਮ ਖੇਡਕੇ ਲੋਕਾਂ ਨੇ ਆਪਣਾ ਤਣਾਅ ਘੱਟ ਕੀਤਾ। ਇਨ੍ਹਾਂ ਲੋਕਾਂ ਨੂੰ 17 ਮਹੀਨੇ ਤੱਕ ਕਮਰੇ 'ਚ ਬੰਦ ਕੀਤਾ ਗਿਆ ਸੀ। ਜਿਨ੍ਹਾਂ 'ਚ ਖਿੜਕੀਆਂ ਵੀ ਨਹੀਂ ਸਨ। ਰੋਥ ਦਾ ਕਹਿਣਾ ਹੈ ਕਿ ਮਾਤਾ ਪਿਤਾ ਦੀ ਵੀ ਇਸ 'ਚ ਜ਼ਿੰਮੇਵਾਰੀ ਹੈ। 'ਤੁਹਾਨੂੰ ਆਪਣੇ ਬੱਚਿਆਂ ਨੂੰ ਮੀਡੀਆ ਦੇ ਬਾਰੇ ਸਿਖਾਉਣਾ ਹੋਵੇਗਾ। ਤੁਸੀ ਆਪਣੇ ਬੇਟੇ ਜਾਂ ਬੇਟੀ ਨੂੰ ਦੱਸੋ ਕਿ ਕਿਹੜੀ ਗੇਮ ਤੁਹਾਡੇ ਲਈ ਵਧੀਆ ਹੈ ਅਤੇ ਕਿਹੜੀ ਗੇਮ ਖੇਡਣ ਲਈ ਤੁਹਾਨੂੰ ਅਜੇ ਇੰਤਜ਼ਾਰ ਕਰਨਾ ਹੋਵੇਗਾ। ਰੋਥ ਦਾ ਕਹਿਣਾ ਹੈ ਇਸ ਲਈ ਸਭ ਨੂੰ ਮਿਲ ਕੇ ਕੰਮ ਕਰਨਾ ਹੋਵੇਗਾ ਚਾਹੇ ਤਾਂ ਉਹ ਨੇਤਾ ਹੋਣ ਜਾਂ ਗੇਮ ਬਣਾਉਣ ਵਾਲੀਆਂ ਕੰਪਨੀਆਂ।

ਮੈਂ ਤਰਕਸ਼ੀਲ ਕਿਵੇਂ ਬਣਿਆ? *ਦਿਲਪ੍ਰੀਤ ਸਿੰਘ*

ਮੈਂ ਪਿੰਡ ਮੀਏਵਾਲ ਅਰਾਇਆ ਤਹਿ ਸਾਹਕੋਟ (ਜਲੰਧਰ) ਦਾ ਵਸਨੀਕ ਹਾਂ। ਮੈਂ ਲੱਗਭਗ ਅੱਠ ਦਸ ਸਾਲਾਂ ਤੋਂ ਤਰਕਸ਼ੀਲ ਲਹਿਰ ਨਾਲ ਜੁੜਿਆ ਹੋਇਆ ਹਾਂ। ਮੈਂ ਤਰਕਸ਼ੀਲ ਕਿਵੇਂ ਬਣਿਆ ਆਪਣੇ ਵਿਚਾਰ ਪਾਠਕਾਂ ਨਾਲ ਸਾਂਝੇ ਕਰ ਰਿਹਾ ਹਾਂ। ਸਾਡੇ ਸਮਾਜ ਵਿੱਚ ਅਨੇਕ ਪ੍ਰਕਾਰ ਦੇ ਵਹਿਮ-ਭਰਮ ਪਾਏ ਜਾਂਦੇ ਹਨ। ਜੋ ਸਮਾਜ ਉਪਰ ਪੂਰੀ ਤਰ੍ਹਾਂ ਭਾਰੂ ਵੀ ਹਨ। ਪਰ ਤਰਕ ਸੋਚ ਵਾਲਿਆਂ ਅੱਗੇ ਕੁੱਝ ਵੀ ਨਹੀਂ। ਤਰਕਸ਼ੀਲ ਲਹਿਰ ਨੇ ਲੋਕਾਂ ਨੂੰ ਵਹਿਮਾਂ-ਭਰਮਾਂ ਵਿੱਚੋਂ ਕੱਢਣ ਦਾ ਜੋ ਨੇਕ ਕੰਮ ਕੀਤਾ ਹੈ ਉਹ ਬੜਾ ਹੀ ਸ਼ਲਾਘਾਯੋਗ ਹੈ। ਮੇਰਾ ਜਨਮ ਵੀ ਹੋਰ ਲੋਕਾਂ ਵਾਂਗ ਇੱਕ ਬਹੁਤ ਹੀ ਅੰਧਵਿਸ਼ਵਾਸੀ ਪਰਿਵਾਰ ਵਿੱਚ ਹੋਇਆ। ਮੇਰਾ ਪਰਿਵਾਰ ਵਡਭਾਗ ਸਿੰਘ ਡੇਰੇ ਦਾ ਬੜਾ ਸ਼ਰਧਾਲੂ ਸੀ। ਹਰ ਸਾਲ ਦੀ ਤਰ੍ਹਾਂ ਸਾਡੇ ਪਰਿਵਾਰ ਦਾ ਵੀ ਵਡਭਾਗ ਸਿੰਘ ਦੇ ਡੇਰੇ ਜਾਣਾ ਹੁੰਦਾ ਸੀ। ਉਸ ਵੇਲੇ ਕੋਈ ਵੀ ਵਹਿਮ-ਭਰਮ ਅਜਿਹਾ ਨਹੀਂ ਸੀ ਜੋ ਸਾਡੇ ਘਰ ਵਿੱਚ ਨਾ ਕੀਤਾ ਜਾਂਦਾ ਹੋਵੇ। ਸੋਮਵਾਰ ਵਡਭਾਗ ਸਿੰਘ ਦਾ ਦਿਨ ਹੋਣ ਕਰਕੇ ਆਂਡਾ-ਮੀਟ ਦੀ ਘਰ ਵਿੱਚ ਮਨਾਹੀ ਸੀ ਅਤੇ ਡੇਰੇ ਲਿਆਂਦੇ ਪਾਣੀ ਦਾ ਛਿੱਟਾ ਹਰ ਰੋਜ਼ ਘਰੇ ਦਿੱਤਾ ਜਾਂਦਾ ਸੀ। ਹਰ ਸਾਲ ਡੇਰੇ ਜਾ ਕੇ ਰੁਮਾਲੇ ਚੜ੍ਹਾਉਣੇ ਪੈਂਦੇ ਸੀ।

ਪਰ ਅੱਜ ਧੰਨਵਾਦੀ ਹਾਂ ਉਨ੍ਹਾਂ ਦਿਨਾਂ ਦਾ ਅਤੇ ਉਸ ਦਿਨ ਨੂੰ ਹੀ ਮੈਂ ਆਪਣੇ ਹਨ੍ਹੇਰ ਦੀ ਜ਼ਿੰਦਗੀ ਵਿੱਚ ਚਾਨਣ ਸਮਝਦਾ ਹਾਂ ਜਦੋਂ ਡਾ. ਕਾਵੂਰ ਦੀ ਸ੍ਰੀ ਮੇਘ ਰਾਜ ਮਿੱਤਰ ਜੀ ਦੁਆਰਾ ਅਨੁਵਾਦ ਕੀਤੀ ਹੋਈ ਕਿਤਾਬ ਦੇਵ ਪੁਰਸ਼ ਹਾਰ ਗਏ ਮੇਰੇ ਹੱਥਾਂ ਵਿੱਚ ਆਈ ਜਿਸ ਨੂੰ ਪੜ੍ਹਨ ਨਾਲ ਹੀ ਮੈਂ ਘੁੰਮਣ ਘੇਰੀ ਵਿੱਚ ਪੈ ਗਿਆ ਮੇਰੀ ਸੋਚ ਨੂੰ ਕਾਫ਼ੀ ਧੱਕਾ ਲੱਗਿਆ। ਫਿਰ ਮੈਂ ਹੋਰ ਵੀ ਕਈ ਕਿਤਾਬਾਂ ਪੜ੍ਹੀਆਂ। ਫਿਰ ਡਾ. ਹਰਜਿੰਦਰ ਬਾਗਪੁਰ ਦਾ ਵੀ ਮੇਰੇ ਨਾਲ ਕਾਫ਼ੀ ਸਹਿਯੋਗ ਰਿਹਾ। ਅੱਜ ਮੈਂ ਵਿਗਿਆਨ ਜੋਤ ਅਤੇ ਤਰਕਭਾਰਤੀ ਪ੍ਰਕਾਸ਼ਨ ਦੀਆਂ ਕਿਤਾਬਾਂ ਨੂੰ ਆਪਣੀ ਜ਼ਿੰਦਗੀ ਦਾ ਇੱਕ ਅੰਗ ਬਣਾ ਕੇ ਰੱਖਿਆ ਹੋਇਆ ਹੈ। ਮੇਰੇ ਲਈ ਇਹ ਖੁਸ਼ੀ ਦੀ ਗੱਲ ਏ ਕਿ ਅੱਜ ਸਾਡਾ ਪਰਿਵਾਰ ਹਰ ਤਰ੍ਹਾਂ ਦੇ ਪਖੰਡ ਤੋਂ ਰਹਿਤ ਏ। ਅਸੀਂ ਜਿੱਥੇ ਵੀ ਅੰਧ ਵਿਸ਼ਵਾਸ ਦੇਖਦੇ ਹਾਂ ਤਾਂ ਉਸ ਨਾਲ ਲੜਨ ਲਈ ਤਿੰਨੇ ਭਰਾ ਤਿਆਰ ਰਹਿੰਦੇ ਹਾਂ।

ਅੱਜ ਮੇਰੀ ਜ਼ਿੰਦਗੀ ਦੀ ਇੱਕ ਘਟਨਾ ਨੂੰ ਮੈਂ ਪਾਠਕਾਂ ਨਾਲ ਸਾਂਝੀ ਜ਼ਰੂਰ ਕਰਨਾ ਚਾਹਾਂਗਾ ਜਦੋਂ ਮੈਂ ਨੌਵੀਂ ਕਲਾਸ ਵਿੱਚ ਪੜ੍ਹਦਾ ਸੀ ਪਰ ਉਦੋਂ ਪੂਰੀ ਤਰ੍ਹਾਂ ਤਰਕਸ਼ੀਲ (ਅੱਜ ਵਰਗਾ) ਨਹੀਂ ਸੀ। ਮੈਂ ਆਪਣੇ ਪਿੰਡੋ ਕੁੱਝ ਸਾਥੀਆਂ ਨਾਲ ਮਾਤਾ ਚਿੰਤਪੂਰਨੀ ਜਾਣ ਦਾ ਮੌਕਾ ਮਿਲਿਆ ਜਦੋਂ ਅਸੀਂ ਚਿੰਤਪੂਰਨੀ ਜਾ ਰਹੇ ਸੀ। ਰਸਤੇ ਵਿੱਚ ਸਾਡੇ ਨਾਲ ਦੇ ਕੁੱਝ ਸ਼ਰਧਾਲੂ ਇਹ ਗੱਲਾਂ ਕਰ ਰਹੇ ਸੀ ਕਿ ਚਿੰਤਪੂਰਨੀ ਦਾ ਪ੍ਰਸ਼ਾਦ ਜਵਾਲਾ ਜੀ ਨਹੀਂ ਜਾਂਦਾ ਜੇ ਕੋਈ ਲੈ ਜਾਵੇ ਤਾਂ ਉਸਦਾ ਰਾਹ ਵਿੱਚ ਐਕਸੀਡੈਂਟ ਹੋ ਜਾਂਦਾ ਹੈ ਜਾਂ ਫਿਰ ਕੋਈ ਹੋਰ ਨੁਕਸਾਨ ਹੋ ਜਾਂਦਾ ਹੈ ਪਰ ਮੈਂ ਉਨ੍ਹਾਂ ਨੂੰ ਕਿਹਾ ਕਿ ਇਸ ਤਰ੍ਹਾਂ ਕੁੱਝ ਨਹੀਂ ਹੁੰਦਾ। ਤੁਸੀਂ ਜਿਸ ਮਾਤਾ ਦੇ ਦਰਸਣ ਕਰਨ ਆਏ ਹੋ ਉਹ ਤੁਹਾਡਾ ਇੰਨਾਂ ਮਾੜਾ ਕਿਉਂ ਸੋਚੇਗੀ। ਪਰ ਉਨ੍ਹਾਂ ਨੇ ਮੇਰੀਆਂ ਸਾਰੀਆਂ ਦਲੀਲਾਂ ਨੂੰ ਅਣਗੌਲਿਆਂ ਕਰ ਦਿੱਤਾ। ਉਨ੍ਹਾਂ ਦਾ ਕਹਿਣਾ ਸੀ ਕਿ ਜੇ ਸਾਡੇ ਸਾਰਿਆਂ ਵਿੱਚੋਂ ਕਿਸੇ ਇੱਕ ਨੇ ਵੀ ਪ੍ਰਸਾਦ ਚਿੰਤਪੂਰਨੀ ਤੋਂ ਜਵਾਲਾ ਜੀ ਲੈ ਕੇ ਜਾਣ ਦੀ ਕੋਸ਼ਿਸ਼ ਕੀਤੀ ਤਾਂ ਰਾਹ ਵਿੱਚ ਸਾਡੀ ਗੱਡੀ ਪਲਟ ਜਾਵੇਗੀ। ਮਾਤਾ ਸਾਨੂੰ ਕੋਈ ਹੋਰ ਵੀ ਨੁਕਸਾਨ ਪਹੁੰਚਾ ਸਕਦੀ ਹੈ। ਉਨ੍ਹਾਂ ਨੇ ਮੈਨੂੰ ਇਸ ਨਾਲ ਮਿਲਦੀਆਂ-ਜੁਲਦੀਆਂ ਕਈ ਕਹਾਣੀਆਂ ਵੀ ਸੁਣਾਈਆਂ। ਪਰ ਮੇਰੇ ਤੇ ਉਨ੍ਹਾਂ ਦੀਆਂ ਗੱਲਾਂ ਦਾ ਕੋਈ ਅਸਰ ਨਾ ਹੋਇਆ। ਮੈਂ ਮਨ ਬਣਾ ਲਿਆ ਕਿ ਇਸ ਵਾਰ ਮੈਂ ਪ੍ਰਸਾਦ ਜਵਾਲਾ ਜੀ ਤੋਂ ਲੈ ਕੇ ਹੀ ਜਾਵਾਂਗਾ। ਸੋ ਇਸ ਤਰ੍ਹਾਂ ਹੀ ਮੈਂ ਕੀਤਾ। ਮੈਂ ਪ੍ਰਸਾਦ ਲੈ ਆਪਣੀ ਜੇਬ ਵਿੱਚ ਪਾ ਲਿਆ ਜਦੋਂ ਅਸੀਂ ਗੱਡੀ ਕੋਲ ਆਏ ਤਾਂ ਸਾਰਿਆਂ ਨੇ ਕਿਹਾ ਕਿ ਜੇ ਕਿਸੇ ਕੋਲ ਪ੍ਰਸਾਦ ਹੈ ਤਾਂ ਖਾ ਲਵੋ ਕੋਈ ਨਾਲ ਲੈ ਕੇ ਜਾਣ ਦੀ ਕੋਸ਼ਿਸ਼ ਨਾ ਕਰੇ। ਪਰ ਮੈਂ ਉਨ੍ਹਾਂ ਨੂੰ ਬਿਨ੍ਹਾਂ ਦੱਸਿਆ ਬੈਠਾ ਰਿਹਾ ਅਸੀਂ ਜਵਾਲਾ ਜੀ ਪਹੁੰਚ ਗਏ। ਘੁੰਮੇ ਫਿਰੇ ਆਖਿਰ ਦੂਜੇ ਦਿਨ ਅਸੀਂ ਪਿੰਡ ਵਾਪਸ ਆ ਗਏ। ਫਿਰ ਮੇਰਾ ਵਿਸ਼ਵਾਸ ਹੋਰ ਵੀ ਪੱਕਾ ਹੋ ਗਿਆ। ਮੈਂ ਪੂਰੀ ਤਰ੍ਹਾਂ ਹੀ ਤਰਕਸ਼ੀਲ ਬਣ ਗਿਆ। ਅੱਜ ਮੈਂ ਲੋਕਾਂ ਨੂੰ ਇਹੀ ਬੇਨਤੀ ਕਰਦਾ ਹਾਂ ਕਿ ਤਰਕ ਸੋਚ ਅਪਣਾਓ। ਸੁਧਾਰੋ ਆਪਣੀ ਜ਼ਿੰਦਗੀ ਅਤੇ ਆਪਣੇ ਬੱਚਿਆਂ ਦਾ ਭਵਿੱਖ। ਜੇ ਦਾਨ-ਪੁੰਨ ਕਰਨਾ ਹੈ ਤਾਂ ਮਨੁੱਖਤਾ ਦੀ ਭਲਾਈ ਲਈ ਕਰੋ। ਇਸ ਤੋਂ ਵਧੀਆ ਹੋਰ ਕੰਮ ਕੋਈ ਵੀ ਨਹੀਂ ਹੋ ਸਕਦਾ। ਅੱਜ ਸਾਡੇ ਸਾਹਮਣੇ ਜਿੰਨੀਆਂ ਵੀ ਸਮੱਸਿਆਵਾਂ ਉਨ੍ਹਾਂ ਦਾ ਕਾਰਨ ਸਾਡਾ ਸਮਾਜਿਕ ਸਿਸਟਮ ਵਧੀਆ ਨਾ ਹੋਣਾ ਏ। ਆਪਣੇ ਕਰਮਾਂ ਨੂੰ ਸਮਝਣ ਦੀ ਕੋਸ਼ਿਸ਼ ਕਰੋ ਤਾਂ ਹੀ ਅਸੀਂ ਅੱਗੇ ਵੱਧ ਸਕਦੇ ਹਾਂ। ਅਸੀਂ ਤਰਕਵਾਦੀ ਵਿਗਿਆਨਕ ਸੋਚ ਨੂੰ ਅਪਣਾ ਕੇ ਆਪਣੇ ਪਰਿਵਾਰ ਲਈ ਕੁੱਝ ਵਧੀਆ ਕਰ ਸਕਦੇ ਹਾਂ। ਨਹੀਂ ਤਾਂ ਸਾਡੀ ਮਾਨਸਿਕ ਲੁੱਟ ਇਸੇ ਤਰ੍ਹਾਂ ਜਾਰੀ ਰਹੇਗੀ।

ਪਿੰਡ - ਮੀਏਵਾਲ ਅਰਾਈਆਂ, ਤਹਿ : ਸਾਹਕੋਟ (ਜਲੰਧਰ), ਮੋਬਾ: 95010-95593

ਅਪੀਲ

ਤਰਕਸ਼ੀਲ ਲਹਿਰ ਦੇ ਪ੍ਰਚਾਰ ਤੇ ਪਸਾਰ ਲਈ ਤਰਕਸ਼ੀਲ ਸੁਸਾਇਟੀ ਭਾਰਤ ਵੱਲੋਂ ਇਕ ਕਿਤਾਬਾਂ ਵਾਲੀ ਬੱਸ ਖ਼੍ਰੀਦਣ ਦਾ ਯਤਨ ਕੀਤਾ ਜਾ ਰਿਹਾ ਹੈ। ਨਾਹਰਿਆਂ ਤੇ ਮਾਟੋਜ਼ ਨਾਲ

ਸਜੀ ਇਹ ਬੱਸ ਹਰ ਵੇਲੇ ਪੰਜਾਬ ਦੇ ਪਿੰਡਾਂ ਤੇ ਸ਼ਹਿਰਾਂ ਵਿਚ ਨਜ਼ਰ ਆਇਆ ਕਰੇਗੀ। ਅਨੁਮਾਨਤ ਖਰਚ ਲਗਭਗ ਪੰਦਰਾਂ ਕੁ ਲੱਖ ਰੁਪਏ ਹੈ। ਦਾਨੀ ਸੱਜਣਾਂ ਨੂੰ ਇਸ ਮਹਾਨ ਜੱਗ ਵਿਚ ਹਿੱਸਾ ਪਾਉਣ ਦੀ ਬੇਨਤੀ ਕੀਤੀ ਜਾਂਦੀ ਹੈ। ਹਰ ਕਿਸਮ ਦੇ ਸਹਿਯੋਗ ਰਾਸ਼ੀ ਸਿਰਫ਼ ਚੈੱਕ ਜਾਂ ਡਰਾਫਟ ਰਾਹੀਂ ਤਰਕਸ਼ੀਲ ਸੁਸਾਇਟੀ (ਰਜਿ.) ਦੇ ਨਾਂ 'ਤੇ ਭੇਜੀ ਜਾਵੇ। ਤਰਕਸ਼ੀਲ ਸੁਸਾਇਟੀ ਦਾ ਖਾਤਾ ਨੰ : 658010 110000474 (Bank Of India, Branch Barnala)

ਇਸ ਸੰਬੰਧੀ ਵਧੇਰੇ ਜਾਣਕਾਰੀ ਲਈ ਸਾਥੀ ਅਵਤਾਰ ਨਿਊਜ਼ੀਲੈਂਡ ਨਾਲ ਉਹਨਾਂ ਦੇ ਫ਼ੋਨ ਨੰਬਰ : 021392147 ਤੇ ਸੰਪਰਕ ਦੀ ਕੀਤਾ ਜਾ ਸਕਦਾ ਹੈ। ਅਵਤਾਰ ਦਾ ਈਮੇਲ ਪਤਾ ਹੈ : avtar31@hotmail.com

ਸਤਿਕਾਰਯੋਗ ਮੇਘ ਰਾਜ ਮਿੱਤਰ ਜੀ,

ਸਭ ਤੋਂ ਪਹਿਲਾਂ ਮੈਂ ਤੁਹਾਡਾ ਆਪਣੇ ਤਹਿ ਦਿਲੋ ਧੰਨਵਾਦ ਕਰਦੀ ਹਾਂ, ਕਿ ਤੁਸੀਂ ਮੇਰੀ ਭਾਵਨਾ ਨੂੰ ਜੋ ਕਿ ਮੈਂ 'ਆਤਮਾ' ਦੇ ਸਿਰਲੇਖ ਹੇਠ ਲਿਖ ਕੇ ਭੇਜੀ ਸੀ ਨੂੰ ਆਪਣੇ ਮੈਗਜ਼ੀਨ 'ਵਿਗਿਆਨ ਜੋਤ' ਦੇ ਵਿੱਚ ਛਾਪਿਆ ਹੈ, ਜਿਸ ਨੂੰ ਪੜ੍ਹਕੇ ਮੇਰੀਆਂ ਅੱਖਾਂ ਦੇ ਵਿੱਚ ਖੁਸ਼ੀ ਦੇ ਹੰਝੂ ਵਹਿ ਤੁਰੇ ਕਿ ਤੁਸੀਂ ਮੇਰੀ ਭਾਵਨਾ ਦਾ ਮਾਣ ਰੱਖਿਆ ਇਕ ਵਾਰ ਫਿਰ ਤੋਂ ਤਹਿ ਦਿਲੋਂ ਤੁਹਾਡਾ ਧੰਨਵਾਦ ਕਰਦੀ ਹਾਂ।

ਮਿੱਤਰ ਜੀ, ਅਕਤੂਬਰ-ਨਵੰਬਰ ਦੇ ਵਿਗਿਆਨ ਜੋਤ ਦੇ ਅੰਕ ਵਿੱਚ ਪਾਠਕਾਂ ਦੀ ਸੱਥ ਵਿਚ ਗਗਨਦੀਪ ਸਿੰਘ ਬੁਰਗਾ ਜੀ ਨੇ 'ਅਧਿਆਪਕ ਤੇ ਤਰਕਸ਼ੀਲਤਾ' ਦੇ ਸਿਰਲੇਖ ਹੇਠ ਅਧਿਆਪਕਾਂ ਦੇ ਇਕ ਪਹਿਲੂ ਤੇ ਚਾਨਣਾ ਪਾਉਣ ਦੀ ਕੋਸ਼ਿਸ਼ ਕੀਤੀ ਹੈ, ਜਿਸ ਵਿਚ ਉਨ੍ਹਾਂ ਨੇ ਕਿਹਾ ਹੈ, ਕਿ 'ਗਲਤ ਅਤੇ ਗੈਰ-ਵਿਗਿਆਨਕ ਰਸਮਾਂ ਦੀ ਪਾਲਣਾ ਕਰਵਾਉਣ ਵਾਲਾ ਅਧਿਆਪਕ ਗੁਰੂ ਦਾ ਦਰਜਾ ਪ੍ਰਾਪਤ ਨਹੀਂ ਕਰ ਸਕਦਾ।"

ਮੈਂ ਉਨ੍ਹਾਂ ਨੂੰ ਇਹ ਯਾਦ ਕਰਵਾਉਣਾ ਚਾਹੁੰਦੀ ਹਾਂ ਕਿ ਅਜੋਕੇ ਸਮੇਂ ਦੇ ਵਿੱਚ ਕੋਈ ਵੀ ਅਧਿਆਪਕ ਬੱਚਿਆਂ ਦੇ ਵਿੱਚ ਵਿਗਿਆਨਕ ਜਾਗ ਲਗਾਉਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਪਿੰਡ ਦੀ ਪੰਚਾਇਤ ਭੀੜ ਦਾ ਰੂਪ ਧਾਰਨ ਕਰਕੇ ਉਸ ਸਕੂਲ ਦੇ ਮੁੱਖ ਅਧਿਆਪਕ ਦੇ ਦਫ਼ਤਰ ਦੇ ਵਿੱਚ ਇਕੱਠੀ ਹੋ ਕੇ ਆ ਜਾਂਦੀ ਹੈ, ਕਿ ਤੁਹਾਡਾ ਫਲਾਣਾ ਅਧਿਆਪਕ ਸਾਡੇ ਬੱਚਿਆਂ ਨੂੰ ਗਲਤ ਸੇਧ ਦੇ ਰਿਹਾ ਹੈ। ਅਸੀਂ ਉਸਦੇ ਖਿਲਾਫ਼ ਉਪਰ ਤੱਕ ਪਹੁੰਚ ਕਰਾਂਗੇ, ਤਾਂ ਨਾ ਚਾਹੁੰਦੇ ਹੋਏ ਵੀ ਮੁੱਖ-ਅਧਿਆਪਕ ਜੀ ਨੂੰ ਉਸ ਅਧਿਆਪਕ ਨੂੰ ਭੀੜ ਦੇ ਅੱਗੇ ਲਿਆਉਣਾ ਪੈਂਦਾ ਹੈ ਅਤੇ ਅਧਿਆਪਕ ਨੂੰ ਵੀ ਨਾ ਚਾਹੁੰਦੇ ਹੋਏ ਵੀ ਭੀੜ ਦੇ ਅੱਗੇ ਇਹ ਕਹਿਣ ਦੇ ਲਈ ਮਜਬੂਰ ਹੋਣਾ ਪੈਂਦਾ ਹੈ, ਕਿ ਮੈਂ ਅੱਗੇ ਤੋਂ ਤੁਹਾਡੇ ਬੱਚੇ ਨੂੰ ਵਿਗਿਆਨਕ ਜਾਗ ਲਗਾਉਣ ਦੀ ਕੋਸ਼ਿਸ਼ ਨਹੀਂ ਕਰਾਂਗਾ।

ਇਹ ਅੱਜ ਦੇ ਸਮਾਜ ਦੇ ਸਿਰ 'ਤੇ ਹੀ ਜਾਂਦਾ ਹੈ, ਕਿ ਅਜੋਕੇ ਦੌਰ ਦੇ ਵਿੱਚ ਅਧਿਆਪਕ ਗੁਰੂ ਦਾ ਦਰਜਾ ਗੁਆ ਰਿਹਾ ਹੈ। ਜਿਵੇਂ ਕਿ, ਸਰਕਾਰ ਨੇ ਸਾਡੇ ਸਰਕਾਰੀ ਸਕੂਲਾਂ ਨੂੰ ਇਹ ਆਦੇਸ਼ ਦਿੱਤੇ ਸਨ ਕਿ ਉਹ ਆਪਣੇ-ਆਪਣੇ ਸਕੂਲਾਂ ਦੇ ਬੱਚਿਆਂ ਨੂੰ ਲੈ ਕੇ ਇਕ ਜਾਗਰੂਕਤਾ ਰੈਲੀ ਕੱਢਣ ਜਿਸ ਰਾਹੀਂ ਉਹ ਕਿਸਾਨਾਂ ਨੂੰ ਕਹਿਣ ਕੇ ਉਹ ਆਪਣੇ-2 ਖੇਤਾਂ ਵਿੱਚ ਪਰਾਲੀ ਨੂੰ ਨਾ ਜਲਾਉਣ ਇਸ ਨਾਲ ਇਕ ਤਾਂ ਵਾਤਾਵਰਣ ਨੂੰ ਨੁਕਸਾਨ ਹੋਵੇਗਾ, ਦੂਜਾ ਧਰਤੀ ਦੀ ਉਪਜਾਊ ਸ਼ਕਤੀ ਖ਼ਤਮ ਹੋਵੇਗੀ, ਤੀਜਾ ਕੋਈ ਭਿਆਨਕ ਹਾਦਸਾ ਵਾਪਰ ਸਕਦਾ ਹੈ। ਇਸ ਦੇ ਅਧੀਨ ਮੇਰੇ ਪਤੀ ਜੋ ਕਿ ਇਕ ਸਾਇੰਸ ਅਧਿਆਪਕ ਹਨ ਅਤੇ ਸਰਕਾਰੀ ਸਕੂਲ ਐਤੀਆਣਾ ਜ਼ਿਲ੍ਹਾ ਲੁਧਿਆਣਾ ਵਿਖੇ ਪੜ੍ਹਾਉਂਦੇ ਹਨ ਨੇ ਵੀ ਆਪਣੇ ਸਟਾਫ਼ ਅਤੇ ਵਿਦਿਆਰਥੀਆਂ ਦੇ ਨਾਲ ਮਿਲ ਕੇ ਇਕ ਰੈਲੀ ਕੱਢੀ ਜਿਸਦਾ ਨਤੀਜਾ ਇਹ ਹੋਇਆ ਕਿ ਦੂਜੇ ਦਿਨ ਭੀੜ ਇਕੱਠੀ ਹੋ ਕੇ ਮੁੱਖ ਅਧਿਆਪਕ ਦੇ ਦਫ਼ਤਰ ਵਿੱਚ ਪਹੁੰਚ ਗਈ ਕਿ ਇਹ ਤਾਂ ਸਾਡੀ ਮਰਜ਼ੀ ਹੈ, ਅਸੀਂ ਜੋ ਮਰਜ਼ੀ ਕਰੀਏ ਤੁਹਾਡੇ ਮਾਸਟਰ ਦਾ ਢਿੱਡ ਦੁੱਖਦਾ ਹੈ, ਤਾਂ ਫਿਰ ਉਹੀ ਹੋਇਆ ਜੋ ਮੈਂ ਪਹਿਲਾਂ ਦੱਸਿਆ ਕਿ ਮੁੱਖ ਅਧਿਆਪਕ ਅਤੇ ਮੇਰੇ ਪਤੀ ਨੂੰ ਉਨ੍ਹਾਂ ਨੂੰ ਇਹ ਕਹਿਣਾ ਪਿਆ ਕਿ ਬਈ ਜਿਵੇਂ ਤੁਸੀਂ ਰਾਜ਼ੀ ਹੋ ਉਵੇਂ ਕਰ ਲਵੋ।

ਹੁਣ ਦੱਸੋ ਗਗਨਦੀਪ ਜੀ ਅਧਿਆਪਕ ਇਕੱਲਾ ਤਾਂ ਕਸੂਰਵਾਰ ਨਹੀਂ ਹੈ, ਕਿ ਉਹ ਆਪਣਾ ਸਹੀ ਰੋਲ ਨਹੀਂ ਨਿਭਾ ਰਿਹਾ ਕਿਤੇ ਨਾ ਕਿਤੇ ਇਹ ਸਮਾਜ ਵੀ ਯੋਗਦਾਨ ਦੇ ਰਿਹਾ ਹੈ, ਕਿ ਅਧਿਆਪਕ ਆਪਣੀ ਤਰਕਸ਼ੀਲ ਸੋਚ ਨੂੰ ਆਪਣੇ ਤੱਕ ਹੀ ਸੀਮਤ ਰੱਖੇ ਅਤੇ ਆਪਣੇ ਅਸਲੀ ਰੋਲ ਨਾ ਨਿਭਾਵੇ।

ਇਸ ਲਈ ਗਗਨਦੀਪ ਜੀ ਤੁਹਾਡੇ ਵਰਗੇ ਤਰਕਸ਼ੀਲ ਸਾਥੀਆਂ ਨੂੰ ਸਾਡੇ ਵਰਗੇ ਅਧਿਆਪਕਾਂ ਦਾ ਸਾਥ ਦੇਣਾ ਚਾਹੀਦਾ ਹੈ ਕਿ ਅਸੀਂ ਆਪਣੇ ਸਹੀ ਰੋਲ ਨੂੰ ਨਿਭਾ ਸਕੀਏ ਨਾ ਕਿ ਭੀੜ ਦਾ ਹਿੱਸਾ ਬਣੀਏ।

*- **ਰਾਜਦੀਪ ਕੌਰ** ਗੁਰੂਸਰ ਸੁਧਾਰ ਲੁਧਿਆਣਾ*
ਫੋਨ ਨੰ: 94784-36196

- o -

ਪਰਮ ਸਤਿਕਾਰਯੋਗ ਮਾਸਟਰ ਜੀ,

ਵਿਗਿਆਨ ਜੋਤ ਦੇ ਅਗਸਤ-ਸਤੰਬਰ 2011 ਦੇ ਅੰਕ ਵਿੱਚ 'ਯਾਦਾਂ ਦੇ ਝਰੋਖੇ 'ਚੋਂ' ਕਾਲਮ ਵਿੱਚ (ਨਾਸਾ ਵਿਖੇ ਗ੍ਰੰਥ ਸਾਹਿਬ) ਭਾਈ ਭਗਵਾਨ ਸਿੰਘ ਜੀ ਨੇ ਜੋ ਕਲਪਨਾ ਚਾਵਲਾ ਦੇ ਪਰਿਵਾਰ ਬਾਰੇ ਦੱਸਿਆ ਹੈ, ਇਹਦੇ ਵਿੱਚ ਸੱਚਾਈ ਨਹੀਂ ਹੈ।

ਮੈਂ ਕਰਨਾਲ ਦਾ ਵਸਨੀਕ ਹਾਂ ਅਤੇ ਕਲਪਨਾ ਚਾਵਲਾ ਦੇ ਪਰਿਵਾਰ ਬਾਰੇ ਜਾਣਦਾ ਹਾਂ। ਕਲਪਨਾ ਚਾਵਲਾ ਦੇ ਦਾਦਾ ਜੀ ਅਤੇ ਉਨ੍ਹਾਂ ਦਾ ਪਰਿਵਾਰ ਬਾਬਾ ਨਿੱਕਾ ਸਿੰਘ ਦੇ ਅੰਧ ਭਗਤ ਸਨ। ਬਾਬਾ ਨਿੱਕਾ ਸਿੰਘ ਨਿਰਮਲੇ ਸਾਧ ਸਨ, ਜਿੰਨਾ ਦੇ ਅਸਥਾਨ ਤੇ ਹੁਣ ਵੀ ਨਿਰਮਲ ਕੁਟੀਆ ਨਾਮੀ ਗੁਰਦੁਆਰਾ ਮੌਜੂਦ ਹੈ, ਜਦ ਕਿ ਸੰਤ ਨੰਦ ਸਿੰਘ ਜੀ ਨਾਨਕਸਰ ਸੰਪਰਦਾਇ ਦੇ ਬਾਨੀ ਸਨ। ਇਸ ਤੋਂ ਲੱਗਦਾ ਹੈ ਕਿ ਭਾਈ ਭਗਵਾਨ ਸਿੰਘ ਜੀ ਦੀ ਬਾਕੀ ਦੀ ਗੱਲ ਵਿੱਚ ਵੀ ਸੱਚਾਈ ਨਹੀਂ ਹੈ।

*- **ਡਾ. ਪ੍ਰਵਮਣ ਸਿੰਘ ਸੰਧੂ***
ਨੀਂਸਗ (ਕਰਨਾਲ) ਹਰਿਆਣਾ।

- o -

ਸੰਪਾਦਕ ਜੀ, ਜੈ ਤਰਕ !

ਵਿਗਿਆਨ ਜੋਤ 'ਅਕਤੂਬਰ-ਨਵੰਬਰ' ਅੰਕ ਪੜ੍ਹਿਆ। ਪਹਿਲੇ ਅੰਕਾਂ ਵਾਂਗ ਇਸ ਅੰਕ ਦਾ ਸਾਰਾ ਮੈਟਰ ਵੀ ਤਰਕ ਦੀ ਕਸੌਟੀ 'ਤੇ ਖਰਾ ਉਤਰਨ ਵਾਲਾ ਹੈ। ਵਿਗਿਆਨ ਜੋਤ ਦੀ ਹੋਰ ਵਿਗਿਆਨਕ ਜਾਣਕਾਰੀ ਵਾਲੇ ਮੈਗਜ਼ੀਨਾਂ ਤੋਂ ਵਿਲੱਖਣਤਾ ਇਸ ਗੱਲ ਵਿੱਚ ਹੈ ਕਿ ਇਹ ਮੈਗਜ਼ੀਨ ਜਿੱਥੇ ਵਿਗਿਆਨਕ ਜਾਣਕਾਰੀ ਦਿੰਦਾ ਹੈ, ਉਥੇ ਦਿਲਚਸਪ ਵੀ ਹੈ। ਜਦੋਂ ਕਿ ਵਿਗਿਆਨਕ ਜਾਣਕਾਰੀ ਵਾਲੇ ਮੈਗਜ਼ੀਨ ਆਮ ਤੌਰ 'ਤੇ ਬੋਝਲ ਸ਼ਬਦਾਵਲੀ ਵਾਲੇ ਅਤੇ ਅਕਾਊ ਜਿਹੇ ਹੁੰਦੇ ਹਨ। ਵਿਸ਼ੇ ਪੱਖੋਂ ਆਪ ਜੀ ਦਾ ਮੈਗਜ਼ੀਨ ਸਲਾਹੁਣਯੋਗ ਹੈ ਪਰ ਰੂਪਕ ਪੱਖ ਤੋਂ ਵਿਸ਼ੇਸ਼ ਧਿਆਨ ਦੀ ਮੰਗ ਕਰਦਾ ਹੈ। ਸ਼ਬਦ-ਜੋੜਾਂ ਅਤੇ ਵਿਸ਼ਰਾਮ ਚਿੰਨਾਂ ਦੀਆਂ ਗਲਤੀਆਂ ਵੱਲ ਉਚੇਚਾ ਧਿਆਨ ਦੇਣ ਦੀ ਲੋੜ ਹੈ। ਅਜਿਹੀਆਂ ਗਲਤੀਆਂ ਪ੍ਰਭਾਵਸ਼ਾਲੀ ਰਚਨਾ ਦੇ ਪਾਠਕ ਦੇ ਮਨ ਉਪਰ ਪੈ ਰਹੇ ਪ੍ਰਭਾਵ ਨੂੰ ਘੱਟ ਕਰ ਦਿੰਦੀਆਂ ਹਨ। ਕ੍ਰਿਪਾ ਕਰਕੇ ਅੱਗੇ ਤੋਂ ਪਰਚੇ ਦੀਆਂ ਲਿਖਤਾਂ ਵਿਚਲੀਆਂ ਸ਼ਬਦ-ਜੋੜਾਂ ਅਤੇ ਵਿਸ਼ਰਾਮ ਚਿੰਨਾਂ ਦੀ ਵਰਤੋਂ ਦੀਆਂ ਗਲਤੀਆਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ ਤਾਂ ਕਿ ਆਪ ਜੀ ਦੇ ਪਰਚੇ ਵਿੱਚ ਹੋਰ ਨਿਖਾਰ ਆ ਸਕੇ।

*- **ਸਰਬਜੀਤ ਕੌਰ ਜੱਸ**, ਘੁੰਮਣ ਨਗਰ, ਸਰਹਿੰਦ ਰੋਡ, ਪਟਿਆਲਾ।*

ਸਤਿਕਾਰਯੋਗ ਸ੍ਰੀ ਮੇਘਰਾਜ ਮਿੱਤਰ ਜੀ - ਜੈ ਵਿਗਿਆਨ

ਵੈਸੇ ਤਾਂ ਵਿਗਿਆਨ ਜੋਤ ਦਾ ਹਰ ਸ਼ਬਦ ਪੜ੍ਹਣਯੋਗ ਹੈ। ਪਰੰਤੂ ਅਕਤੂਬਰ-ਨਵੰਬਰ 2011 ਦੇ ਅੰਕ ਵਿੱਚ 'ਜਦੋਂ ਝੀਲ ਵਿੱਚੋਂ ਕੱਢੀ ਕੁੜੀ' ਦਾ ਆਪ ਜੀ ਨੇ ਠੀਕ ਕੀਤਾ ਸ਼ਲਾਘਾਯੋਗ ਹੈ।

ਕਹਾਣੀ 'ਪਿੰਡ ਦੀ ਸੱਥ' ਲੇਖਕ ਗੁਰਮੀਤ ਧੱਲੇਕੇ ਦੀ ਲਿਖੀ ਬਹੁਤ ਵਧੀਆ ਲੱਗੀ।

ਭੋਲਾ ਨੰਬਰਦਾਰ ਦਿਆਲਪੁਰਾ ਦਾ ਲਿਖਿਆ ਕਾਵਿ ਵਿਅੰਗ 'ਬਾਬਾ ਬਣ ਲਈ' ਪ੍ਰਸ਼ੰਸ਼ਾਯੋਗ ਹੈ। ਮੈਂ ਉਨ੍ਹਾਂ ਨੂੰ ਵਧਾਈ ਵੀ ਦੇ ਚੁੱਕਿਆ ਹਾਂ।

- ਸੁਖਦੇਵ ਚੰਦ

"ਸਮੇਂ ਦਾ ਮਹੱਤਵ ਜਾਣੋ"

ਸਾਲ ਦੇ ਸਮੇਂ ਦਾ ਮਹੱਤਵ.....ਉਸ ਵਿਦਿਆਰਥੀ ਤੋਂ ਪੁੱਛੋਂ, ਜੋ ਸਲਾਨਾ ਪ੍ਰੀਖਿਆ ਵਿੱਚ ਫੇਲ੍ਹ ਹੋਇਆ ਹੋਵੇ।

ਮਹੀਨੇ ਦੇ ਸਮੇਂ ਦਾ ਮਹੱਤਵ.....ਉਸ ਮਾਂ ਤੋਂ ਪੁੱਛੋਂ ਜਿਸਨੇ ਕੁਝ ਸਮੇਂ ਪਹਿਲਾਂ ਬੱਚੇ ਨੂੰ ਜਨਮ ਦਿੱਤਾ ਹੋਵੇ।

ਦਿਨ ਦੇ ਸਮੇਂ ਦਾ ਮਹੱਤਵ.....ਉਸ ਮਜ਼ਦੂਰ ਤੋਂ ਪੁੱਛੋਂ, ਜੋ ਦਿਹਾੜੀ ਤੇ ਕੰਮ ਕਰਦਾ ਹੋਵੇ।

ਘੰਟੇ ਦੇ ਸਮੇਂ ਦਾ ਮਹੱਤਵ.....ਉਸ ਮਰੀਜ਼ ਤੋਂ ਪੁੱਛੋਂ, ਜੋ ਪਿਛਲੇ ਘੰਟੇ ਹੋਏ, ਖਤਰੇ ਦੇ ਅਪ੍ਰੇਸ਼ਨ ਤੋਂ ਬਚ ਗਿਆ ਹੋਵੇ।

ਮਿੰਟ ਦੇ ਸਮੇਂ ਦਾ ਮਹੱਤਵ.....ਉਸ ਯਾਤਰੀ ਤੋਂ ਪੁੱਛੋਂ, ਜਿਸਦੀ ਟ੍ਰੇਨ ਲੰਘ ਚੁੱਕੀ ਹੋਵੇ।

ਸੈਕਿੰਡ ਦੇ ਸਮੇਂ ਦਾ ਮਹੱਤਵ.....ਉਸ ਦੌੜਾਕ ਤੋਂ ਪੁੱਛੋਂ, ਜੋ ਰੇਸ ਵਿੱਚੋਂ ਸੈਕਿੰਡ ਦੇ ਫਰਕ ਨਾਲ ਤਗਮੇ ਤੋਂ ਵਾਂਝਾ ਰਹਿ ਗਿਆ ਹੋਵੇ।

- ਅਮਰੀਕ ਮਾਨਾਂ ਪਿੰਡ - ਮਾਨਾਂ, ਧੂਰੀ (ਸੰਗਰੂਰ)।

ਸਹਿਯੋਗ

ਗੁਰਮੀਤ ਸਿੰਘ ਮੱਲ੍ਹਾ ਨੇ ਆਪਣੇ ਪਿਤਾ ਦਾ ਸਰੀਰ ਹਸਪਤਾਲ ਨੂੰ ਦਾਨ ਦਿੱਤਾ ਹੈ। ਉਨ੍ਹਾਂ ਨੇ ਆਪਣੇ ਪਿਤਾ ਦੇ ਸਰਧਾਂਜਲੀ ਸਮਾਗਮ ਤੇ ਤਰਕਸ਼ੀਲ ਸੁਸਾਇਟੀ ਭਾਰਤ ਨੂੰ 1100/- ਦਾਨ ਵਜੋਂ ਭੇਜੇ ਹਨ। ਸੰਸਥਾ ਅਤੇ ਅਦਾਰਾ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹੈ।

'ਵਿਗਿਆਨ ਜੋਤ' ਹੁਣ ਹਿੰਦੀ ਚ ਵੀ

ਤੁਹਾਡਾ ਹਰਮਨ ਪਿਆਰਾ ਮੈਗਜ਼ੀਨ ਵਿਗਿਆਨ ਜੋਤ ਹੁਣ ਹਿੰਦੀ ਵਿੱਚ ਵੀ ਉਪਲੱਬਧ ਹੈ। ਹਿੰਦੀ ਵਿੱਚ ਇਹ ਮੈਗਜ਼ੀਨ ਹਰਿਆਣਾ ਦੇ ਤਰਕਸ਼ੀਲ ਸਾਥੀਆਂ ਦੇ ਸਹਿਯੋਗ ਨਾਲ ਚਲਾਇਆ ਜਾ ਰਿਹਾ ਹੈ। ਵਧੇਰੇ ਜਾਣਕਾਰੀ ਲਈ ਤੁਸੀਂ ਸਾਥੀ ਗੁਰਮੀਤ ਅੰਬਾਲਾ ਜੀ ਨਾਲ ਉਨ੍ਹਾਂ ਦੇ ਫੋਨ ਨੰ: 094160-36203 'ਤੇ ਸੰਪਰਕ ਕਰ ਸਕਦੇ ਹੋ।

ਸ਼ੋਕ ਸਮਾਚਾਰ

ਤਰਕਸ਼ੀਲ ਸੁਸਾਇਟੀ ਭਾਰਤ ਦੇ ਸੂਬਾ ਕਮੇਟੀ ਮੈਂਬਰ ਗੁਰਪ੍ਰੀਤ ਸਿੰਘ ਮੱਲ੍ਹੋਕੇ ਜੀ ਦੇ ਪਿਤਾ ਜੀ ਸਾਨੂੰ ਸਦੀਵੀਂ ਵਿਛੋੜਾ ਦੇ ਗਏ ਹਨ। ਅਦਾਰਾ ਵਿਗਿਆਨ ਜੋਤ ਦੁੱਖ ਭਰੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਾ ਹੈ।

ਗਿਆਨ ਦਾ ਖ਼ਜ਼ਾਨਾ

ਵਿਗਿਆਨ ਜੋਤ

✪ ਮੈਂਬਰਸ਼ਿਪ ਫੀਸ ਇੱਕ ਸਾਲ ਲਈ 80/- ✪ ਦੋ ਸਾਲ ਲਈ 150/- ✪ ਉਮਰ ਭਰ (15 ਸਾਲ ਲਈ) 1000/-

ਹੁਣ ਤੁਸੀਂ ਘਰ ਬੈਠੇ ਵੀ ਵੀਪੀਪੀ ਰਾਹੀਂ 'ਵਿਗਿਆਨ ਜੋਤ' ਮੰਗਵਾ ਸਕਦੇ ਹੋ, ਵਧੇਰੇ ਜਾਣਕਾਰੀ ਲਈ ਫ਼ੋਨ ਨੰਬਰ 01679 241744 'ਤੇ ਸੰਪਰਕ ਕਰੋ।

ਪਤਾ: ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ, ਗਲੀ ਨੰਬਰ 8, ਬਰਨਾਲਾ - 148101

Email : tarksheel@yahoo.com Web site : www.tarksheel.com

ਭਾਰਤ ਦੀ ਅਸਲ ਤਸਵੀਰ.....

ਆਓ ਭਾਰਤ ਦੇ ਅਸਲ ਆਰਥਕ ਵਾਧੇ ਦੇ ਵਡੇਰੇ ਮੁੱਦੇ ਨੂੰ ਮੁਖ਼ਾਤਬ ਹੋਈਏ। ਸਰਕਾਰ ਦੇ ਆਰਥਕ ਸਰਵੇਖਣ 2009-10 ਨੇ ਸਹੀ ਟਿੱਪਣੀ ਕੀਤੀ ਹੈ: 'ਸਾਂਝ ਭਾਵੀ ਆਰਥਕ ਵਾਧੇ 'ਚ ਰੁਚੀ ਰੱਖਦੀ ਕੌਮ ਇਕੋ ਹੀ ਆਰਥਕ ਵਾਧੇ ਨੂੰ ਵੱਖੋ-ਵੱਖਰੇ ਢੰਗ ਨਾਲ ਲੈਂਦੀ ਹੈ ਇਸ 'ਤੇ ਮੁਨੱਸਰ ਕਰਦਿਆਂ ਕਿ ਕੀ ਆਰਥਕ ਵਾਧੇ ਦੇ ਫ਼ਾਇਦੇ ਮੁੱਖ ਤੌਰ 'ਤੇ ਇਕ ਨਿੱਕੇ ਜਹੇ ਹਿੱਸੇ ਦੇ ਹੱਥਾਂ 'ਚ ਜਮ੍ਹਾਂ ਹੁੰਦੇ ਹਨ ਜਾਂ ਵਿਆਪਕ ਤੌਰ 'ਤੇ ਵਸੋਂ 'ਚ ਤਕਸੀਮ ਹੁੰਦੇ ਹਨ। ਮਗਰਲੀ ਕਿਸਮ ਦੇ ਵਾਧੇ ਦੇ ਜਸ਼ਨ ਤਾਂ ਸਮਝ ਆਉਂਦੇ ਹਨ ਪਰ ਪਹਿਲੀ ਕਿਸਮ ਦੇ ਨਹੀਂ। ਦੂਜੇ ਲਫ਼ਜ਼ਾਂ 'ਚ, ਆਰਥਕ ਵਾਧੇ ਨੂੰ ਆਪਣੇ ਆਪ 'ਚ ਅੰਤ ਵਜੋਂ ਨਹੀਂ ਸਗੋਂ ਸਾਰਿਆਂ ਨੂੰ ਖੁਸ਼ਹਾਲੀ ਵੰਡਣ ਦੇ ਸਾਧਨ ਵਜੋਂ ਲੈਣਾ ਚਾਹੀਦਾ ਹੈ।' ਫੇਰ ਇਹ ਪ੍ਰਤੀ ਜੀਅ ਕੁਲ ਘਰੇਲੂ ਉਪਜ 'ਚ ਆਰਥਕ ਵਾਧਾ ਦੇਸ਼ ਦੀ ਪ੍ਰਤੀ ਜੀਅ ਖ਼ਪਤ ਖ਼ਰਚਾ ਦਿਖਾਉਂਦੇ ਹੋਏ ਦਰਸਾਉਂਦਾ ਹੈ ਕਿ ਦੇਸ਼ ਵਿਚ ਸਾਂਝ ਭਾਵੀ ਆਰਥਕ ਵਾਧਾ ਕਿਵੇਂ ਹੋਇਆ। ਪਰ ਮੈਨੂੰ ਇਹ ਖ਼ਦਸ਼ਾ ਹੈ ਇਹ ਅੰਕੜੇ ਸਹੀ ਤਸਵੀਰ ਪੇਸ਼ ਨਹੀਂ ਕਰਦੇ ਕਿਉਂਕਿ ਇਹ ਇਕ ਅਰਬਪਤੀ ਅਤੇ ਇਕ ਕੰਗਾਲੀ ਦਾ ਸ਼ਿਕਾਰ ਬੰਦੇ ਦੀ ਆਮਦਨ ਅਤੇ ਦੌਲਤ ਦੀ ਔਸਤ ਕੱਢਦੇ ਹਨ ਅਤੇ ਉਨ੍ਹਾਂ ਨੂੰ ਸਾਂਝੀ ਸ਼੍ਰੇਣੀ 'ਚ ਰੱਖ ਦਿੰਦੇ ਹਨ। ਭਾਰਤ ਵਿਚ ਇਹ ਕਾਣ ਵਿਸ਼ੇਸ਼ ਰੂਪ 'ਚ ਹੈ ਜਿਥੇ ਕੁਝ ਘਰਾਣਿਆਂ ਦੀ ਦੌਲਤ ਸਾਡੀ ਜੀ ਡੀ ਪੀ ਦੇ 25 ਫ਼ੀ ਸਦੀ ਦੇ ਬਰਾਬਰ ਹੈ।

ਅਸਲ ਵਿਚ ਕੁਲ ਸਰਕਾਰੀ ਸੂਚਕ ਦੇਸ਼ ਅੰਦਰਲੀ ਭਿਆਨਕ ਤਸਵੀਰ ਦਿਖਾ ਰਹੇ ਹਨ ਜੋ ਸਰਕਾਰ ਵਲੋਂ ਪੇਸ਼ ਕੀਤੀ ਜਾ ਰਹੀ ਗੁਲਾਬੀ ਤਸਵੀਰ ਦੇ ਪੂਰੀ ਤਰ੍ਹਾਂ ਉਲਟ ਹੈ। ਆਲਮੀ ਭੁੱਖਮਰੀ ਸੂਚਕ-2010 ਵਿਚ 88 ਦੇਸ਼ਾਂ ਅੰਦਰ ਭਾਰਤ ਦਾ ਸਥਾਨ 67ਵਾਂ ਹੈ—2009 'ਚ ਇਸਦਾ ਸਥਾਨ 65ਵਾਂ ਸੀ। ਜੇ ਅਸੀਂ ਪਿੱਛੇ ਜਹੇ ਵਿਕਸਤ ਕੀਤੇ ਯੂ ਐੱਨ ਡੀ ਪੀ ਬਹੁਪਸਾਰੀ ਗ਼ਰੀਬੀ ਸੂਚਕ (MPI) ਨੂੰ ਲਈਏ, ਜੋ ਆਮਦਨੀ, ਸਿਹਤ, ਸਿਖਿਆ ਵਗੈਰਾ ਦੇ ਅਧਾਰ 'ਤੇ ਆਮਦਨੀ ਦਾ ਹਿਸਾਬ-ਕਿਤਾਬ ਲਾਉਂਦਾ ਹੈ, ਤਾਂ ਹਾਲਤ ਹੋਰ ਵੀ ਮਾੜੀ ਨਜ਼ਰ ਆਉਂਦੀ ਹੈ।

ਇਹ ਕਹਿੰਦਾ ਹੈ, ਭਾਰਤ 'ਚ 65 ਕਰੋੜ ਲੋਕ ਇਸ ਸੂਚਕ ਅਨੁਸਾਰ ਗ਼ਰੀਬ ਹਨ। ਇਸ ਦਾ ਭਾਵ ਹੈ 55 ਫ਼ੀ ਸਦੀ ਵਸੋਂ। ਭਾਰਤ ਦੇ ਅੱਠ ਸੂਬੇ (ਬਿਹਾਰ, ਝਾਰਖੰਡ, ਛੱਤੀਸਗੜ੍ਹ, ਮੱਧ ਪ੍ਰਦੇਸ਼, ਰਾਜਸਥਾਨ, ਉੱਤਰ ਪ੍ਰਦੇਸ਼ ਅਤੇ ਪੱਛਮੀ ਬੰਗਾਲ) ਦੇ ਲੋਕਾਂ ਦੀ ਗਿਣਤੀ ਅਫ਼ਰੀਕਾ ਦੇ 26 ਦੇਸ਼ਾਂ ਦੀ ਗਿਣਤੀ ਨਾਲੋਂ ਵੱਧ ਹੈ।

ਸੰਯੁਕਤ ਰਾਸ਼ਟਰ ਦੇ ਬਾਲ ਫੰਡ (UNICEF) ਅਨੁਸਾਰ, ਕੁਪੋਸ਼ਣ ਦਾ ਸ਼ਿਕਾਰ (ਪੰਜ ਸਾਲ ਤੋਂ ਘੱਟ ਉਮਰ ਦੇ) ਬੱਚਿਆਂ ਦੀ ਗਿਣਤੀ ਪੱਖੋਂ ਭਾਰਤ ਦਾ ਦਰਜਾ ਸਿਰਫ਼ ਇਥੋਪੀਆ ਨਾਲੋਂ ਬਿਹਤਰ ਹੈ। 2008 'ਚ, ਕੁਪੋਸ਼ਣ ਦਾ ਸ਼ਿਕਾਰ ਬੱਚਿਆਂ ਦੀ ਫ਼ੀ ਸਦੀ ਇਥੋਪੀਆ 'ਚ 51, ਭਾਰਤ ਵਿਚ 48, ਕਾਂਗੋ 'ਚ 46, ਤਨਜ਼ਾਨੀਆ 'ਚ 44, ਬੰਗਲਾ ਦੇਸ਼ 'ਚ 43, ਪਾਕਿਸਤਾਨ 'ਚ 42, ਨਾਈਜੀਰੀਆ 'ਚ 41 ਅਤੇ ਇੰਡੋਨੇਸ਼ੀਆ 'ਚ 37 ਸੀ।

ਖਾਣੇ ਦਾ ਅਧਿਕਾਰ ਮੁਹਿਮ ਕਹਿੰਦੀ ਹੈ ਕਿ ਸਾਡੇ ਦੇਸ਼ ਦੀਆਂ ਦੋ-ਤਿਹਾਈ ਔਰਤਾਂ 'ਚ ਖ਼ੂਨ ਦੀ ਘਾਟ ਹੈ। ਭਾਰਤ ਵਿਚ ਪਿੱਛੇ ਜਹੇ ਤਿਆਰ ਕੀਤੇ 'ਮੌਤ ਦੀ ਗੁਣਵੱਤਾ' ਸੂਚਕ 'ਚ ਇਸ ਦਾ ਸਥਾਨ ਬਹੁਤ ਹੇਠਾਂ ਹੈ। ਜ਼ਿੰਦਗੀ ਦੇ ਆਖ਼ਰੀ ਸਮੇਂ ਸਾਂਭ-ਸੰਭਾਲ ਦੀ ਸਹੂਲਤ ਦੇ ਅਧਾਰ 'ਤੇ ਇਹ ਨਵਾਂ ਅਧਿਐਨ 40 ਵਿਕਸਤ ਦੇਸ਼ਾਂ ਦੇ ਵਿਕਸਤ ਅਤੇ 'ਉੱਭਰ ਰਹੇ' ਅਰਥਚਾਰਿਆਂ 'ਚ ਜ਼ਿੰਦਗੀ ਦੀ ਗੁਣਵੱਤਾ ਅਤੇ ਬਜ਼ੁਰਗਾਂ ਅਤੇ ਮਰਨ ਕੰਢੇ ਪਹੁੰਚੇ ਵਿਅਕਤੀਆਂ ਦੀ ਸਾਂਭ-ਸੰਭਾਲ ਦੀ ਘੋਖ-ਪੜਤਾਲ ਕਰਦਾ ਹੈ। ਦਸ ਦੇਸ਼ਾਂ ਦੇ ਪੈਮਾਨੇ 'ਚ ਅਮਰੀਕਾ ਦਾ ਦਰਜਾ 6.2 ਸੀ ਜਦਕਿ ਭਾਰਤ ਦਾ 1.9 ਸੀ। ਹਾਲਤ ਐਨੀ ਤਰਸਯੋਗ ਹੈ ਕਿ ਦੱਖਣੀ ਅਫ਼ਰੀਕਾ ਵਰਗੇ ਦੇਸ਼ ਦਾ ਸੂਚਕ ਵੀ ਭਾਰਤ ਤੋਂ ਦੁੱਗਣਾ ਹੈ ਜੋ ਭਾਰਤ ਦੋਂ ਬਾਅਦ ਆਜ਼ਾਦ ਹੋਇਆ ਸੀ।

ਸਾਡੇ ਦੇਸ 'ਚ ਪੀਣ ਵਾਲਾ ਪਾਣੀ ਐਨਾ ਦੂਸ਼ਿਤ ਹੈ ਕਿ ਇਹ ਮੌਤ ਦਾ ਇਕ ਵੱਡਾ ਕਾਰਨ ਬਣ ਗਿਆ ਹੈ।

ਸੰਯੁਕਤ ਰਾਸ਼ਟਰ (ਯੂ ਐੱਨ) ਅਨੁਸਾਰ, ਭਾਰਤ ਵਿਚ ਇਕ ਲੱਖ ਲੋਕ ਹਰ ਸਾਲ ਗੰਦੇ ਪਾਣੀ ਤੋਂ ਲੱਗਣ ਵਾਲੀਆਂ ਬੀਮਾਰੀਆਂ ਨਾਲ ਮਰਦੇ ਹਨ। ਯੋਜਨਾ ਕਮਿਸ਼ਨ ਦੀ ਰਿਪੋਰਟ ਕਹਿੰਦੀ ਹੈ ਕਿ 600 ਤੋਂ ਵੱਧ ਜ਼ਿਲ੍ਹਿਆਂ ਵਿਚੋਂ, ਤੀਜਾ ਹਿੱਸਾ (203) ਜ਼ਿਲ੍ਹਿਆਂ ਅੰਦਰ ਪੀਣ ਵਾਲੇ ਪਾਣੀ 'ਚ ਫਲੋਰਾਇਡ ਦਾ ਅੰਸ਼ ਪਾਇਆ ਗਿਆ ਹੈ ਜੋ 65 ਕਰੋੜ ਲੋਕਾਂ ਨੂੰ ਫਲੂਰਾਇਸਿਸ ਬੀਮਾਰੀ ਦਾ ਕਾਰਨ ਹੈ। ਪੈਂਤੀ ਜ਼ਿਲ੍ਹਿਆਂ ਦੇ ਪਾਣੀ 'ਚ ਸੰਖੀਏ ਦਾ ਉਚੇਰਾ ਅੰਸ਼ ਪਾਇਆ ਗਿਆ ਹੈ ਜਿਸ ਦੇ ਸਿੱਟੇ ਵਜੋਂ 50 ਲੱਖ ਲੋਕ ਜ਼ਹਿਰ ਤੋਂ ਪੀੜਤ ਹਨ; 206 ਜ਼ਿਲ੍ਹਿਆਂ 'ਚ ਲੋਹੇ ਦਾ ਅੰਸ਼ ਜ਼ਿਆਦਾ ਹੈ ਅਤੇ 109 ਜ਼ਿਲ੍ਹਿਆਂ 'ਚ ਨਾਈਟਰੇਟ ਦਾ ਅੰਸ਼ ਵੱਧ ਹੈ। ਫੇਰ, ਭਾਰਤ ਦੇ ਜਨਰਲ ਰਜਿਸਟਰਾਰ ਦੀ ਅਗਵਾਈ 'ਚ ਹੋਏ ਅਧਿਐਨ ਅਨੁਸਾਰ, ਹਰ ਸਾਲ 14 ਲੱਖ ਬੱਚੇ ਪੰਜ ਕਾਬਲੇ-ਇਲਾਜ ਬੀਮਾਰੀਆਂ ਨਾਲ ਮਰ ਜਾਂਦੇ ਹਨ।

ਇਸ ਵਿਚ ਅੱਠ ਲੱਖ ਉਹ ਬੱਚੇ ਸ਼ਾਮਲ ਹਨ ਜੋ ਜਨਮ ਲੈਣ ਤੋਂ ਇਕ ਮਹੀਨੇ ਦੇ ਅੰਦਰ ਮਰ ਜਾਂਦੇ ਹਨ। ਅਧਿਐਨ 'ਚ ਕਿਹਾ ਗਿਆ ਹੈ ਕਿ ਸਿਰਫ਼ 2005 'ਚ 23 ਲੱਖ ਬੱਚੇ ਜ਼ਿੰਦਗੀ ਦੇ ਪੰਜ ਸਾਲ ਪੂਰੇ ਕਰਨ ਤੋਂ ਪਹਿਲਾਂ ਹੀ ਦਮ ਤੋੜ ਗਏ, ਅਤੇ ਇਨ੍ਹਾਂ ਵਿਚੋਂ 14 ਲੱਖ ਬੱਚੇ ਨਮੂਨੀਆ, ਟੱਟੀਆਂ-ਉਲਟੀਆਂ ਵਰਗੀਆਂ ਕਾਬਲੇ-ਇਲਾਜ ਬੀਮਾਰੀਆਂ ਕਾਰਨ ਮਰੇ।

ਕੋਈ ਵੀ ਸਪਸ਼ਟ ਦੇਖ ਸਕਦਾ ਹੈ ਕਿ ਭਾਰਤ ਇਕ 'ਬੀਮਾਰ' ਕੌਮ ਹੈ, ਜਿਸਦਾ ਸਿਹਤ ਸੰਭਾਲ ਉੱਪਰ ਕੌਮੀ ਖ਼ਰਚ ਦੁਨੀਆ 'ਚ ਸਭ ਤੋਂ ਘੱਟ ਹੈ। ਸੂਬਾ ਸਰਕਾਰਾਂ ਹੁਣ ਸਿਹਤ ਸੰਭਾਲ ਅਤੇ ਸਾਫ਼-ਸਫ਼ਾਈ ਉੱਪਰ ਮੁਸ਼ਕਲ ਨਾਲ ਹੀ ਆਪਣੀ ਜੀ ਡੀ ਪੀ ਦਾ 0.5 ਫ਼ੀ ਸਦੀ ਖ਼ਰਚ ਕਰਦੀਆਂ ਹਨ, ਇਸ ਦੀ ਤੁਲਨਾ 'ਚ '70ਵਿਆਂ 'ਚ ਇਹ ਇਕ ਫ਼ੀ ਸਦੀ ਸੀ। ਭਾਰਤ ਦੀ ਮਹਿਜ਼ 34 ਫ਼ੀਸਦੀ ਵਸੋਂ ਦੀ ਪਹੁੰਚ ਸਰਕਾਰੀ ਹਸਪਤਾਲਾਂ ਤੱਕ ਹੈ।

ਜੇ ਖ਼ੁਰਾਕ ਦੇ ਮੁੱਦੇ ਉੱਪਰ ਨਜ਼ਰ ਮਾਰੀਏ, ਹਾਲਤ ਇਥੇ ਵੀ ਇੰਨੀ ਹੀ ਮਾੜੀ ਹੈ। ਅੰਨ ਦੀ ਪ੍ਰਤੀ ਜੀਅ ਖ਼ਪਤ ਜੋ 1991 'ਚ 177 ਕਿਲੋ ਸੀ ਉਹ 1998 'ਚ 151 ਕਿਲੋ ਰਹਿ ਗਈ (ਹੁਣ ਇਹ ਹੋਰ ਵੀ ਘੱਟ ਗਈ ਹੈ) ਜ਼ਰਾ ਇਸ ਦਾ ਮੁਕਾਬਲਾ ਐੱਲ ਡੀ ਸੀ (ਘੱਟ ਵਿਕਸਤ ਦੇਸ਼ਾਂ) ਦੀ ਖ਼ਪਤ ਨਾਲ ਕਰੋ ਜਿਥੇ ਖ਼ਪਤ 182 ਕਿਲੋ ਹੈ ਅਤੇ ਅਫ਼ਰੀਕਾ ਵਿਚ 196 ਕਿਲੋ।

ਐਨੀ ਭਿਆਨਕ ਹੈ ਸਾਡੇ ਦੇਸ਼ ਦੇ ਲੋਕਾਂ ਦੀ ਹਾਲਤ—ਉਹ ਵੀ ਆਜ਼ਾਦੀ ਦੇ ਛੇ ਦਹਾਕਿਆਂ ਬਾਅਦ। ਇਹ ਸੱਚੀਓਂ ਹੀ ਘੋਰ ਚਿੰਤਾ ਦਾ ਮਾਮਲਾ ਹੈ। ਅਤੇ, ਸਾਡੇ ਇਖ਼ਲਾਕੀ ਤਾਣੇਬਾਣੇ 'ਚ ਮੁਕੰਮਲ ਨਿਘਾਰ (ਭ੍ਰਿਸ਼ਟਾਚਾਰ, ਲਾਲਚ, ਭਾਈਭਤੀਜਾਵਾਦ) ਦੇ ਨਾਲ-ਨਾਲ ਸਾਡੀ ਜ਼ਮੀਨ, ਜੰਗਲਾਂ ਅਤੇ ਜਲ ਦੇ ਵਸੀਲਿਆਂ ਦੀ ਤਬਾਹੀ ਕੀ ਇਹ ਪ੍ਰਸ਼ਾਸਨਿਕ ਨੀਤੀਆਂ ਨੂੰ ਬਿਹਤਰ ਬਣਾਉਣ ਲਈ ਵੱਖੋ-ਵੱਖਰੇ ਬਦਲਵੇਂ ਮਾਡਲਾਂ ਬਾਰੇ ਵਿਚਾਰ ਕਰਨ ਦਾ ਵਕਤ ਨਹੀਂ ਹੈ?

ਜੋ ਲੋਕ ਸਾਡੇ ਦੇਸ ਅਤੇ ਇਸਦੇ ਭਵਿੱਖ ਬਾਰੇ ਗੰਭੀਰ ਹਨ, ਉਨ੍ਹਾਂ ਨੂੰ ਪੇਸ਼ ਕੀਤੇ ਜਾ ਰਹੇ ਵੱਖੋ-ਵੱਖਰੇ ਮਾਡਲਾਂ ਅਤੇ ਨੀਤੀਆਂ—ਜਿਵੇਂ ਕੌਮੀ ਸਲਾਹਕਾਰ ਕੌਂਸਲ (ਐੱਨ ਏ ਸੀ), ਵੱਖੋ-ਵੱਖਰੇ ਕਮਿਸ਼ਨਾਂ ਦੀਆਂ ਰਿਪੋਰਟਾਂ, ਮਾਓਵਾਦੀਆਂ ਅਤੇ ਸਿਵਲ ਸੋਸਾਇਟੀ ਦੇ ਵਿਚਾਰ ਵਗ਼ੈਰਾ)—ਨੂੰ ਗੰਭੀਰਤਾ ਨਾਲ ਵਿਚਾਰਨ ਦੀ ਲੋੜ ਹੈ। ਜਿਥੋਂ ਤੱਕ ਮਾਓਵਾਦੀ ਨਜ਼ਰੀਏ ਦਾ ਸਬੰਧ ਹੈ, ਇਹ ਕਿਤਾਬ ਸ਼ਾਨਦਾਰ ਜਾਣਕਾਰੀ ਦਿੰਦੀ ਹੈ। ਆਮ ਅਧਿਐਨ ਤੋਂ ਇਲਾਵਾ, ਇਹ ਕਿਤਾਬ ਸਰਕਾਰ ਅਤੇ ਮਾਓਵਾਦੀਆਂ ਦਰਮਿਆਨ ਭਵਿੱਖ ਦੀ ਕਿਸੇ ਗੱਲਬਾਤ ਲਈ ਫ਼ਾਇਦੇਮੰਦ ਹੋ ਸਕਦੀ ਹੈ ਜਿਸ ਦੀ ਤੱਦੀ ਨਾਲ ਲੋੜ ਹੈ।

ਕੁਲਮਿਲਾਕੇ ਇਹ ਕਿਤਾਬ, ਭਾਰਤ ਵਿਚ ਚਾਰ ਦਹਾਕੇ ਲੰਮੀ ਮਾਓਵਾਦੀ ਲਹਿਰ ਅਤੇ ਆਰਥਿਕਤਾ ਅਤੇ ਸਮਾਜਿਕ ਜ਼ਿੰਦਗੀ ਦੇ ਖੇਤਰਾਂ 'ਚ ਉਨ੍ਹਾਂ ਵਲੋਂ ਪੇਸ਼ ਕੀਤੇ ਬਦਲਾਂ ਦੇ ਬੁਨਿਆਦੀ ਕਾਰਨਾਂ ਨੂੰ ਸਮਝਣ ਲਈ ਲੋਕਾਂ ਦੇ ਵੱਖੋ-ਵੱਖਰੇ ਹਿੱਸਿਆਂ ਲਈ ਬਹੁਤ ਫ਼ਾਇਦੇਮੰਦ ਅਧਿਐਨ ਹੈ। ਰਾਹੁਲ ਨੇ ਅਜੋਕੇ ਭਾਰਤ ਦੇ ਇਕ ਅਹਿਮ ਵਰਤਾਰੇ ਦੇ ਅਧਾਰ 'ਤੇ ਇਹ ਲਿਖਤ ਮੁਹੱਈਆ ਕਰਨ ਲਈ ਘਾਲਣਾ ਘਾਲੀ ਹੈ। ਇਹ ਬਿਹਤਰ ਭਵਿੱਖ ਦਾ ਨਿਰਮਾਣ ਕਰਨ ਲਈ ਸੰਵਾਦ ਰਚਾਏ ਜਾਣ 'ਚ ਸਹਾਇਤਾ ਜ਼ਰੂਰ ਕਰੇਗੀ।

-ਕੋਬਾਡ ਗ਼ਾਂਧੀ, ਤਿਹਾੜ ਜੇਲ੍ਹ*,
ਨਵੀਂ ਦਿੱਲੀ

(*ਕੋਬਾੜ ਤੇ ਦੋਸ਼ ਹੈ ਕਿ ਉਹ ਮਾਓਵਾਦੀ ਹੈ)

ਨਾਟਕਕਾਰ ਗੁਰਸ਼ਰਨ ਸਿੰਘ ਦੀ ਯਾਦ ਵਿੱਚ ਵਿਸ਼ਾਲ ਸਰਧਾਂਜ਼ਲੀ ਸਮਾਰੋਹ

ਕਾਮਰੇਡ ਵਾਰਵਾਰ ਰਾਓ

ਮੋਗਾ, ਮਿਤੀ 23-10-2011 : ਲੋਕ ਨਾਟਕਕਾਰ ਗੁਰਸ਼ਰਨ ਸਿੰਘ ਨਮਿਤ ਹੋਏ ਇੱਕ ਵਿਸ਼ਾਲ ਸਰਧਾਂਜ਼ਲੀ ਸਮਾਰੋਹ ਮੌਕੇ ਬੁਲਾਰਿਆਂ ਨੇ ਕਿਹਾ ਕਿ ਗੁਰਸ਼ਰਨ ਸਿੰਘ ਦਾ ਲੋਕਾਂ ਅਤੇ ਇਨਕਲਾਬੀ ਸਮਾਜਿਕ ਤਬਦੀਲੀ ਨੂੰ ਸਮਰਪਿਤ ਸਮੁੱਚਾ ਜੀਵਨ ਸਮਕਾਲੀ ਬੁੱਧੀਜੀਵੀਆਂ, ਲੇਖਕਾਂ ਅਤੇ ਕਲਾਕਾਰਾਂ ਲਈ ਇੱਕ ਮਿਸਾਲ ਹੈ ਕਿ ਉਹ ਆਪਣੇ ਆਪ ਨੂੰ ਇਨਕਲਾਬੀ ਅਤੇ ਮਾਨਵਤਾਵਾਦੀ ਉਚ ਜੀਵਨ ਆਦਰਸ਼ਾਂ ਨਾਲ ਕਿਵੇ ਇੱਕ-ਮਿੱਕ ਕਰ ਸਕਦੇ ਹਨ। ਖੇਤੀ ਸੀਜ਼ਨ ਦੇ ਐਨ ਸਿਖ਼ਰ ਤੇ ਹੋਣ ਦੇ ਬਾਵਜੂਦ ਗੁਰਸ਼ਰਨ ਸਿੰਘ ਦੀ ਯਾਦ ਵਿੱਚ ਜੁੜਿਆ ਲੋਕਾਂ ਦਾ ਇਹ ਲਾ-ਮਿਸਾਲ ਇਕੱਠ ਇਸ ਗੱਲ ਦਾ ਗਵਾਹ ਬਣਿਆਂ ਕਿ ਮੇਹਨਤਕਸਾਂ ਦੀ ਮੁਕਤੀ ਲਈ ਸਮਰਪਿਤ ਕਿਸੇ ਕਲਾਕਾਰ ਜਾਂ ਲੇਖਕ ਨੂੰ ਕਿਰਤੀ ਲੋਕ ਕਿਸ ਹੱਦ ਤੱਕ ਪਿਆਰਦੇ ਤੇ ਸਤਿਕਾਰਦੇ ਹਨ। ਬੀਤੀ 27 ਸਿਤੰਬਰ ਨੂੰ 82 ਵਰ੍ਹੇ ਦਾ ਸ਼ਾਨਦਾਰ ਤੇ ਜਾਨਦਾਰ ਜੀਵਨ ਮਾਨਣ ਤੋਂ ਬਾਅਦ ਵਿਛੋੜਾ ਦੇ ਗਏ ਕੌਮਾਂਤਰੀ ਪ੍ਰਸਿੱਧੀ ਦੇ ਲੋਕ ਨਾਟਕਕਾਰ, ਸਿਸਟਮ ਖਿਲਾਫ ਨਾਟ ਕਲਾ ਨੂੰ ਤੇਜ਼ਧਾਰ ਹਥਿਆਰ ਵਜੋਂ ਵਰਤਣ ਦੀ ਇੱਕ ਵਿਲੱਖਣ ਤੇ ਯਾਦਗਾਰੀ ਮਿਸਾਲ ਦੇ ਮਾਲਿਕ ਭਾਅ ਜੀ ਗੁਰਸ਼ਰਨ ਸਿੰਘ ਨਾਟਕਕਾਰ ਦੀ ਯਾਦ 'ਚ ਸੂਬਾ ਪੱਧਰੀ ਸਰਧਾਂਜ਼ਲੀ ਸਮਾਰੋਹ ਇੱਥੇ ਗੋਧੇਵਾਲ ਖੇਡ ਸਟੇਡੀਅਮ ਦੇ ਵਿਸ਼ਾਲ ਪੰਡਾਲ ਵਿੱਚ ਆਯੋਜਿਤ ਹੋਇਆ। ਲਾਲ ਪੱਗਾਂ, ਲਾਲ ਝੰਡਿਆਂ, ਬੈਨਰਾਂ ਨਾਲ ਆਪਣੇ ਹਰਮਨ ਪਿਆਰੇ ਲੋਕ ਨਾਇਕ ਨੂੰ ਸਰਧਾਂਜ਼ਲੀ ਦੇਣ ਲਈ ਹਜਾਰਾਂ ਦੀ ਗਿਣਤੀ ਵਿੱਚ 40 ਦੇ ਕਰੀਬ ਜਨਤਕ ਜਥੇਬੰਦੀਆਂ ਦੇ ਵਰਕਰ ਕਾਫਲੇ ਬੰਨ ਕੇ ਪਹੁੰਚੇ। ਹਜਾਰਾਂ ਕਿਸਾਨ, ਮਜਦੂਰ, ਮੁਲਾਜਮ, ਨੌਜਵਾਨ, ਵਿਦਿਆਰਥੀ, ਔਰਤਾਂ, ਬੱਚੇ, ਕਾਫਲੇ ਬੰਨ ਭਾਅ ਜੀ ਗੁਰਸ਼ਰਨ ਸਿੰਘ ਨੂੰ ਲਾਲ ਸਲਾਮ ਦੇ ਆਕਾਸ਼ ਗੁੰਜਾਊ ਨਾਅਰੇ ਲਗਾਉਂਦੇ ਇੱਕ ਵੱਖਰਾ ਤੇ ਅਲੋਕਿਕ ਦ੍ਰਿਸ਼ ਪੇਸ਼ ਕਰ ਰਹੇ ਸਨ। ਗੁਰਸ਼ਰਨ ਸਿੰਘ ਹੁਰਾਂ ਦੇ ਵਿਸ਼ਾਲ ਆਕਾਰੀ ਪੋਰਟਰੇਟ ਨਾਲ ਸਜੇ ਅਤੇ ਝੰਡਿਆਂ ਬੈਨਰਾਂ ਨਾਲ ਫਬ ਰਹੇ ਖਚਾਖਚ ਭਰੇ ਪੰਡਾਲ 'ਚ ਸਭ ਤੋਂ ਪਹਿਲਾਂ ਕ੍ਰਾਂਤੀਕਾਰੀ ਗਾਇਕਾਂ ਅਤੇ ਟੋਲੀਆਂ ਨੇ ਮਰਹੂਮ ਨਾਟਕਕਾਰ ਨੂੰ ਸਰਧਾਂਜ਼ਲੀ ਵਜੋਂ ਇਨਕਲਾਬੀ ਗੀਤ ਪੇਸ਼ ਕੀਤੇ। ਦੋ ਮਿੰਟ ਦਾ ਮੌਨ ਧਾਰ ਕਰਕੇ ਜਿੱਥੇ ਗੁਰਸ਼ਰਨ ਸਿੰਘ ਦੇ ਸੰਗਰਾਮੀ ਜੀਵਨ ਨੂੰ ਸਿੱਜਦਾ ਕੀਤਾ ਗਿਆ, ਉਥੇ ਰੋਹ ਭਰਪੂਰ ਨਾਰ੍ਹਿਆਂ ਰਾਂਹੀ ਉਨ੍ਹਾਂ ਨੂੰ ਲਾਲ ਸਲਾਮ ਪੇਸ਼ ਕੀਤਾ ਗਿਆ। ਸਮਾਗਮ ਦੇ ਆਰੰਭ 'ਚ ਮੋਗਾ ਇਲਾਕੇ ਦੀਆਂ ਨਾਮਵਰ ਸਖਸ਼ੀਅਤਾਂ ਜਿੰਨ੍ਹਾਂ ਵਿੱਚ ਕੇ.ਐਲ.ਗਰਗ, ਮਹਿੰਦਰ ਸਾਥੀ, ਨਾਟਕਕਾਰ ਪਾਲੀ ਭੁਪਿੰਦਰ, ਬਲਦੇਵ ਸਿੰਘ ਸੜਕਨਾਮਾ, ਗੁਰਮੀਤ ਕੜਿਆਲਵੀ, ਪ੍ਰੋ: ਗੁਰਮੇਲ ਸਿੰਘ ਸਿੱਧੂ, ਦੇਸ ਰਾਜ ਜੀਤ, ਡਾ.ਹਰਨੇਕ ਰੋਡੇ ਸ਼ਾਮਿਲ ਸਨ, ਨੇ ਸਰਧਾਂਜ਼ਲੀ ਸਮਾਗਮ ਵਿੱਚ ਪੁੱਜ ਰਹੇ ਲੋਕਾਂ ਦਾ ਮੋਹ ਭਿੱਜਾ ਸਵਾਗਤ ਕੀਤਾ। ਸਮਾਰੋਹ ਦਾ ਸਟੇਜ ਸੰਚਾਲਨ ਕਾਮਰੇਡ ਗੁਰਮੀਤ ਸਿੰਘ ਬਖਤੂਪੁਰਾ ਅਤੇ ਕੰਵਲਜੀਤ ਖੰਨਾ ਨੇ ਕੀਤਾ।

ਸਰਧਾਂਜ਼ਲੀ ਸਮਾਗਮ ਦੇ ਪਲੇਠੇ ਸੰਬੋਧਨ 'ਚ ਸਰਧਾਂਜ਼ਲੀ ਸਮਾਗਮ ਕਮੇਟੀ ਦੇ ਕਨਵੀਨਰ ਪ੍ਰੋਫੈਸਰ ਜਗਮੋਹਣ ਸਿੰਘ ਨੇ ਪੰਜਾਬ ਦੀ ਸਮੁੱਚੀ ਇਨਕਲਾਬੀ ਲੋਕ ਲਹਿਰ ਵੱਲੋਂ ਆਯੋਜਿਤ ਇਸ ਸਮਾਰੋਹ ਨੂੰ ਆਪਣੇ ਲੋਕ ਨਾਇਕ ਦੇ ਅਧੂਰੇ ਸੁਪਨਿਆਂ ਨੂੰ ਪੂਰਾ ਕਰਨ ਦਾ ਸੰਕਲਪ ਲੈਣ ਦਾ ਪਹਿਲਾ ਪੜਾਅ ਕਰਾਰ ਦਿੰਦਿਆਂ ਉਨਾਂ ਦੀ ਵਿਰਾਸਤ ਨੂੰ ਸੰਭਾਲਣ, ਉਨਾਂ ਦੀ ਅਮੁੱਲੀ ਦੇਣ ਤੋਂ ਸਿੱਖਿਆ ਹਾਸਲ ਕਰਨ ਤੇ ਉਨਾਂ ਦੀ ਜੀਵਨ ਇੱਛਾ ਮੁਤਾਬਿਕ ਇੱਕਜੁੱਟ ਇਨਕਲਾਬੀ ਲਹਿਰ ਉਸਾਰਨ ਦਾ ਸੱਦਾ ਦਿੱਤਾ। ਸਮਾਗਮ ਨੂੰ ਪਰਿਵਾਰ ਵੱਲੋਂ ਸੰਬੋਧਨ ਕਰਦਿਆ ਭਾਅ ਜੀ ਗੁਰਸ਼ਰਨ ਸਿੰਘ ਦੀ ਬੇਟੀ ਡਾਕਟਰ ਅਰੀਤ ਨੇ ਮਰਹੂਮ ਪਿਤਾ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਕਿਹਾ ਕਿ ਉਨਾਂ ਦਾ ਸਮਾਜਿਕ ਨਾ-ਬਰਾਬਰੀ ਖ਼ਤਮ ਕਰਕੇ ਬਰਾਬਰੀ ਵਾਲਾ ਇੱਕ ਨਵਾਂ ਸਮਾਜ ਉਸਾਰਨ ਦਾ ਸੁਪਨਾ ਅਧੂਰਾ ਹੈ। ਉਹ ਆਪਣੇ ਆਖਰੀ ਸਾਲਾਂ ਵਿੱਚ ਇਨਕਲਾਬੀ ਲਹਿਰ ਨੂੰ ਪਿੰਡਾਂ ਦੇ ਵਿਹੜਿਆਂ ਵਿੱਚ ਗਰੀਬ, ਦਲਿਤ ਲੋਕਾਂ ਕੋਲ ਜਾਣ ਦਾ ਜੋਰਦਾਰ ਹੋਕਾ ਦੇਂਦੇ ਰਹੇ ਕਿਉਂਕਿ ਸਿਰਫ ਤੇ ਸਿਰਫ ਇਸ ਵਰਗ ਨੂੰ ਹੀ ਬੁਨਿਆਦੀ ਸਮਾਜਿਕ ਤਬਦੀਲੀ ਦੀ ਸਭ ਤੋਂ ਵੱਧ ਜਰੂਰਤ ਹੈ।

ਇਸ ਸਮੇਂ ਆਂਧਰਾ ਪ੍ਰਦੇਸ ਤੋ ਵਿਸ਼ੇਸ਼ ਤੌਰ ਤੇ ਪੁੱਜੇ ਤੇਲਗੂ ਕਵੀ ਅਤੇ ਜਮਹੂਰੀ ਹੱਕਾਂ ਦੀ ਲਹਿਰ ਦੇ ਮੋਢੀ ਕਾਮਰੇਡ ਵਾਰਵਾਰ ਰਾਓ ਨੇ ਆਪਣੇ ਸਰਧਾਂਜ਼ਲੀ ਸੰਬੋਧਨ ਵਿੱਚ ਦੇਸ਼ ਦੀ ਕ੍ਰਾਂਤੀਕਾਰੀ ਲਹਿਰ ਦੀ ਇਸ ਅਜ਼ੀਮ ਹਸਤੀ, ਦੱਬੇ-ਕੁਚਲੇ ਲੋਕਾਂ ਦੀ ਬਲੰਦ ਆਵਾਜ਼ ਅਤੇ ਜਮੂਹਰੀ ਲਹਿਰ ਦੇ ਝੰਡਾ ਬਰਦਾਰ ਦੇ ਤੁਰ ਜਾਣ ਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ। ਦਿੱਲੀ ਤੋਂ ਪੁੱਜੇ ਸਮਕਾਲੀਨ ਤੀਸਰੀ ਦੁਨਿਆ ਦੇ ਸੰਪਾਦਕ ਆਨੰਦ ਸਵਰੂਪ ਵਰਮਾ, ਚਰਚਿਤ ਨਾਟਕਕਾਰ ਪ੍ਰੋ: ਸ਼ਮਸੂਲ ਇਸਲਾਮ (ਜਨਨਾਟਯ ਮੰਚ ਦਿੱਲੀ) ਅਤੇ ਸੰਦੀਪ ਸਿੰਘ ਪ੍ਰਧਾਨ ਜੇ.ਐਨ.ਯੂ. ਸਟੂਡੈਂਟਸ ਯੂਨੀਅਨ ਨੇ ਵੀ ਸੰਬੋਧਨ ਕੀਤਾ।

ਪੰਜਾਬ ਦੇ ਪ੍ਰਸਿੱਧ ਨਾਟਕਕਾਰ ਅਜਮੇਰ ਸਿੰਘ ਔਲਖ, ਕਾਮਰੇਡ ਦਰਸਨ ਖਟਕੜ, ਕਾਮਰੇਡ ਨਰਭਿੰਦਰ, ਕਾਮਰੇਡ ਸੁਖਦਰਸ਼ਨ ਨੱਤ, ਬਲਵੰਤ ਮਖੂ, ਕੰਵਲਜੀਤ ਖੰਨਾ, ਕਾਮਰੇਡ ਗੁਰਮੀਤ ਸਿੰਘ ਨੇ ਗੁਰਸ਼ਰਨ ਸਿੰਘ ਨੂੰ ਪੰਜਾਬ ਦੀ ਇਨਕਲਾਬੀ ਲਹਿਰ ਦਾ ਮਸੀਹਾ ਕਰਾਰ ਦਿੱਤਾ। ਤਰਕਸ਼ੀਲ ਸੁਸਾਇਟੀ ਭਾਰਤ ਦੇ ਆਗੂ ਮੇਘ ਰਾਜ ਮਿੱਤਰ, ਮੇਘ ਰਾਜ ਰੱਲਾ ਅਤੇ ਗੁਰਮੇਲ ਮਾਛੀਕੇ ਨੇ ਵੀ ਇਸ ਮੌਕੇ ਹਾਜਰੀ ਲਵਾਈ।

ਸਮਾਗਮ ਦੇ ਅੰਤ ਵਿੱਚ "ਹਮ ਜੰਗੇ ਆਵਾਮੀ ਸੇ, ਕੋਹਰਾਮ ਮਚਾ ਦੇਗੇ" ਐਕਸਨ ਗੀਤ ਰਾਂਹੀ ਲੋਕ ਲਹਿਰ ਦਾ ਭੁਚਾਲ ਖੜਾ ਕਰ ਕੇ ਲੁੱਟ ਦਾ ਨਿਜ਼ਾਮ ਜੜ੍ਹੋਂ ਪੁੱਟਣ ਦਾ ਸੱਦਾ ਦਿੱਤਾ।